# ਕੌਮਾਂਤਰੀ ਅੰਮ੍ਰਿਤਸਰ ਟਾਈਮਜ਼

QUOMANTRY AMRITSAR TIMES

West/East Coast Edition | Volume 7 | Issue 34 | 22 August 2018 to 28 August 2018 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com




07

■ ਭਾਈਚਾਰਾ

ਬਲੈਕ-ਆਊਟ ਕਰ ਦਿੱਤੀ ਚੀਨੀ ਰਾਜਦੂਤ ਦੀ ਸ੍ਰੀ ਦਰਬਾਰ ਸਾਹਿਬ ਫੇਰੀ


10

■ ਖ਼ਬਰਸਾਰ

ਗੈਂਗਸਟਰਾਂ ਦਾ ਖ਼ੌਫ-ਪੰਜਾਬ ਲਈ ਵੱਡਾ ਖ਼ਤਰਾ


25

■ ਸਾਹਿਤ ਮਨੋਰੰਜਨ

ਬਾਲੀਵੁੱਡ ਅਦਾਕਾਰਾ ਦੀਪਿਕਾ ਤੇ ਰਣਵੀਰ ਦਾ ਵਿਆਹ ਤੈਅ


## ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਲੀਕ ਹੋਈ ਰਿਪੋਰਟ ਦਾ ਖੁਲਾਸਾ

# ਬਾਦਲਾਂ ਦੀ ਸਿਰਸੇਵਾਲੇ ਨੂੰ ਸ਼ਹਿ ਕਾਰਨ ਵਾਪਰਿਆ ਸੀ ਬੇਅਦਬੀ ਕਾਂਡ

**ਚੰਡੀਗੜ੍ਹ/ਬਿਊਰੋ ਨਿਊਜ਼ :** ਪੰਜਾਬ ਵਿਚ ਅਕਾਲੀ-ਭਾਜਪਾ ਰਾਜ ਦੌਰਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਪਾਵਨ ਬੀੜਾਂ ਦੀ ਬੇਅਦਬੀ ਸਮੇਤ ਹਿੰਦੂ ਧਾਰਮਿਕ ਗੰਥ ਭਗਵਤ ਗੀਤਾ ਤੇ ਮੁਸਲਿਮ ਧਰਮ ਗ੍ਰੰਥ ਕੁਰਾਨ ਮਜੀਦ ਦੀ ਬੇਅਦਬੀ ਕਰਨ ਦੀਆਂ ਘਟਨਾਵਾਂ ਦੀ ਜਾਂਚ ਬਾਰੇ ਮੌਜੂਦਾ ਪੰਜਾਬ ਸਰਕਾਰ ਵੱਲੋਂ ਇੱਕ ਮੈਂਬਰੀ ਜਸਟਿਸ ਰਣਜੀਤ ਸਿੰਘ ਕਮਿਸ਼ਨ ਗਠਿਤ ਕੀਤਾ ਗਿਆ ਸੀ। ਇਸ ਦੀ ਪੰਜਾਬ ਸਰਕਾਰ ਨੂੰ ਪੇਸ਼ ਕੀਤੀ ਰਿਪੋਰਟ ਹਾਲਾਂ ਵਿਧਾਨ ਸਭਾ ਦੇ ਟੇਬਲ ਉਤੇ ਪਹੁੰਚਣੀ ਹੈ ਕਿ ਇਸ ਦੀ ਪੀਡੀਐਫ ਕਾਪੀ ਇੰਟਰਨੈਟ ਉਤੇ ਲੀਕ ਹੋਣ ਤੋਂ ਬਾਅਦ ਵੱਡੇ ਖੁਲਾਸੇ ਹੋ ਰਹੇ ਹਨ। ਯਾਦ ਰਹੇ ਕਿ ਇਸ ਕਮਿਸ਼ਨ ਨੇ ਬੇਅਦਬੀ ਦੀਆਂ ਇਨ੍ਹਾਂ ਘਟਨਾਵਾਂ ਦੇ ਵਾਪਰਨ ਤੋਂ ਬਾਅਦ ਪੰਜਾਬ ਵਿਚ ਰੋਸ ਧਰਨਿਆਂ ਉਤੇ ਬੈਠੇ ਸ਼ਾਂਤਮਈ ਸਿੱਖਾਂ ਉਤੇ ਬਹਿਬਲ ਕਲਾਂ ਤੇ ਕੋਟਕਪੂਰਾ ਵਿਖੇ ਗੋਲੀਆਂ ਚਲਾਉਣ ਦੀਆਂ ਘਟਨਾਵਾਂ ਦੀ ਜਾਂਚ ਵੀ ਕੀਤੀ ਹੈ। ਵਿਧਾਨ ਸਭਾ 'ਚ ਪੇਸ਼ ਹੋਣ ਤੋਂ ਪਹਿਲਾਂ ਹੀ ਲੀਕ ਹੋਈ ਪੰਜਾਬ ਸਰਕਾਰ ਨੂੰ ਪੇਸ਼ ਕਮਿਸ਼ਨ ਦੀ 192 ਪੰਨਿਆਂ ਦੀ ਰਿਪੋਰਟ ਵਿੱਚ 150 ਤੋਂ ਵੱਧ ਵਾਰ ਡੇਰਾ ਸਿਰਸਾ ਦਾ



ਨਾਮ ਆਇਆ ਹੈ। ਕਮਿਸ਼ਨ ਦੀਆਂ ਡੇਰੇ ਬਾਰੇ ਕੁਝ ਖਾਸ ਟਿੱਪਣੀਆਂ ਸਪੱਸ਼ਟ ਇਸ਼ਾਰਾ ਕਰਦੀਆਂ ਹਨ ਕਿ ਉਸ ਵੇਲੇ ਦੀ ਸਰਕਾਰ ਦੇ ਮੁਖੀ ਪਰਕਾਸ਼ ਸਿੰਘ ਬਾਦਲ ਅਤੇ ਡੇਰਾ ਮੁਖੀ ਆਪਸ ਵਿਚ "ਘਿਓ-ਖਿਚੜੀ" ਬਣੇ ਹੋਏ ਸਨ। ਬਾਦਲਾਂ ਅਤੇ ਰਾਮ ਰਹੀਮ ਦੇ ਇਸ ਨਾਪਾਕ ਗੱਠਜੋੜ ਨੇ ਹੀ ਡੇਰਾ ਪ੍ਰੇਮੀਆਂ ਨੂੰ ਗੁਰੂਆਂ ਦੀ ਵਰੋਸਾਈ ਪੰਜਾਬ ਦੀ ਧਰਤੀ ਉਤੇ ਗੁਰੂ ਗ੍ਰੰਥ ਸਾਹਿਬ ਜੀ ਨੂੰ ਵੰਗਾਰਨ ਦਾ ਹੀਆ ਕਰਨ ਲਈ ਜ਼ਮੀਨ ਤਿਆਰ ਕੀਤੀ।


**ਬਾਕੀ ਸਫ਼ਾ 27 'ਤੇ**


### ਰਿਪੋਰਟ ਵਿਚ ਉਠਾਏ ਗਏ ਗੰਭੀਰ ਨੁਕਤੇ

- ਪਰਕਾਸ਼ ਸਿੰਘ ਬਾਦਲ ਅਤੇ ਡੇਰਾ ਮੁਖੀ ਸਨ ਆਪਸ ਵਿਚ "ਘਿਓ-ਖਿਚੜੀ"
- ਬਾਦਲ ਸਰਕਾਰ ਦੀਆਂ ਹਦਾਇਤਾਂ ਸਨ ਕਿ ਡੇਰਾ ਪ੍ਰੇਮੀਆਂ ਖਿਲਾਫ ਕੋਈ ਕਾਰਵਾਈ ਨਾ ਕੀਤੀ ਜਾਵੇ : ਐਸਐਸਪੀ ਮੋਗਾ
- ਵਾਰ-ਵਾਰ ਬੁਲਾਉਣ 'ਤੇ ਵੀ ਕਮਿਸ਼ਨ ਮੂਹਰੇ ਪੇਸ਼ ਨਾ ਹੋਏ ਦੋਵੇਂ ਬਾਦਲ
- ਗੋਲੀ ਕਾਂਡ ਵਾਲੇ ਦਿਨ ਬਾਦਲ ਦੇ ਮੁੱਖ ਸਕੱਤਰ ਗਗਨਦੀਪ ਬਰਾੜ ਨੇ ਡੀਸੀ ਫ਼ਰੀਦਕੋਟ ਨੂੰ ਤੜਕੇ 01:51 ਮਿੰਟ ਤੋਂ ਸ਼ੁਰੂ ਹੋ ਕੇ ਦਿਨ ਚੜ੍ਹਦੇ ਤੱਕ ਚਾਰ ਵਾਰ ਫੋਨ ਰਾਹੀਂ ਸੁਨੇਹੇ ਭੇਜੇ
- ਅਕਾਲੀ ਵਿਧਾਇਕ ਮਨਤਾਰ ਬਰਾੜ ਅਤੇ ਗਗਨਦੀਪ ਬਰਾੜ ਦੀ 14 ਅਕਤੂਬਰ ਨੂੰ ਤੜਕੇ 02:28 ਵਜੇ ਤੋਂ ਸ਼ਾਮ ਨੂੰ 03:11 ਵਜੇ ਤੱਕ ਫੋਨ ਰਾਹੀਂ ਚਾਰ ਵਾਰ ਹੋਈ ਗੱਲਬਾਤ

# ਅਕਾਲੀ ਆਗੂ ਮਨਜੀਤ ਜੀਕੇ ਦਾ ਅਮਰੀਕਾ 'ਚ ਤਿੱਖਾ ਵਿਰੋਧ

### *ਨਿਊਯਾਰਕ ਪੁਲਿਸ ਨੇ ਦਖ਼ਲ ਦੇ ਕੇ ਮਾਮਲਾ ਕੀਤਾ ਸ਼ਾਂਤ*



**ਨਿਊਯਾਰਕ/ਹੁਸਨ ਲੜੋਆ ਬੰਗਾ :**
96 ਗੁਰਦੁਆਰਾ ਪ੍ਰਬੰਧਕ ਕਮੇਟੀਆਂ ਦੇ ਸਮਰਥਨ ਨਾਲ ਬਣੀ ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ (ਯੂਐਸਏ) ਅਤੇ ਵਿਦੇਸ਼ਾਂ ਵਿਚ ਬੈਠੇ ਸਿੱਖਾਂ ਨੇ ਅਕਾਲੀ ਦਲ ਬਾਦਲ ਦੇ ਲੀਡਰਾਂ ਦਾ ਅਮਰੀਕਾ ਵਿਚ ਆਉਣ ਉਤੇ ਤਿੱਖਾ ਵਿਰੋਧ ਕਰਨ ਦਾ ਫ਼ੈਸਲਾ ਕੀਤਾ ਹੈ। ਪੰਜਾਬ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਬਰਗਾੜੀ ਕਾਂਡ ਵਿਚ ਸ਼ਹੀਦ ਕੀਤੇ ਗਏ ਸਿੰਘਾਂ ਦੇ ਪਿੱਛੇ ਅਕਾਲੀ ਦਲ ਬਾਦਲ ਖ਼ਾਸ ਕਰਕੇ ਪ੍ਰਕਾਸ਼ ਸਿੰਘ ਬਾਦਲ, ਸੁਖਬੀਰ ਸਿੰਘ ਬਾਦਲ ਅਤੇ ਉਨਾਂ ਦੀ ਪੁਲੀਸ ਦੇ ਅਧਿਕਾਰੀਆਂ ਦਾ ਨਾਂ ਆਉਣ ਕਰਕੇ ਤੇ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਆਈ ਰਿਪੋਰਟ ਨੇ ਬਲਦੀ ਉਤੇ ਹੋਰ ਤੇਲ ਪਾ ਦਿੱਤਾ ਹੈ। ਇਸੇ ਤਹਿਤ ਜਦੋਂ ਹੀ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀਕੇ. ਨਿਊਯਾਰਕ ਦੇ ਗੁਰਦੁਆਰਾ ਮੱਖਣ ਸ਼ਾਹ ਲੁਬਾਣਾ ਵਿਚ ਬੋਲਣ ਲਈ ਪੁੱਜੇ ਤਾਂ ਉਨਾਂ ਦਾ ਸਿੱਖ ਸੰਗਤਾਂ ਨੇ ਤਿੱਖਾ ਵਿਰੋਧ ਕੀਤਾ। ਉਨਾਂ ਦਾ ਵਿਰੋਧ ਏਨਾ ਵਿਆਪਕ ਹੋ ਗਿਆ ਕਿ ਇਸ ਸਮਾਗਮ ਦੇ ਪ੍ਰਬੰਧਕਾਂ ਨੂੰ ਨਿਊਯਾਰਕ ਦੀ ਪੁਲੀਸ ਬੁਲਾਉਣੀ ਪਈ। ਪੁਲੀਸ ਦੇ ਦਖ਼ਲ ਨਾਲ ਹੀ ਮਨਜੀਤ ਸਿੰਘ ਜੀਕੇ. ਕੁੱਝ ਸਮੇਂ ਲਈ ਸਟੇਜ ਤੋਂ ਬੋਲ ਸਕੇ। ਇਸ ਸਬੰਧੀ ਸਿੱਖ ਕੋਆਰਡੀਨੇਸ਼ਨ ਕਮੇਟੀ ਦੇ ਕੋਆਰਡੀਨੇਟਰ ਹਿੰਮਤ ਸਿੰਘ ਨੇ ਬਿਆਨ ਜਾਰੀ ਕਰਦਿਆਂ ਦੱਸਿਆ ਕਿ ਜਦੋਂ ਹੀ ਮਨਜੀਤ ਸਿੰਘ ਜੀਕੇ. ਦਾ ਇੱਥੇ ਆਉਣ ਬਾਰੇ ਪਤਾ ਲੱਗਾ ਤਾਂ ਸਿੱਖ ਸੰਗਤਾਂ ਨੇ ਉਸ ਦਾ ਵਿਰੋਧ ਕਰਨ ਕੀਤਾ। ਉਨਾਂ ਕਿਹਾ ਕਿ ਭਵਿੱਖ 'ਚ ਵੀ ਇੱਥੇ ਬਾਦਲ ਦਲ ਦਾ ਕੋਈ ਵੀ ਲੀਡਰ ਆਵੇਗਾ ਤਾਂ ਉਸ ਦਾ ਸਖ਼ਤ ਵਿਰੋਧ ਕੀਤਾ ਜਾਵੇਗਾ।

ਹਿੰਮਤ ਸਿੰਘ ਨੇ ਅੱਗੇ ਕਿਹਾ ਕਿ ਬਾਦਲਕਿਆਂ ਨੇ ਮੁੱਢ ਕਦੀਮੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਨਾਮ ਉਤੇ ਅਖੌਤੀ ਪੰਥਕ ਮੁਖੌਟਾ ਪਾ ਕੇ ਸਿੱਖ ਸੰਗਤਾਂ ਨੂੰ ਹਮੇਸ਼ਾ ਬੁੱਧੂ ਬਣਾਇਆ।


**ਬਾਕੀ ਸਫ਼ਾ 28 'ਤੇ**


# ਸਿੱਧੂ ਤੇ ਪਾਕਿ ਫੌਜ ਮੁਖੀ ਦੀ ਜੱਫੀ ਤੋਂ ਭੜਕਿਆ ਭਗਵਾਂ ਮੀਡੀਆ

## *ਬਜਰੰਗ ਦਲ ਵਲੋਂ ਸਿਰ ਵੱਢ ਕੇ ਲਿਆਉਣ ਦਾ ਫ਼ਤਵਾ*

**ਜਲੰਧਰ/ਬਿਊਰੋ ਨਿਊਜ਼ :** ਪੰਜਾਬ ਦੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਨਵਜੋਤ ਸਿੰਘ ਸਿੱਧੂ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਦੇ ਸੱਦੇ 'ਤੇ ਉਨ੍ਹਾਂ ਦੇ ਸਹੁੰ ਚੁੱਕ ਸਮਾਗਮ ਵਿਚ ਸ਼ਿਰਕਤ ਕਰਨ ਲਈ 17 ਅਗਸਤ ਨੂੰ ਪਾਕਿਸਤਾਨ ਗਏ ਸਨ। ਇਸ ਦੌਰਾਨ ਸਮਾਗਮ ਵਿੱਚ ਪਾਕਿ ਦੇ ਫੌਜ ਮੁਖੀ ਕਮਰ ਜਾਵੇਦ ਬਾਜਵਾ ਨੂੰ ਪੰਜਾਬ ਦੇ ਕੈਬਨਿਟ ਮੰਤਰੀ ਨਵਜੋਤ ਸਿੱਧੂ ਵੱਲੋਂ ਪਾਈ ਜੱਫ਼ੀ ਕਾਰਨ ਭਗਵੇਂਵਾਦੀ ਸਿਆਸਤਦਾਨ ਤੇ ਭਗਵਾਂ ਮੀਡੀਆ ਸਿੱਧੂ 'ਤੇ ਤਾਬੜ ਤੋੜ ਹਮਲੇ ਕਰ ਰਿਹਾ ਹੈ। ਪੰਜਾਬ ਦੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਸਿੱਧੂ ਥੋੜ੍ਹਾ ਜਿਹਾ 'ਮੈਂਟਲ' ਬੰਦਾ ਹੈ ਤੇ ਇਸ ਨੂੰ ਪਤਾ ਹੀ ਨਹੀਂ ਕਿ ਕਿਹੜਾ ਕੰਮ ਕਰਨਾ ਹੈ ਤੇ ਕਿਹੜਾ ਨਹੀਂ। ਸੁਖਬੀਰ ਦਾ ਕਹਿਣਾ ਹੈ ਕਿ ਸਿੱਧੂ ਵਲੋਂ ਪਾਕਿਸਤਾਨ ਦੇ ਫੌਜ ਮੁਖੀ ਜਨਰਲ ਕਮਰ ਜਾਵੇਦ ਬਾਜਵਾ ਨੂੰ ਜੱਫੀ ਪਾਉਣਾ ਸ਼ਰਮਨਾਕ ਗੱਲ ਹੈ। ਭਾਜਪਾ ਆਗੂ ਸਾਬਕਾ ਮੰਤਰੀ ਮਨੋਰੰਜਨ ਕਾਲੀਆ ਵੱਲੋਂ ਕਿਹਾ ਗਿਆ ਹੈ ਕਿ ਜੇ ਸਿੱਧੂ ਨੂੰ ਪਾਕਿਸਤਾਨ ਨਾਲ ਏਨਾ ਹੀ



ਪਿਆਰ ਹੈ ਤਾਂ ਉਹ ਆਪਣੇ ਕ੍ਰਿਕਟਰ ਦੋਸਤ ਇਮਰਾਨ ਖਾਨ ਦੇ ਮੰਤਰੀ ਮੰਡਲ ਵਿੱਚ ਹੀ ਸ਼ਾਮਲ ਹੋ ਜਾਣ। ਪੰਜਾਬ ਭਾਜਪਾ ਦੇ


**ਬਾਕੀ ਸਫ਼ਾ 28 'ਤੇ**


### ਅਮਰਿੰਦਰ ਤੇ ਆਰੂਸਾ ਬਾਰੇ ਚੁੱਪ ਕਿਉਂ ?

**ਲੁਧਿਆਣਾ/ਬਿਊਰੋ ਨਿਊਜ਼ :** ਜਿੱਥੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਨਵਜੋਤ ਸਿੰਘ ਸਿੱਧੂ ਵਲੋਂ ਪਾਕਿਸਤਾਨ ਦੇ ਫੌਜ ਮੁਖੀ ਨੂੰ ਜੱਫੀ ਪਾਉਣ ਦਾ ਹਰ ਪਾਸੇ ਵਿਰੋਧ ਹੋ ਰਿਹਾ ਹੈ, ਉੱਥੇ ਹੀ ਲੋਕ ਇਨਸਾਫ ਪਾਰਟੀ ਦੇ ਮੁਖੀ ਸਿਮਰਜੀਤ ਸਿੰਘ ਬੈਂਸ ਹਿੱਕ ਤਾਣ ਕੇ ਉਨ੍ਹਾਂ ਦੇ ਹੱਕ 'ਚ ਉਤਰ ਆਏ ਹਨ। ਉਨ੍ਹਾਂ ਕਿਹਾ ਕਿ ਜਿਹੜੇ ਲੋਕ ਸਿੱਧੂ ਦੇ ਪਾਕਿਸਤਾਨ ਜਾਣ ਬਾਰੇ ਇੰਨਾ ਰੌਲਾ ਪਾ ਰਹੇ ਹਨ, ਉਹ ਲੋਕ ਆਰੂਸਾ ਆਲਮ ਬਾਰੇ ਕਿਉਂ ਨਹੀਂ ਕੁਝ ਬੋਲਦੇ, ਜੋ ਕਿ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰੀ ਰਿਹਾਇਸ਼ 'ਚ ਕਈ ਮਹੀਨੇ ਰਹਿ ਕੇ ਜਾਂਦੀ ਹੈ।

ਸਿਮਰਜੀਤ ਬੈਂਸ ਨੇ ਕਿਹਾ ਕਿ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਪਾਕਿਸਤਾਨ ਗਏ ਤਾਂ ਭੇਡੂ ਲੈ ਕੇ ਆ ਗਏ, ਕੈਪਟਨ ਅਮਰਿੰਦਰ ਸਿੰਘ ਪਾਕਿਸਤਾਨ


**ਬਾਕੀ ਸਫ਼ਾ 28 'ਤੇ**


















ਉਡੀਕਾਂ ਖ਼ਤਮ
ਹੁਣ ਘਰ ਬੈਠੇ ਅਪਣੇ ਪਰਿਵਾਰ ਤੇ
ਦੋਸਤਾਂ ਮਿੱਤਰਾਂ ਨਾਲ ਵੇਖੋ ਅਪਣੀ
ਪਸੰਦੀਦਾ ਹਾਲੀਵੁੱਡ ਫਿਲਮ
No More Wait
You can watch your favorite
Historical Hollywood Movie
Now at Home
The Black
Prince
(ਸਿੱਖ ਰਾਜ ਦੇ ਆਖ਼ਰੀ ਮਹਾਰਾਜਾ ਦੀ ਦਿਲ ਟੁੰਭਵੀਂ
ਜੀਵਨ ਕਹਾਣੀ ਉੱਤੇ ਆਧਾਰਿਤ)
ਡਿਜੀਟਲ ਤੇ ਡੀਵੀਡੀ ਪ੍ਰਾਪਤ ਕਰਨ ਲਈ
Digital and DVD Available on
www.theblackprince.com
Digital platforms;
put logos of Amazon , iTunes, Google Play, Sony PSX, Microsoft Xbox, Fandango now
amazon
iTunes
Google play
PLAYSTATION Network
XBOX
FANDANGONOW

# ਫਰੀਮਾਂਟ ਵਿਚ ਭਾਰਤੀ ਅਜ਼ਾਦੀ ਪਰੇਡ ਵਿਰੁੱਧ ਖਾਲਿਸਤਾਨੀ ਜਥੇਬੰਦੀਆਂ ਵੱਲੋਂ ਰੋਹ ਭਰਿਆ ਮੁਜ਼ਾਹਰਾ









**ਫਰੀਮਾਂਟ/ਬਲਵਿੰਦਰਪਾਲ ਸਿੰਘ ਖਾਲਸਾ :**
ਪਿਛਲੇ ਸਾਲਾਂ ਦੀ ਤਰ੍ਹਾਂ ਇਸ ਵਾਰ ਵੀ 19 ਅਗਸਤ ਨੂੰ ਮੋਦੀ ਦੇ ਆਰਐਸਐਸ ਦੀ ਵਹਿਸ਼ੀ ਨਾਜ਼ੀ ਸੋਚ ਦੇ ਪਿਛਲੱਗ ਸਮਰਥਕਾਂ ਵੱਲੋਂ ਭਾਰਤੀ ਅਜ਼ਾਦੀ ਪਰੇਡ ਦਾ ਪ੍ਰਬੰਧ ਕੀਤਾ ਗਿਆ, ਜਿਸ ਦਾ ਕੈਲੀਫੋਰਨੀਆ ਦੀਆਂ ਸਮੂਹ ਖਾਲਿਸਤਾਨੀ ਜਥੇਬੰਦੀਆਂ ਤੇ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਵੱਲੋਂ ਸ਼ਾਂਤਮਈ ਲੋਕਤੰਤਰੀ ਢੰਗਾਂ ਨਾਲ ਜ਼ਬਰਦਸਤ ਵਿਰੋਧ ਕੀਤਾ ਗਿਆ। ਇਥੋਂ ਦੀਆਂ ਖਾਲਿਸਤਾਨੀ ਜਥੇਬੰਦੀਆਂ ਸਿੱਖ ਯੂਥ ਆਫ ਅਮਰੀਕਾ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ, ਕੈਲੀਫੋਰਨੀਆ ਗੱਤਕਾ ਦਲ, ਸਿੱਖ ਪੰਚਾਇਤ, ਗੁਰਦੁਆਰਾ ਸਾਹਿਬ ਫਰੀਮਾਂਟ ਦੀ ਪ੍ਰਬੰਧਕ ਕਮੇਟੀ, ਗੁਰਦੁਆਰਾ ਸਾਹਿਬ ਸਟਾਕਟਨ, ਸਿੱਖਸ ਫਾਰ ਜਸਟਿਸ, ਖਾਲਿਸਤਾਨ ਦੇ ਸ਼ਹੀਦ ਪਰਿਵਾਰ ਤੇ ਖਾਲਸਾ ਜਾਗਰਿਤੀ ਲਹਿਰ ਆਦਿ ਨੇ ਬਹੁਤ ਸਾਰੀਆਂ ਸਿੱਖ ਸੰਗਤਾਂ ਨਾਲ ਇਸ ਮੁਜ਼ਾਹਰੇ ਰੂਪੀ ਪ੍ਰਦਰਸ਼ਨ ਵਿਚ ਹਿੱਸਾ ਲੈਂਦਿਆਂ ਕਾਲੇ ਤੇ ਖਾਲਿਸਤਾਨੀ ਝੰਡਿਆਂ ਨਾਲ ਅਖੌਤੀ ਆਜ਼ਾਦੀ-ਪਰੇਡ ਨੂੰ ਫਿੱਕਿਆਂ ਕਰ ਦਿੱਤਾ। ਪੂਰਾ ਇਲਾਕਾ ਖਾਲਿਸਤਾਨ ਜ਼ਿੰਦਾਬਾਦ ਦੇ ਨਾਹਰਿਆਂ ਤੇ ਜੈਕਾਰਿਆਂ ਨਾਲ ਗੂੰਜ ਉਠਿਆ। ਅਕਾਲੀ ਦਲ ਮਾਨ ਦੇ ਅਮਰੀਕੀ ਆਗੂ ਭਾਰੀ ਰੇਸ਼ਮ ਸਿੰਘ ਬੇਕਰਜ਼ਫੀਲਡ ਤੋਂ 500 ਮੀਲ ਦਾ ਸਫਰ ਕਰਕੇ ਆਪਣੇ ਸਾਥੀਆਂ ਨਾਲ ਇਸ ਮੁਜ਼ਾਹਰੇ ਵਿਚ ਪਹੁੰਚੇ।

ਇਸ ਤੋਂ ਇਲਾਵਾ ਟਰਲਕ, ਮੋਡੈਸਟੋ, ਸੀਰੀਜ਼, ਲੋਡਾਈ ਸਟਾਕਟਰ, ਟਰੇਸੀ, ਮਨਟੀਕਾ, ਯੂਬਾ ਸਿਟੀ, ਸੈਕਰਾਮੈਂਟੋ, ਲੈਥਰੋਪ, ਸੈਨ ਹੋਜ਼ੇ, ਸਾਊਥ ਸੈਨ ਫਰਾਂਸਿਸਕੋ ਤੇ ਹੋਰ ਬੇਅ ਏਰੀਏ ਦੇ ਸ਼ਹਿਰਾਂ ਵਿਚੋਂ ਸਿੱਖ ਸੰਗਤਾਂ ਪਹੁੰਚੀਆਂ।

ਗੌਰਤਲਬ ਹੈ ਕਿ ਖਾਲਿਸਤਾਨ ਪੱਖੀ ਸਿੱਖ ਜਥੇਬੰਦੀਆਂ ਅਤੇ ਸਿੱਖ ਸੰਗਤਾਂ ਵੱਲੋਂ ਸੰਨ 1947 ਦੀ ਅਜ਼ਾਦੀ ਤੇ ਉਸ ਦੇ ਨਾਮ 'ਤੇ ਕੀਤੀ ਜਾਣ ਵਾਲੀ ਪਰੇਡ ਦਾ ਪਿਛਲੇ ਤਿੰਨ ਦਹਾਕਿਆਂ ਤੋਂ ਹੀ ਵਿਰੋਧ ਜਾਰੀ ਹੈ, ਕਿਉਂਕਿ ਅਜ਼ਾਦੀ ਮਿਲਣ ਵੇਲੇ ਸਿੱਖ ਕੌਮ ਨਾਲ ਦੇਸ਼ ਦੇ ਆਗੂਆਂ ਨੇ ਸਿੱਖ ਕੌਮ ਨਾਲ ਇਹ ਵਾਅਦਾ ਕੀਤਾ ਸੀ ਕਿ ਸਿੱਖਾਂ ਨੂੰ ਉਤਰੀ ਭਾਰਤ ਦੇ ਪੰਜਾਬ ਵਿਚ ਵਧੇਰੇ ਅਧਿਕਾਰ ਦਿੱਤੇ ਜਾਣਗੇ ਜਿਥੇ ਉਹ ਅਜ਼ਾਦੀ ਦਾ ਨਿੱਘ ਮਾਣ ਸਕਣ ਪਰ ਅਜ਼ਾਦੀ ਮਿਲਣ ਤੋਂ ਬਾਅਦ ਝੂਠਾ ਪ੍ਰਧਾਨ ਮੰਤਰੀ ਨਹਿਰੂ ਸਾਫ ਮੁੱਕਰ ਗਿਆ। ਇਸ ਤੋਂ ਬਾਅਦ ਹਰ ਦਿਨ ਸਿੱਖ ਕੌਮ ਨੂੰ ਗੁਲਾਮੀ ਦਾ ਅਹਿਸਾਸ ਕਰਵਾਇਆ ਜਾਣ ਲੱਗਾ। ਸੰਨ 1955 ਤੇ ਸੰਨ 1984 ਵਿਚ ਦਰਬਾਰ ਸਾਹਿਬ ਉਤੇ ਹਮਲਾ ਕਰਕੇ ਹਜ਼ਾਰਾਂ ਨਿਰਦੋਸ਼ ਸਿੱਖਾਂ ਦਾ ਕਤਲੇਆਮ ਕੀਤਾ ਤੇ ਸ੍ਰੀ ਅਕਾਲ ਤਖਤ ਸਾਹਿਬ ਨੂੰ ਟੈਂਕਾਂ ਤੋਪਾਂ ਨਾਲ ਢਾਹਿਆ ਗਿਆ। ਦਿੱਲੀ ਤੇ ਭਾਰਤ ਦੇ ਹੋਰ ਸ਼ਹਿਰਾਂ ਵਿਚ 50 ਹਜ਼ਾਰ ਸਿੱਖਾਂ ਦੀ ਨਸਲਕੁਸ਼ੀ ਕੀਤੀ ਗਈ। ਪੰਜਾਬ ਦਾ ਅਰਬਾਂ ਰੁਪਿਆਂ ਦਾ ਪਾਣੀ ਮੁਫਤ ਲੁੱਟਿਆ ਅਤੇ ਪੰਜਾਬੀ ਸੂਬੇ ਦੇ ਨਾਮ ਉਤੇ ਪੰਜਾਬ ਦਾ ਇਲਾਕਾ ਛਾਂਗ ਦਿੱਤਾ ਗਿਆ। ਝੂਠੇ ਪੁਲੀਸ ਮੁਕਾਬਲਿਆਂ ਵਿਚ ਡੇਢ ਲੱਖ ਸਿੱਖਾਂ ਦਾ ਖੁਰਾ-ਖੋਜ ਮਿਟਾ ਦਿੱਤਾ ਗਿਆ, ਜਿਸ ਕਰਕੇ 29 ਅਪਰੈਲ 1986 ਨੂੰ ਸ੍ਰੀ ਅਕਾਲ ਤਖਤ ਸਾਹਿਬ ਤੋਂ ਖਾਲਿਸਤਾਨ ਦਾ ਐਲਾਨ ਕਰ ਦਿੱਤਾ ਗਿਆ। ਉਸ ਤੋਂ ਬਾਅਦ ਵੀ ਭਾਰਤ ਸਰਕਾਰ ਵਲੋਂ ਸਿੱਖ ਕੌਮ ਨੂੰ ਦਬਾਉਣ ਲਈ ਪਹਿਲਾਂ ਸਿੱਧੇ ਤੌਰ 'ਤੇ ਮਾਰ ਕੇ ਅਤੇ ਹੁਣ ਨਸ਼ਿਆਂ ਰਾਹੀਂ ਸਿੱਖ ਨੌਜਵਾਨਾਂ ਦੀ ਨਸਲਕੁਸ਼ੀ ਕੀਤੀ ਜਾ ਰਹੀ ਹੈ। ਇਸ ਕਰਕੇ ਸਿੱਖ ਭਾਰਤ ਵਿਚ ਆਪਣੇ ਆਪ ਨੂੰ ਗੁਲਾਮ ਸਮਝਣ ਲਈ ਮਜਬੂਰ ਕਰ ਦਿੱਤੇ ਗਏ ਹਨ ਤੇ ਉਹ ਆਜ਼ਾਦੀ ਦੀ ਮੰਗ ਵੱਡੇ ਪੱਧਰ ਉਤੇ ਕਰ ਰਹੇ ਹਨ। ਵਿਦੇਸ਼ਾਂ ਦੇ ਸਿੱਖ ਆਜ਼ਾਦ ਮੁਲਕਾਂ ਵਿਚ ਰਹਿੰਦੇ ਹਨ, ਜਿਥੇ ਪੂਰੀ ਤਰ੍ਹਾਂ ਅਜ਼ਾਦੀ ਹੈ ਤੇ ਉਹ ਇਸ ਅਜ਼ਾਦੀ ਦਾ ਨਿੱਘ ਮਾਣਦਿਆਂ ਭਾਰਤ ਦੀ ਧੋਖੇਬਾਜ਼ ਅਜ਼ਾਦੀ ਦੇ ਜਸ਼ਨਾਂ ਦਾ ਪੂਰੀ ਤਰ੍ਹਾਂ ਬਾਈਕਾਟ ਕਰਦੇ ਹਨ। ਇਸ ਵਾਰ ਦੇ ਰੋਸ-ਪ੍ਰਦਰਸ਼ਨ ਵਿਚ ਕਾਲਜਾਂ ਯੂਨੀਵਰਸਿਟੀਆਂ ਵਿਚ ਪੜ੍ਹ ਰਹੇ ਨੌਜਵਾਨਾਂ ਦੀ ਹਾਜ਼ਰੀ ਕਾਬਲੇ-ਤਰੀਫ ਸੀ। ਚਾਹ ਪਾਣੀ ਦਾ ਪ੍ਰਬੰਧ ਹਮੇਸ਼ਾਂ ਦੀ ਤਰ੍ਹਾਂ ਗੁਰਦੁਆਰਾ ਸਾਹਿਬ ਫਰੀਮਾਂਟ ਵੱਲੋਂ ਕੀਤਾ ਗਿਆ।




## ਸਮਾਜ ਸੇਵੀ ਬਾਪੂ ਭਾਗ ਸਿੰਘ ਖੇਲਾ ਦੀ ਬਰਸੀ ਮਨਾਈ



ਭਾਗ ਸਿੰਘ ਖੇਲਾ ਦੀ ਪਹਿਲੀ ਬਰਸੀ ਮੌਕੇ ਉਨ੍ਹਾਂ ਦੀ ਪਤਨੀ ਨਛੱਤਰ ਕੌਰ ਨੂੰ ਪ੍ਰਬੰਧਕੀ ਕਮੇਟੀ ਦੇ ਰਾਜਬੀਰ ਸਿੰਘ ਸੰਧੂ ਤੇ ਹੋਰ ਸਨਮਾਨਤ ਕਰਦੇ ਹੋਏ।

**ਸਿਆਟਲ/ਗੁਰਚਰਨ ਸਿੰਘ ਢਿੱਲੋਂ**

ਗੁਰਦੁਆਰਾ ਸੱਚਾ ਮਾਰਗ ਦੇ ਬਾਨੀ ਅਤੇ ਸਿਆਟਲ ਦੇ ਬਾਬਾ ਬੋਹੜ ਸਮਾਜ ਸੇਵੀ ਬਾਪੂ ਭਾਗ ਸਿੰਘ ਖੇਲਾ ਦੀ ਪਹਿਲੀ ਬਰਸੀ ਪਰਿਵਾਰਕ ਮੈਂਬਰਾਂ, ਚਹੇਤਿਆਂ ਅਤੇ ਸਿੱਖ ਸੰਗਤ ਨੇ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਈ। ਹਾਜ਼ਰੀਨ ਵੱਲੋਂ ਭਾਗ ਸਿੰਘ ਖੇਲਾ ਦੀਆਂ ਮਿੱਠੀਆਂ ਯਾਦਾਂ ਨੂੰ ਤਾਜ਼ਾ ਕੀਤਾ ਗਿਆ।

ਇਸ ਮੌਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦੇ ਭੋਗ ਪੈਣ ਉਪਰੰਤ ਗੁਰੂਘਰ ਦੇ ਕੀਰਤਨੀ ਜਥੇ ਭਾਈ ਕੁਲਵਿੰਦਰ ਸਿੰਘ ਨੇ ਰਸਭਿੰਨਾ ਕੀਰਤਨ ਕੀਤਾ ਅਤੇ ਭਾਰਤ ਤੋਂ ਪਹੁੰਚੇ ਕਥਾਵਾਚਕ ਭਾਈ ਇਕਬਾਲ ਸਿੰਘ ਰਾਜਪੁਰਾ ਨੇ ਬਾਪੂ ਭਾਗ ਸਿੰਘ ਖੇਲਾ ਦੇ ਸਮੁੱਚੇ ਜੀਵਨ 'ਤੇ ਝਾਤ ਪਾਈ। ਸਟੇਜ ਦਾ ਸੰਚਾਲਨ ਕਰਦਿਆਂ ਹਰਸ਼ਿੰਦਰ ਸਿੰਘ ਸੰਧੂ ਨੇ ਦੱਸਿਆ ਕਿ ਬਾਪੂ ਭਾਗ ਸਿੰਘ ਖੇਲਾ ਭਾਈਚਾਰੇ ਦੇ ਸਾਂਝੇ ਕੰਮਾਂ ਤੇ ਸਮਾਜ ਸੇਵੀ ਕਾਰਜਾਂ ਲਈ ਹਮੇਸ਼ਾ ਤਤਪਰ ਰਹਿੰਦੇ ਸਨ। ਜਲੰਧਰ ਦੇ ਪਿੰਡ ਖੇਲਾ ਵਿਚ ਜਨਮੇ ਭਾਗ ਸਿੰਘ ਖੇਲਾ (90 ਸਾਲ) ਨੇ ਨੂਰਮਹਿਲ, ਲੁਧਿਆਣਾ ਤੇ ਜਲੰਧਰ ਤੋਂ ਮੁਢਲੀ ਵਿਦਿਆ ਪ੍ਰਾਪਤ ਕਰਕੇ ਆਪਣੇ ਪਿਤਾ ਕੇਹਰ ਸਿੰਘ ਕੋਲ ਇੰਗਲੈਂਡ ਆ ਕੇ ਉਚੇਰੀ ਵਿਦਿਆ ਹਾਸਲ ਕੀਤੀ। ਉਨ੍ਹਾਂ ਸੰਨ 1947 ਵਿਚ ਕੈਲੀਫੋਰਨੀਆ ਦੇ ਸੈਨ ਲੁਈਸ ਤੋਂ ਇੰਜੀਨੀਅਰ ਦੀ ਡਿਗਰੀ ਪਾਸ ਕਰਕੇ ਪਹਿਲੀ ਵਾਰ ਸੰਨ 1960 ਵਿਚ ਮੌਂਟਰੀਅਲ ਵਿਚ ਬਤੌਰ ਇੰਜੀਨੀਅਰ ਨੌਕਰੀ ਸ਼ੁਰੂ ਕੀਤੀ। ਉਹਨਾਂ ਸੰਨ 1966 ਵਿਚ ਬੋਇੰਗ ਵਿਚ ਨੌਕਰੀ ਕੀਤੀ ਅਤੇ ਸੰਨ 1966 ਤੋਂ ਅਖੀਰ ਤੱਕ ਸਿਆਟਲ ਵਿਚ ਰਹੇ। ਇੱਥੇ ਉਹਨਾਂ ਅਨੇਕਾਂ ਸਮਾਜ ਸੇਵੀ ਤੇ ਸਾਂਝੇ ਕੰਮ ਕੀਤੇ। ਸੰਨ 1983-84 ਵਿਚ ਬਿਊਰੀਅਨ ਅਤੇ ਫਿਰ ਗੁਰਦੁਆਰਾ ਸਿੰਘ ਸਭਾ ਰੈਨਟਨ ਬਣਾਉਣ ਤੋਂ ਬਾਅਦ ਗੁਰਦੁਆਰਾ ਸੱਚਾ ਮਾਰਗ ਦੇ ਬਾਨੀ ਬਣੇ। ਬਾਪੂ ਭਾਗ ਸਿੰਘ ਖੇਲਾ ਨੇ 300 ਤੋਂ 400 ਪਰਿਵਾਰਕ ਮੈਂਬਰ ਅਮਰੀਕਾ ਲਿਆ ਕੇ ਵਸਾਏ। ਹਰਿਆ ਭਰਿਆ ਪਰਿਵਾਰ ਅਤੇ ਸਮਾਜ ਦੇ ਸਾਥੀ ਲੋਕਾਂ ਨੂੰ ਅਲਵਿਦਾ ਕਹਿ ਕੇ ਉਹ 26 ਸਤੰਬਰ, 2017 ਨੂੰ ਸਦਾ ਲਈ ਵਿਛੜ ਗਏ।

## ਜਾਰਜੀਆ ਦੇ ਆਈਸੀਸੀ. ਡਿਟੈਸ਼ਨ ਸੈਂਟਰ ਵਿਚ ਭੁੱਖ ਹੜਤਾਲ 'ਤੇ ਗਏ ਸਿੱਖ ਸ਼ਰਣਾਰਥੀਆਂ ਉਤੇ ਤਸ਼ੱਦਦ

**ਜਾਰਜੀਆ/ਹੁਸਨ ਲੜੋਆ ਬੰਗਾ :**

ਕੁਝ ਸ਼ਰਨ ਮੰਗਣ ਵਾਲੇ ਸਿੱਖ, ਜੋ ਜਾਰਜੀਆ ਆਈਸੀਈ ਪ੍ਰੋਸੈਸਿੰਗ ਕੇਂਦਰ ਫੈਲਕਨ ਵਿਖੇ ਭੁੱਖ ਹੜਤਾਲ 'ਤੇ ਬੈਠ ਗਏ ਸਨ, ਨੂੰ ਆਈਸੀਈ ਅਫ਼ਸਰਾਂ ਵਲੋਂ ਕਥਿਤ ਤੌਰ 'ਤੇ ਤੰਗ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਇਸ ਬਾਰੇ ਪਾਕਿਸਤਾਨੀ-ਅਮਰੀਕਨ ਅਡਵਾਂਸਿੰਗ ਜਸਟਿਸ ਅਟਲਾਂਟਾ ਵਿਖੇ ਕਾਨੂੰਨੀ ਸੇਵਾਵਾਂ ਦੇ ਨਿਰਦੇਸ਼ਕ ਜਾਵਰੀਆ ਜਾਮਲ ਨੇ ਕਿਹਾ ਕਿ ਸਿੱਖ ਸ਼ਰਣਾਰਥੀ, ਜਿਨ੍ਹਾਂ ਨੂੰ ਜੁਲਾਈ ਦੇ ਅੱਧ ਵਿਚ ਆਪਣੀ ਹੜਤਾਲ ਛੱਡਣ ਲਈ ਮਜਬੂਰ ਕੀਤਾ ਗਿਆ ਸੀ, ਨੂੰ ਇਕੱਲੇ-ਇਕੱਲੇ ਠੰਡੇ ਤਾਪਮਾਨ ਵਿਚ ਕੈਦ ਰੱਖਿਆ ਗਿਆ ਸੀ। ਜਮੀਲ ਨੇ ਕਿਹਾ ਕਿ ਸਿੱਖ ਕੈਦੀਆਂ ਨੂੰ ਠੰਢੇ ਤਾਪਮਾਨ ਦੇ ਅਸਰ ਦਾ ਸਾਹਮਣਾ ਕਰਨ ਲਈ ਗਰਮ ਕੱਪੜੇ ਵੀ ਨਹੀਂ ਮਿਲੇ। ਉਨ੍ਹਾਂ ਦੋਸ਼ ਲਗਾਇਆ ਕਿ 'ਆਈਸੀਈ ਅਫ਼ਸਰਾਂ ਵੱਲੋਂ ਉਨ੍ਹਾਂ ਨੂੰ ਤੰਗ ਕੀਤਾ ਜਾ ਰਿਹਾ ਹੈ। ਫੈਲਕਨ ਹਿਰਾਸਤ ਕੇਂਦਰ ਦੇ ਅਧਿਕਾਰੀਆਂ ਨੇ ਕਿਸੇ ਵੀ ਗੱਲ ਦਾ ਜਵਾਬ ਨਹੀਂ ਦਿੱਤਾ ਹੈ।

ਜਮੀਲ ਨੇ ਕਿਹਾ ਕਿ ਦਸੰਬਰ 2017 ਤੋਂ ਭੁੱਖ ਹੜਤਾਲ 'ਤੇ ਜਾਣ ਵਾਲੇ ਜ਼ਿਆਦਾਤਰ ਲੋਕ ਆਈਸੀਈ ਦੀ ਹਿਰਾਸਤ ਵਿਚ ਹਨ। 20 ਤੋਂ 30 ਸਾਲਾਂ ਦੀ ਉਮਰ ਦੇ ਵਿਅਕਤੀ ਜੋ ਜ਼ਿਆਦਾਤਰ ਮਰਦ ਹਨ, ਭਾਰਤ ਵਿਚ ਪਰਿਵਾਰ ਛੱਡ ਕੇ ਇੱਥੇ ਆਏ ਹਨ। ਕਈ ਤਾਂ ਅਮਰੀਕਾ ਦੀ ਸਰਹੱਦ 'ਤੇ ਪਹੁੰਚਣ ਲਈ ਪੈਦਲ ਮੈਕਸੀਕੋ ਦੀ ਲੰਮੀ ਯਾਤਰਾ ਕਰਕੇ ਇੱਥੇ ਅੱਪੜੇ। ਅੱਠ ਮਹੀਨਿਆਂ ਵਿਚ ਬੰਧਕ ਬਣਾਏ ਗਏ ਕਿਸੇ ਵੀ ਵਿਅਕਤੀ ਦੀ ਸੁਣਵਾਈ ਨਹੀਂ ਹੋਈ ਤੇ ਨਾ ਹੀ ਬਾਂਡ ਭਰਵਾਉਣ ਲਈ ਕਿਹਾ ਗਿਆ। ਉਨ੍ਹਾਂ ਦੇ ਪਨਾਹ ਦੇ ਕੇਸ ਨਹੀਂ ਸੁਣੇ



ਹੀ ਨਹੀਂ ਗਏ। ਜਮੀਲ ਨੇ ਕਿਹਾ ਕਿ ਉਹ ਅੱਠ ਮਹੀਨਿਆਂ ਤੋਂ ਨਜ਼ਰਬੰਦੀ ਵਿਚ ਬੈਠੇ ਹਨ ਅਤੇ ਬਹੁਤ ਹੀ ਨਿਰਾਸ਼ਾ ਅਤੇ ਬੇਯਕੀਨੀ ਮਹਿਸੂਸ ਕਰਦੇ ਹਨ। ਭੁੱਖ ਹੜਤਾਲ ਨੂੰ ਤੋੜਨ ਲਈ 30 ਤੋਂ 50 ਸਿੱਖ ਸ਼ਰਨ ਮੰਗਣ ਵਾਲਿਆਂ ਨੂੰ ਜਾਰਜੀਆ ਦੇ ਵੱਖ ਵੱਖ ਆਈਸੀਆਈ ਦੇ ਨਜ਼ਰਬੰਦ ਕੇਂਦਰਾਂ ਵਿਚ ਭੇਜਿਆ ਗਿਆ ਹੈ। ਭਾਰਤੀ ਮੂਲ ਦੇ ਅਮਰੀਕੀ ਅਟਾਰਨੀ ਦੀਪ ਆਹਲੂਵਾਲੀਆ ਜੋ ਅਸਾਇਲਮ ਕੇਸਾਂ ਬਾਰੇ ਵਿਆਪਕ ਤੌਰ 'ਤੇ ਕੰਮ ਕਰਦੇ ਹਨ ਅਤੇ ਸਿੱਖ ਕੋਲੀਸ਼ਨ ਦੇ ਸਲਾਹਕਾਰ ਬੋਰਡ 'ਤੇ ਕੰਮ ਕਰਦੇ ਹਨ, ਨੇ ਕਿਹਾ ਕਿ ਬਾਂਡ ਦੀਆਂ ਸੁਣਵਾਈਆਂ ਕਰਨਾ ਬਹੁਤ ਮੁਸ਼ਕਲ ਹੁੰਦਾ ਜਾ ਰਿਹਾ ਹੈ। ਇਸ ਤੋਂ ਇਲਾਵਾ ਬਾਂਡ ਰਿਲੀਜ਼ ਕਰਨ ਵਿਚ ਜ਼ਿਆਦਾਤਰ ਬੇਨਤੀਆਂ ਤੋਂ ਇਨਕਾਰ ਕੀਤਾ ਜਾ ਰਿਹਾ ਹੈ। ਆਹਲੂਵਾਲੀਆ ਨੇ ਕਿਹਾ ਕਿ ਹੁਣ ਬਾਂਡ 'ਤੇ ਰਿਹਾਅ ਹੋਣਾ ਬਹੁਤ ਮੁਸ਼ਕਿਲ ਹੈ। ਜਮਾਲ ਨੇ ਕਿਹਾ ਕਿ ਪਨਾਹ ਲਈ ਐਟਲਾਂਟਾ ਦੀ ਗ੍ਰਾਂਟ ਦਰ ਸਿਰਫ ਦੋ ਫੀਸਦੀ ਹੈ। ਜਿਹੜੇ ਸ਼ਰਨ ਤੋਂ ਇਨਕਾਰ ਕਰਦੇ ਹਨ, ਉਨ੍ਹਾਂ ਨੂੰ ਨਜ਼ਰਬੰਦ ਰੱਖਿਆ ਜਾਂਦਾ ਹੈ ਜਦੋਂ ਤੱਕ ਕਿ ਭਾਰਤ ਸਰਕਾਰ ਤੋਂ ਯਾਤਰਾ ਦਸਤਾਵੇਜ ਪ੍ਰਾਪਤ ਨਹੀਂ ਹੁੰਦੇ। ਇਹ ਇਕ ਅਜਿਹੀ ਪ੍ਰਕਿਰਿਆ ਹੈ, ਜਿਸ ਵਿਚ ਕਈ ਮਹੀਨੇ ਲੱਗ ਜਾਂਦੇ ਹਨ। ਸਿੱਖ ਕਮਿਊਨਿਟੀ ਲੀਡਰ ਇੰਦਰਪ੍ਰੀਤ ਸਿੰਘ ਨੇ ਜਾਰੀ ਇਕ ਬਿਆਨ ਵਿਚ ਕਿਹਾ ਕਿ ਜਾਰਜੀਆ ਦਾ ਸਿੱਖ ਭਾਈਚਾਰਾ ਬਹੁਤ ਚਿੰਤਤ ਹੈ ਅਤੇ ਮੌਜੂਦਾ ਹਾਲਾਤ ਦੀ ਜਾਂਚ ਕਰਨ ਦੀ ਪ੍ਰਕਿਰਿਆ ਨੂੰ ਯਕੀਨੀ ਬਣਾਉਣ ਲਈ ਜਾਨਣਾ ਜ਼ਰੂਰੀ ਹੋਵੇਗਾ ਕਿ ਹਰੇਕ ਕੈਦੀ ਨੂੰ ਕਾਨੂੰਨ ਦੇ ਤਹਿਤ ਨਿਰਪੱਖ ਅਤੇ ਬਰਾਬਰ ਦਾ ਇਲਾਜ ਮਿਲ ਰਿਹਾ ਹੈ ਜਾਂ ਨਹੀਂ। ਜਾਰਜੀਆ ਦੇ ਸਾਊਥ ਏਸ਼ੀਅਨ ਬਾਰ ਐਸੋਸੀਏਸ਼ਨ ਦੇ ਇਕ ਮੈਂਬਰ ਵਕਾਰ ਖਵਾਜਾ ਨੇ ਕਿਹਾ ਕਿ 'ਆਈਸੀਈ ਨੇ ਆਪਣੇ ਕੇਸਾਂ ਦੀ ਸਹਾਇਤਾ ਲਈ ਅਟਾਰਨੀ ਹਾਸਲ ਕਰਨ ਦੇ ਹੱਕ ਤੇ ਬਾਂਡ ਭਰਨ ਲਈ ਵਿਅਕਤੀਆਂ ਨੂੰ ਇਨਕਾਰ ਕਰ ਦਿੱਤਾ ਹੈ।




### ਸ਼ਹੀਦ ਭਾਈ ਰਵਿੰਦਰ ਸਿੰਘ ਜੀ ਦੇ ਪਿਤਾ ਸ. ਬਲਦੇਵ ਸਿੰਘ ਨਾਲ ਵਿਸ਼ੇਸ਼ ਗੱਲਬਾਤ

# ਜਸਟਿਸ ਰਣਜੀਤ ਸਿੰਘ ਕਮਿਸ਼ਨ ਰਿਪੋਰਟ ਦੇ ਨਾਲ ਹੀ ਪੰਜਾਬ ਵਿਧਾਨ ਸਭਾ ’ਚ ਸਾਕਾ ਨਕੋਦਰ ਦੀ ਰਿਪੋਰਟ ਪੇਸ਼ ਕਰਨ ਦੀ ਵੀ ਮੰਗ

**ਰਿਪੋਰਟ : ਹੁਸਨ ਲੜੋਆ ਬੰਗਾ**

ਸਾਕਾ ਨਕੋਦਰ ਦੀ ਜਾਂਚ ਦੀ ਜਸਟਿਸ ਗੁਰਨਾਮ ਸਿੰਘ ਕਮਿਸ਼ਨ ਨੇ ਜੋ ਰਿਪੋਰਟ ਪੰਜਾਬ ਸਰਕਾਰ ਨੂੰ 29 ਮਾਰਚ 1987 ਦੀ ਸੌਂਪੀ ਹੋਈ ਹੈ, ਨੂੰ ਕੈਪਟਨ ਅਮਰਿੰਦਰ ਦੀ ਸਰਕਾਰ ਆ ਰਹੇ ਵਿਧਾਨ ਸਭਾ ਸੈਸ਼ਨ ਵਿਚ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਬੇਅਦਬੀ ਕਾਂਡ ਦੀ ਰਿਪੋਰਟ ਦੇ ਨਾਲ ਹੀ ਪੇਸ਼ ਕਰੇ। ਇਹ ਮੰਗ ਨਕੋਦਰ ਸਾਕੇ ਵਿਚ ਸ਼ਹੀਦ ਭਾਈ ਰਵਿੰਦਰ ਸਿੰਘ ਜੀ ਦੇ ਪਿਤਾ ਸ. ਬਲਦੇਵ ਸਿੰਘ ਨੇ ਵਿਸ਼ੇਸ਼ ਗੱਲਬਾਤ ਦੌਰਾਨ ਕੀਤੀ। ਉਨ੍ਹਾਂ ਕਿਹਾ ਕਿ ਸਿਤਮ ਤਾਂ ਇਸ ਗੱਲ ਦਾ ਹੈ ਕਿ ਜੱਜ ਗੁਰਨਾਮ ਸਿੰਘ ਕਮਿਸ਼ਨ ਨੇ ਉਸ ਸਮੇਂ ਉਨ੍ਹਾਂ ਦੇ ਬਿਆਨ ਵੀ ਨਹੀਂ ਲਏ ਸਨ ਅਤੇ ਸਿੱਖ ਸਟੂਡੈਂਟਸ ਫੈਡਰੇਸ਼ਨ ਨੇ ਇਸ ਜਾਂਚ ਦਾ ਬਾਈਕਾਟ ਕਰ ਦਿੱਤਾ ਸੀ।

ਸਾਕਾ ਨਕੋਦਰ ਬਾਰੇ ਜਾਣਕਾਰੀ ਦਿੰਦਿਆਂ ਸ. ਬਲਦੇਵ ਸਿੰਘ ਨੇ ਦੱਸਿਆ ਕਿ 4 ਫਰਵਰੀ 1986 ਨੂੰ ਸਿੱਖ ਸੰਗਤ ਅਤੇ ਫੈਡਰੇਸ਼ਨ ਦੇ ਮੈਂਬਰ ਨਕੋਦਰ ਸ਼ਹਿਰ ਵਿੱਚ ਇਕੱਤਰ ਹੋਏ ਸਨ। ਇਸ ਇਕੱਤਰਤਾ ਦਾ ਮਕਸਦ ਸ਼੍ਰੀ ਗੁਰੂ ਗਰੰਥ ਸਾਹਿਬ ਜੀ ਦੇ ਅੰਗਾਂ ਦੀ ਹੋਈ ਬੇਅਦਬੀ ਬਾਰੇ ਵਿਚਾਰ ਕਰਕੇ ਅਗਲਾ ਪ੍ਰੋਗਰਾਮ ਉਲੀਕਣ ਬਾਰੇ ਸੀ। 2 ਫਰਵਰੀ 1986 ਨੂੰ ਸਿੱਖ ਵਿਰੋਧੀ ਅਨਸਰਾਂ ਨੇ ਗੁਰਦਵਾਰਾ ਸ਼੍ਰੀ ਗੁਰੂ ਅਰਜਨ ਦੇਵ ਨਕੋਦਰ ਸ਼ਹਿਰ ਵਿਖੇ ਸ਼੍ਰੀ ਗੁਰੂ ਗਰੰਥ ਸਾਹਿਬ ਜੀ ਦੇ 5 ਸਰੂਪਾਂ ਨੂੰ ਅੱਗ ਲਗਾ ਕੇ ਬੇਅਦਬੀ ਕੀਤੀ ਸੀ। ਸੰਗਤਾਂ ਦਾ ਵਿਚਾਰ ਸੀ ਕਿ ਸ਼੍ਰੀ ਗੁਰੂ ਗਰੰਥ ਸਾਹਿਬ ਜੀ ਦੇ ਸਰੂਪ ਪ੍ਰਾਪਤ ਕਰਕੇ ਪੂਰਨ ਮਰਿਆਦਾ ਸਹਿਤ ਜਲ ਪ੍ਰਵਾਹ ਕੀਤੇ ਜਾਣ।

ਸੀਆਰਪੀ, ਬੀਐੱਸਐੱਫ ਅਤੇ ਪੰਜਾਬ ਪੁਲੀਸ ਦੇ ਜਵਾਨਾਂ ਨੇ ਇਸ ਸ਼ਾਂਤਮਈ ਰੋਸ ਮਾਰਚ ਤੇ ਗੋਲੀਆਂ ਨਾਲ ਹਮਲਾ ਕਰ ਦਿੱਤਾ। ਪੁਲਿਸ ਦੀ ਬਿਨਾ ਕਿਸੇ ਚੇਤਾਵਨੀ ਦੇ ਕੀਤੀ ਇਸ ਅੰਨ੍ਹੇਵਾਹ ਗੋਲੀਬਾਰੀ ਕਾਰਨ ਭਾਈ ਰਵਿੰਦਰ ਸਿੰਘ ਲਿੱਤਰਾਂ,




ਭਾਈ ਬਲਧੀਰ ਸਿੰਘ ਰਾਮਗੜ੍ਹ ਅਤੇ ਭਾਈ ਝਲਮਣ ਸਿੰਘ ਰਾਜੋਵਾਲ-ਗੋਰਸੀਆਂ ਮੌਕੇ ‘ਤੇ ਹੀ ਸ਼ਹੀਦ ਹੋ ਗਏ। ਪੁਲਿਸ ਨੇ ਇੱਥੇ ਹੀ ਬਸ ਨਹੀਂ ਕੀਤੀ, ਘੋੜ ਸਵਾਰ ਪੁਲਿਸ ਵਲੋਂ 2 ਕਿਲੋਮੀਟਰ ਤੋਂ ਵੀ ਦੂਰ ਸ਼ੇਰਪੁਰ ਅਤੇ ਹੁਸੈਨਪੁਰ ਤੱਕ ਜਾ ਕੇ ਸਿੱਖ ਨੌਜਵਾਨਾਂ ਦਾ ਸ਼ਿਕਾਰ ਖੇਡਿਆ ਗਿਆ। ਪੁਲਿਸ ਨੇ ਘਰਾਂ ਵਿਚ ਜਾ ਕੇ ਗੋਲੀਆਂ ਚਲਾਈਆਂ ਅਤੇ ਦਰਵਾਜੇ ਤੋੜ ਕੇ ਸਿੱਖ ਨੌਜਵਾਨਾਂ ਨੂੰ ਬਾਹਰ ਕੱਢ ਕੇ ਉਨ੍ਹਾਂ ਉਤੇ ਅਣਮਨੁੱਖੀ ਅਤਿਆਚਾਰ ਕੀਤਾ। ਇਸ ਸਾਕੇ ਦੇ ਚੌਥੇ ਸ਼ਹੀਦ ਭਾਈ ਹਰਮਿੰਦਰ ਸਿੰਘ (ਕਨਵੀਨਰ ਸਿੱਖ ਸਟੂਡੈਂਟ ਫੈਡਰੇਸ਼ਨ ਖਾਲਸਾ ਕਾਲਜ ਜਲੰਧਰ) ਨੂੰ ਇੰਸਪੈਕਟਰ ਜਸਕੀਰਤ ਨੇ ਮੂੰਹ ਵਿਚ ਗੋਲੀਆਂ ਮਾਰ ਕੇ ਕਤਲ ਕੀਤਾ। ਉਸ ਸਮੇਂ ਉਹ ਲੱਕੜ ਦੇ ਆਰੇ ਦੇ ਅੰਦਰ ਨਿਹੱਥਾ ਬੈਠਾ ਸੀ।

ਸਿੱਖ ਨੌਜਵਾਨਾਂ ਦੀ ਅਸਲ ਪਹਿਚਾਣ ਹੋਣ ਦੇ ਬਾਵਜੂਦ ਸਰਕਾਰੀ ਅਧਿਕਾਰੀਆਂ ਨੇ ਪੀੜਤ ਪਰਿਵਾਰਾਂ ਨੂੰ ਸ਼ਹੀਦਾਂ ਦੇ ਮਿਰਤਕ ਸਰੀਰ ਦੇਣ ਤੋਂ ਇਨਕਾਰ ਕਰ ਦਿੱਤਾ। ਉਨ੍ਹਾਂ ਨੇ ਦੱਸਿਆ ਕਿ ਚਾਰੇ ਪਰਿਵਾਰਾਂ ਵਿਚੋਂ ਉਹ ਇਕੱਲੇ ਹੀ ਹਨ ਜਿਨ੍ਹਾਂ ਨੇ ਚਾਰੇ ਸਿੱਖ ਨੌਜਵਾਨਾਂ ਦੀਆਂ ਲਾਸ਼ਾਂ ਨਕੋਦਰ ਦੇ ਸਰਕਾਰੀ ਹਸਪਤਾਲ ਵਿਚ ਦੇਖੀਆਂ ਅਤੇ ਬੇਰਹਿਮ ਸਰਕਾਰੀ ਅਫਸਰਾਂ ਵਲੋਂ ਉਨ੍ਹਾਂ ਦੇ ਓਥੇ ਹੋਣ ਦੇ ਬਾਵਜੂਦ ਇਨ੍ਹਾਂ ਸ਼ਹੀਦਾਂ ਦੇ ਸਰੀਰਾਂ ਨੂੰ ਅਣਪਛਾਤੇ ਅਤੇ ਲਾਵਾਰਿਸ ਕਰਾਰ ਦੇ ਕੇ ਆਪ ਹੀ ਮਿੱਟੀ ਦਾ ਤੇਲ ਪਾਕੇ ਸਾੜ ਦਿੱਤਾ ਗਿਆ। ਲਾਸ਼ਾਂ ਦੇ ਪੋਸਟ ਮਾਰਟਮ ਵੀ ਅੱਧੀ ਰਾਤ ਨੂੰ ਕੀਤੇ ਗਏ।

ਸ. ਬਲਦੇਵ ਸਿੰਘ ਜੀ ਨੇ ਸਮੂਹ ਸਿੱਖ ਜਥੇਬੰਦੀਆਂ, ਜੋ ਪੀੜਿਤ ਪਰਿਵਾਰਾਂ ਲਈ ਇਨਸਾਫ ਲਈ ਮਦਦ ਕਰ ਰਹੀਆਂ ਹਨ ਅਤੇ ਨਕੋਦਰ ਦੇ ਅਕਾਲੀ ਐਮਐਲਏ ਗੁਰਪ੍ਰਤਾਪ ਸਿੰਘ ਵਡਾਲਾ ਅਤੇ ਆਪ ਦੇ ਸੁਖਪਾਲ ਸਿੰਘ ਖਹਿਰਾ ਦਾ ਵੀ ਧੰਨਵਾਦ ਕੀਤਾ, ਜਿਨ੍ਹਾਂ ਨੇ ਵਿਸ਼ਵਾਸ ਦਿਵਾਇਆ ਹੈ ਕੇ ਉਹ ਵਿਧਾਨ ਸਭਾ ਦੇ ਆ ਰਹੇ ਸੈਸ਼ਨ ਵਿਚ ਪੰਜਾਬ ਸਰਕਾਰ ਨੂੰ ਜਸਟਿਸ ਗੁਰਨਾਮ ਸਿੰਘ ਕਮਿਸ਼ਨ ਦੀ ਰਿਪੋਰਟ ਲਾਗੂ ਕਰਨ ਲਈ ਜ਼ੋਰਦਾਰ ਆਵਾਜ਼ ਉਠਾਣਗੇ। ਉਨ੍ਹਾਂ ਇਹ ਵੀ ਦੱਸਿਆ ਕਿ ਬਰਗਾੜੀ ਮੋਰਚਾ ਚਲਾ ਰਹੇ ਜਥੇਦਾਰ ਧਿਆਨ ਸਿੰਘ ਜੀ ਮੰਡ, ਬਲਜੀਤ ਸਿੰਘ ਜੀ ਦਾਦੂਵਾਲ ਅਤੇ ਅਮਰੀਕ ਸਿੰਘ ਅਜਨਾਲਾ ਨੇ ਪਰਿਵਾਰ ਨੂੰ ਫੋਨ ਕਰਕੇ ਵਿਸ਼ਵਾਸ ਦਿਵਾਇਆ ਹੈ ਕਿ ਜੇ ਪੰਜਾਬ ਸਰਕਾਰ ਜਸਟਿਸ ਗੁਰਨਾਮ ਸਿੰਘ ਕਮਿਸ਼ਨ ਰਿਪੋਰਟ ਆ ਰਹੇ ਵਿਧਾਨ ਸਭਾ ਸੈਸ਼ਨ ਵਿਚ ਪੇਸ਼ ਨਹੀਂ ਕਰਦੀ ਤਾਂ ਉਹ ਸਾਕਾ ਨਕੋਦਰ ਦੇ ਇਨਸਾਫ ਲਈ ਵੀ ਮੋਰਚਾ ਲਾਉਣਗੇ। ਜ਼ਿਕਰਯੋਗ ਹੈ ਕਿ ਜਦੋਂ ਪੰਜਾਬ ਸਰਕਾਰ ਨੇ ਸੰਨ 1986 ਵਿਚ ਸਾਕਾ ਨਕੋਦਰ ਬਾਰੇ ਜਸਟਿਸ ਗੁਰਨਾਮ ਸਿੰਘ ਦੀ ਅਗਵਾਈ ਵਿਚ ਪੜਤਾਲ ਕਰਵਾਉਣ ਦਾ ਐਲਾਨ ਕੀਤਾ ਸੀ, ਉਸ ਵੇਲੇ ਅਮਰਿੰਦਰ ਸਿੰਘ ਬਰਨਾਲਾ ਸਰਕਾਰ ਵਿੱਚ ਖੇਤੀਬਾੜੀ ਮਹਿਕਮੇ ਦੇ ਵਜ਼ੀਰ ਸਨ। ਕੀ ਅਮਰਿੰਦਰ ਸਿੰਘ 32 ਸਾਲ ਪਹਿਲਾਂ ਉਨ੍ਹਾਂ ਦੀ ਸ਼ਮੂਲੀਅਤ ਵਾਲੀ ਸਰਕਾਰ ਵੱਲੋਂ ਸੰਨ 1986 ਦੇ ਸਾਕਾ ਨਕੋਦਰ ਦੀ ਕਰਵਾਈ ਗਈ ਜਾਂਚ ਦਾ ਲੇਖਾ ਜਨਤਕ ਕਰ ਕੇ ਪਰਿਵਾਰਾਂ ਦੇ ਰਿਸਦੇ ਜ਼ਖਮਾਂ ਉਤੇ ਮੱਲ੍ਹਮ ਲਗਾਉਣਗੇ? ਕੀ ਸ. ਬਲਦੇਵ ਸਿੰਘ ਇਸ ਜਹਾਨ ਤੋਂ ਰੁਖਸਤ ਹੋਣ ਤੋਂ ਪਹਿਲਾਂ ਜਸਟਿਸ ਗੁਰਨਾਮ ਸਿੰਘ ਕਮਿਸ਼ਨ ਰਿਪੋਰਟ ਵੇਖ ਸਕਣਗੇ? ਇਹ ਸਵਾਲ ਫਿਲਹਾਲ ਸਮੇਂ ਦੇ ਗਰਭ ਵਿਚ ਹਨ।

# 14ਵੇਂ ਵਿਸ਼ਵ ਕਬੱਡੀ ਕੱਪ ’ਚ ਲੱਗਣਗੀਆਂ ਭਾਰੀ ਰੌਣਕਾਂ

### *ਗੁਰੂਘਰਾਂ ਵਲੋਂ ਪਾਣੀ ਤੇ ਜੂਸ ਦੀ ਲਾਈ ਜਾਵੇਗੀ ਛਬੀਲ*

**ਮਿਲਪੀਟਸ/ਬਿਊਰੋ ਨਿਊਜ਼ :**

ਗੁਰਦੁਆਰਾ ਸਾਹਿਬ ਮਿਲਪੀਟਸ ਦੇ ਮੁੱਖ ਸੇਵਾਦਾਰ ਸ. ਜਸਵੰਤ ਸਿੰਘ ਹੋਠੀ, ਪੰਜਾਬੀ ਭਾਈਚਾਰੇ ਦੇ ਨਾਮੀ ਕਾਰੋਬਾਰੀ ਅਤੇ ਸਮਾਜ ਸੇਵੀ ਪ੍ਰਦੁੱਮਣ ਸਿੰਘ ਬਿੱਲਾ ਸੰਘੇੜਾ ਵਲੋਂ ਯੂਨਾਈਟਡ ਸਪੋਰਟਸ ਕਲੱਬ ਦੇ 14ਵੇਂ ਵਿਸ਼ਵ ਕਬੱਡੀ ਕੱਪ ਪ੍ਰਤੀ ਲੋਕਾਂ ਵਿਚ ਪਾਏ ਜਾ ਰਹੇ ਉਤਸ਼ਾਹ ਨੂੰ ਵੇਖਦਿਆਂ ਭਾਰੀ ਰੌਣਕਾਂ ਲੱਗਣ ਦੀ ਆਸ ਪ੍ਰਗਟਾਈ ਹੈ। ਉਨ੍ਹਾਂ ਕਬੱਡੀ ਕੱਪ ’ਚ ਪੂਰਨ ਸਹਿਯੋਗ ਦੇਣ ਦੇ ਨਾਲ-ਨਾਲ ਕਲੱਬ ਅਤੇ ਸ. ਅਮੋਲਕ ਸਿੰਘ ਗਾਖਲ ਵਲੋਂ ਕਬੱਡੀ ਅਤੇ ਪੰਜਾਬੀ ਭਾਈਚਾਰੇ ਦੀ ਇਕਜੁੱਟਤਾ ਲਈ ਪਾਏ ਜਾ ਰਹੇ ਯੋਗਦਾਨ ਦੀ ਵੀ ਭਰਪੂਰ ਸ਼ਲਾਘਾ ਕਰਦਿਆਂ ਇਸ ਵਾਰ ਵੀ ਕਲੱਬ ਨੂੰ ਹਰ ਤਰ੍ਹਾਂ ਦਾ ਸਹਿਯੋਗ ਦੇਣ ਦਾ ਵਾਅਦਾ ਕੀਤਾ ਗਿਆ ਹੈ।



ਜਸਵੰਤ ਸਿੰਘ ਹੋਠੀ | ਅਮੋਲਕ ਸਿੰਘ ਗਾਖਲ | ਬਿੱਲਾ ਸੰਘੇੜਾ | ਗੁਲਵਿੰਦਰ ਗਾਖਲ

ਗੁਰਦੁਆਰਾ ਸਾਹਿਬ ਸਟਾਕਟਨ ਦੇ ਗੁਲਵਿੰਦਰ ਸਿੰਘ ਗਾਖਲ, ਸਿੰਘ ਸਭਾ ਗੁਰੂਘਰ ਦੇ ਜਸਵੰਤ ਸਿੰਘ ਹੋਠੀ ਅਤੇ ਬਿੱਲਾ ਸੰਘੇੜਾ ਨੇ ਮਾਣ ਨਾਲ ਇਹ ਵੀ ਐਲਾਨ ਕੀਤਾ ਕਿ ਇਸ ਵਾਰ ਦੇ ਵਿਸ਼ਵ ਕਬੱਡੀ ਕੱਪ ਵਿਚ ਗੁਰੂਘਰਾਂ ਵਲੋਂ ਸਾਂਝੇ ਰੂਪ ਵਿਚ ਲੰਗਰ ਦੀ ਵਿਵਸਥਾ ਤਾਂ ਸ਼ਰਧਾ ਨਾਲ ਕੀਤੀ ਹੀ ਜਾ ਰਹੀ ਹੈ, ਸਗੋਂ ਇਸ ਵਾਰ ਪਾਣੀ ਅਤੇ ਜੂਸ ਦੀ ਹਜ਼ਾਰਾਂ ਦਰਸ਼ਕਾਂ ਲਈ ਛਬੀਲ ਵੀ ਲਗਾਈ ਜਾਵੇਗੀ। ਉਨ੍ਹਾਂ ਕਿਹਾ ਕਿ ਪੰਜਾਬੀ ਭਾਈਚਾਰੇ ਦੇ ਇਸ ਵੱਡੇ ਇਕੱਠ ਵਿਚ ਸਾਰਿਆਂ ਨੂੰ ਸ਼ਾਮਿਲ ਹੋਣਾ ਚਾਹੀਦਾ ਹੈ ਕਿਉਂਕਿ ਇਹ ਖੇਡ ਮੇਲਾ ਪੰਜਾਬੀਆਂ ਦੀ ਵੱਖਰੀ ਪਹਿਚਾਣ ਤੇ ਮਾਣ ਬਣਦਾ ਜਾ ਰਿਹਾ ਹੈ।


CIS CALIFORNIA IMMIGRATION SERVICES
(Registered & Bonded)

- FAMILY IMMIGRATION
- GREEN CARD PETITION
- CITIZENSHIP
- OCI CARD / INDIAN PASSPORT
- BUSINESS / VISITOR VISA
- STUDENT VISA
- RELIGIOUS VISA
- U.K. VISA
- CANADA VISA & P.R.





Rosy (Kanwal) Kaur
Immigration Consultant / LDA

CALL FOR FREE INITIAL CONSULTATION !

Ph: 510-573-3666, 408-422-8585

Fremont Office: 4127 Bay Street, Suite 5 | Tracy Office: 68 E 11th St., Suite 103
Yuba City Office: 1650 Sierra Ave. Suite 206, CA 95993
www.caials.com rosy@caials.com



When tired of all treatments for any disease at any age Try
HOMEOPATHIC
Experienced Consultant Physician since 1973
American Red Cross



ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ
We sell homeopathic medicines
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ,
ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ
7021 Village Parkway Dublin CA 94568

GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA

Office: 408.729.6691
Cell: 408.687.1899
email: homeomedicine@yahoo.com
www.homeopathyatoz.com

ਡਾ. ਸੰਧੂ ਦੇ ਸਿਹਤ ਵਿਗਿਆਨ ਸਬੰਧੀ ਲੈਕਚਰ Listen live on Radio 1170
‘Jus Punjabi TV’ & Face Book Every Saturday 09:00 AM, Live on ‘Jus Punjabi TV’ Sunday 4:00 A.M.



BSons Travel & Tax Services, Inc.
* All Airlines * International And Domestic
* Wholesale Fares Around the World
We Will Beat or Match any Fare!



Office Hours
Mon-Fri
9am-6pm
Saturday
9am-5pm

CST. REG #2092042-40
We Also Have Special Vacation Packages
President : Avtar Singh
Contact any time from anywhere
Tel 707.302.0512, 916.340.8100 • Fax 707.425.4260
Email: bsonstravel@yahoo.com
1652 West Texas St. Suite 139, Fairfield, CA 94533
4200 North Boulevard Street No. 1B, Sacramento, CA, 95834

## ਯੂਨਾਈਟਿਡ ਖਾਲਸਾ ਦਲ ਯੂਕੇ. ਵਲੋਂ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਅਤੇ ਫੌਜ ਮੁਖੀ ਦਾ ਧੰਨਵਾਦ

**ਲੰਡਨ/ਬਿਊਰੋ ਨਿਊਜ਼ :**

ਇਮਰਾਨ ਖਾਨ ਦੇ ਪਾਕਿਸਤਾਨ ਦਾ ਪ੍ਰਧਾਨ ਮੰਤਰੀ ਬਣਨ ਤੇ ਆਜ਼ਾਦੀ ਪਸੰਦ ਸਿੱਖਾਂ ਵਿਚ ਸਾਰਥਕ ਆਸ ਦੀ ਕਿਰਨ ਨੇ ਜਨਮ ਲਿਆ ਹੈ । ਇਸੇ ਸੰਦਰਭ ਵਿਚ ਯੂਨਾਈਟਿਡ ਖਾਲਸਾ ਦਲ ਯੂਕੇ. ਵੱਲੋਂ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਬਣਨ ਤੇ ਵਧਾਈ ਦਿੰਦਿਆਂ, ਪਾਕਿਸਤਾਨ ਦੀ ਫੌਜ ਦੇ ਮੁਖੀ ਜਨਰਲ ਕਮਰ ਜਾਵੇਦ ਬਾਜਵਾ ਵੱਲੋਂ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ 550 ਸਾਲਾ ਗੁਰਪੁਰਬ ਉਤੇ ਭਾਰਤ ਨਿਵਾਸੀ ਸਿੱਖਾਂ ਵਾਸਤੇ ਕਰਤਾਰਪੁਰ ਤੋਂ ਖੁੱਲ੍ਹਾ ਲਾਂਘਾ ਦੇਣ ਦੀ ਪੇਸ਼ਕਸ਼ ਕਰਨ ਉਤੇ ਧੰਨਵਾਦ ਕੀਤਾ ਗਿਆ । ਦਲ ਦੇ ਜਨਰਲ ਸਕੱਤਰ ਸ. ਲਵਸ਼ਿੰਦਰ ਸਿੰਘ ਡੱਲੇਵਾਲ ਵੱਲੋਂ ਇਮਰਾਨ ਖਾਨ ਨੂੰ ਲਿਖੇ ਵਿਸ਼ੇਸ਼ ਪੱਤਰ ਵਿਚ ਅਪੀਲ ਕੀਤੀ ਗਈ ਕਿ ਉਹ ਜਨਰਲ ਜ਼ਿਆ ਉੱਲ ਹੱਕ ਵਾਂਗ ਸਿੱਖ ਕੌਮ ਨਾਲ ਦੋਸਤਾਨਾ ਸਬੰਧ ਬਣਾਉਂਦੇ ਹੋਏ ਖਾਲਿਸਤਾਨ ਦਾ ਸੰਘਰਸ਼ ਲੜਨ ਵਾਲੇ ਕਾਫਲੇ ਦਾ ਡਟ ਕੇ ਸਾਥ ਦੇਣ। ਇਸ ਦੇ ਨਾਲ ਹੀ ਉਨ੍ਹਾਂ ਨੂੰ ਫਿਰਕਾਪ੍ਰਸਤ ਹਿੰਦੂਤਵੀਆਂ ਤੋਂ ਦੂਰੀ ਬਣਾ ਕੇ ਰੱਖਣ ਅਤੇ ਪਾਕਿਸਤਾਨ ਵਿਚ ਵਸਦੇ ਸਿੱਖਾਂ ਦੇ ਹੱਕਾਂ-ਹਿੱਤਾਂ ਸੁਰੱਖਿਆ ਲਈ ਢੁਕਵੇਂ ਉਪਰਾਲੇ ਕਰਨ ਦੀ ਗੁਜ਼ਾਰਿਸ਼ ਕੀਤੀ ਗਈ ਹੈ। ਜ਼ਿਕਰਯੋਗ ਹੈ ਜੂਨ 1984 ਨੂੰ ਸਿੱਖ ਤਵਾਰੀਖ ਵਿਚ ਵਾਪਰੇ ਤੀਜੇ ਖ਼ੂਨੀ ਘੱਲੂਘਾਰੇ ਦੌਰਾਨ ਭਾਰਤ ਸਰਕਾਰ ਵੱਲੋਂ ਕਾਂਗਰਸੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਹੁਕਮਾਂ ਨਾਲ ਸਿੱਖਾਂ ਉਤੇ ਅਜਿਹੇ ਜ਼ੁਲਮ ਕੀਤੇ ਗਏ ਜਿਨ੍ਹਾਂ ਸਾਹਮਣੇ ਅਬਦਾਲੀ, ਜ਼ਕਰੀਏ ਅਤੇ ਹਿਟਲਰ ਵਰਗਿਆਂ ਦੇ ਜ਼ੁਲਮ ਵੀ ਬੌਣੇ ਪੈ ਗਏ । ਸੱਚਖੰਡ ਸ੍ਰੀ ਦਰਬਾਰ ਸਾਹਿਬ ਉਤੇ ਭਾਰਤੀ ਫੌਜ ਵਲੋਂ ਹਿੰਦੂਤਵ ਨੂੰ ਖੁਸ਼ ਕਰਨ ਅਤੇ ਸਿੱਖ ਕੌਮ ਦੀ ਨਸਲਕੁਸ਼ੀ ਕਰਨ ਤਹਿਤ ਟੈਂਕਾਂ ਅਤੇ ਤੋਪਾਂ ਨਾਲ ਅੱਤ ਵਹਿਸ਼ੀ ਹਮਲਾ ਕੀਤਾ ਗਿਆ । ਸਤਿਕਾਰਯੋਗ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ, ਭਾਈ ਅਮਰੀਕ ਸਿੰਘ ਜੀ, ਬਾਬਾ ਠਾਹਰਾ ਸਿੰਘ, ਜਨਰਲ ਸੁਬੇਗ ਸਿੰਘ ਸਮੇਤ ਹਜ਼ਾਰਾਂ ਸਿੱਖਾਂ ਨੂੰ ਸ਼ਹੀਦ ਕਰ ਦਿੱਤਾ ਗਿਆ । ਪਿੰਡਾਂ ਵਿਚ ਅੰਮ੍ਰਿਤਧਾਰੀ ਸਿੱਖ ਨੌਜਵਾਨਾਂ ਨੂੰ ਭਾਰਤੀ ਫੌਜ ਵੱਲੋਂ ਗ੍ਰਿਫਤਾਰ ਕਰਕੇ ਭਾਰੀ ਤਸ਼ੱਦਦ ਕਰਦਿਆਂ ਸ਼ਹੀਦ ਕੀਤਾ ਜਾ ਰਿਹਾ ਸੀ ਤਾਂ ਉਸ ਵਕਤ ਪਾਕਿਸਤਾਨ ਦੇ ਰਾਸ਼ਟਰਪਤੀ ਜਨਰਲ ਜਿਆ ਉੱਲ ਹੱਕ ਨੇ ਸਿੱਖਾਂ ਪ੍ਰਤੀ ਦੋਸਤਾਨਾ ਹੱਥ ਵਧਾਉਂਦਿਆਂ, ਸਿੱਖ ਕੌਮ ਤੇ ਹੋ ਰਹੇ ਅੱਤਿਆਚਾਰਾਂ ਦਾ ਦਰਦ ਮਹਿਸੂਸ ਕਰਦਿਆਂ ਆਖਿਆ ਸੀ ਕਿ ਪਾਕਿਸਤਾਨ ਸਿੱਖਾਂ ਦੀ ਆਪਣੀ ਧਰਤੀ ਹੈ, ਉਹ ਜਦੋਂ ਚਾਹੁਣ ਇੱਥੇ ਆ ਸਕਦੇ ਹਨ ਅਤੇ ਰਹਿ ਸਕਦੇ ਹਨ । ਇਸੇ ਹੀ ਕਾਰਨ ਭਾਰਤ ਸਰਕਾਰ ਉਸ ਦੀ ਵੱਡੀ ਦੁਸ਼ਮਣ ਬਣੀ ਰਹੀ ਅਤੇ ਉਸ ਦੀ ਰਹੱਸਮਈ ਮੌਤ ਤਕ ਉਸ ਨੂੰ ਧਮਕੀਆਂ ਦਿੰਦੀ ਰਹੀ ਸੀ ।

# ਹਿੰਦੀ-ਅੰਗਰੇਜ਼ੀ ਦੇ ਸਰਕਾਰੀ ਬੋਰਡਾਂ ’ਤੇ ਸਿਆਹੀ ਪੋਚਣ ਵਾਲੇ ਬਲਜੀਤ ਸਿੰਘ ਖਾਲਸਾ ਨੂੰ ਤਿੰਨ ਮਹੀਨੇ ਦੀ ਕੈਦ

**ਚੰਡੀਗੜ੍ਹ/ਬਿਊਰੋ ਨਿਊਜ਼ :** ਪਿਛਲੇ ਲੰਮੇ ਸਮੇ ਤੋਂ ਚੰਡੀਗੜ ‘ਚ ਪੰਜਾਬੀ ਬੋਲੀ ਨੂੰ ਲਾਗੂ ਕਰਵਾਉਣ ਲਈ ਯਤਨ ਕਰ ਰਹੇ ਬਲਜੀਤ ਸਿੰਘ ਖਾਲਸਾ ਨੂੰ ਅਦਾਲਤ ਨੇ ਸਰਕਾਰੀ ਸੰਪਤੀ ਨੂੰ ਨੁਕਸਾਨ ਪਹੁੰਚਾਉਣ ਦੇ ਮਾਮਲੇ ‘ਚ ਤਿੰਨ ਮਹੀਨੇ ਦੀ ਸਜਾ ਸੁਣਾਈ ਹੈ। ਬਲਜੀਤ ਸਿੰਘ ਖਾਲਸਾ ਨੇ ਸ਼ਹਿਰ ਅੰਦਰ ਉਨਾਂ ਸਾਈਨ ਬੋਰਡਾਂ ‘ਤੇ ਕਾਲੀ ਸਿਆਹੀ ਫੇਰੀ ਸੀ ਜਿਨਾਂ ਉਤੇ ਅੰਗਰੇਜ਼ੀ-ਹਿੰਦੀ ਦੇ ਨਾਲ ਪੰਜਾਬੀ ਭਾਸ਼ਾ ਨਹੀਂ ਲਿਖੀ ਗਈ ਸੀ। ਬਲਜੀਤ ਸਿੰਘ ਨੂੰ ਅਦਾਲਤ ਨੇ ਤਿੰਨ ਮਹੀਨੇ ਕੈਦ ਦੇ ਨਾਲ 20 ਹਜ਼ਾਰ ਰੁਪਏ ਜੁਰਮਾਨਾ ਵੀ ਲਗਾਇਆ ਹੈ। ਅਦਾਲਤ ਨੇ ਇਹ ਸਜਾ ਸੈਕਟਰ 17 ‘ਚ ਪੈਂਦੇ ਆਮਦਨ ਕਰ ਵਿਭਾਗ ਦੇ ਦਫ਼ਤਰ ਸਾਹਮਣੇ ਲੱਗੇ ਸਾਈਨ ਬੋਰਡ ‘ਤੇ ਸਿਆਹੀ ਫੇਰਨ ਦੇ ਮਾਮਲੇ ‘ਚ ਸੁਣਾਈ ਹੈ। ਬਲਜੀਤ ਸਿੰਘ ਖਾਲਸਾ ਨੇ ਸਜਾ ਸੁਣਾਏ ਜਾਣ ਤੋਂ ਬਾਅਦ ਜ਼ਮਾਨਤ ਲਈ ਅਰਜ਼ੀ ਦਾਇਰ ਨਹੀਂ ਕੀਤੀ, ਇਸ ਕਰਕੇ ਉਸ ਨੂੰ ਅਦਾਲਤ ਨੇ ਜੇਲਭੇਜ ਦਿੱਤਾ। ਬਲਜੀਤ ਸਿੰਘ ਖਾਲਸਾ ਨੂੰ ਅਦਾਲਤ ਨੇ ਦਿੱਲੀ ਪ੍ਰੀਵੈਨਸ਼ਨ ਆਫ ਡੀਫੈਂਸਮੈਂਟ ਆਫ ਪਬਲਿਕ ਪ੍ਰੋਪਰਟੀ ਐਕਟ 2007 ਦੇ ਸੈਕਸ਼ਨ 3 ਤਹਿਤ ਦੋਸ਼ੀ ਠਹਿਰਾਇਆ ਹੈ। ਜਾਣਕਾਰੀ ਅਨੁਸਾਰ ਮਾਮਲਾ ਬੀਤੇ ਸਾਲ 16 ਅਗਸਤ ਦਾ ਹੈ। ਮਾਮਲੇ ਦੀ ਸ਼ਿਕਾਇਤ ਚੰਡੀਗੜਪੁਲਿਸ ਦੇ ਇਕ ਹੈਡ ਕਾਂਸਟੇਬਲ ਨੇ ਪੁਲਿਸ ਨੂੰ ਦਿੱਤੀ ਸੀ। ਸ਼ਿਕਾਇਤਕਰਤਾ ਨੇ ਦੱਸਿਆ ਕਿ ਉਸ ਦੀ ਡਿਊਟੀ ਸੈਕਟਰ 17 ਵਿਚ ਸੀ, ਜਿਥੇ ਉਸ ਨੇ ਦੇਖਿਆ ਕਿ ਇਕ ਸਰਦਾਰ ਵਿਅਕਤੀ ਆਮਦਨ ਕਰ ਵਿਭਾਗ ਦੇ ਦਫ਼ਤਰ ਸਾਹਮਣੇ ਲੱਗੇ ਅੰਗਰੇਜ਼ੀ ਅਤੇ ਹਿੰਦੀ ਭਾਸ਼ਾ ਦੇ ਸਾਈਨ ਬੋਰਡ ‘ਤੇ ਕਾਲੀ ਸਿਆਹੀ ਡੋਲ ਦਿੱਤੀ। ਸ਼ਿਕਾਇਤਕਰਤਾ ਨੇ ਉਸ ਦਾ ਪਿੱਛਾ ਕਰਕੇ ਉਸ ਨੂੰ ਕਾਬੂ ਕਰ ਲਿਆ ਅਤੇ ਪੁੱਛਣ ‘ਤੇ ਉਸ ਨੇ ਆਪਣਾ ਨਾਮ ਬਲਜੀਤ ਸਿੰਘ ਖਾਲਸਾ ਦੱਸਿਆ ਸੀ। ਪੁਲਿਸ ਨੇ ਸਬੰਧਤ ਮਾਮਲਾ ਪੁਲਿਸ ਸਟੇਸ਼ਨ ਸੈਕਟਰ 17 ਵਿਚ ਦਰਜ ਕੀਤਾ ਸੀ। ਜ਼ਿਕਰਯੋਗ ਹੈ ਕਿ ਪਿਛਲੇ ਲੰਮੇ ਸਮੇ ਤੋਂ ਬਲਜੀਤ ਸਿੰਘ ਖਾਲਸਾ ਚੰਡੀਗੜ ਵਿਚ ਪੰਜਾਬੀ ਭਾਸ਼ਾ ਨੂੰ ਉਸ ਦੀ ਬਣਦੀ ਜਗਾ ਦਿਵਾਉਣ ਲਈ ਸੰਘਰਸ਼ ਕਰ ਰਹੇ ਹਨ।



# ਭਾਰਤ ਵਿਚ ਠੱਗੀ ਦੀ ਫਿਰਾਕ ’ਚ ਆਏ ਵਿਦੇਸ਼ੀ ਗ੍ਰਿਫ਼ਤਾਰ

**ਚੰਡੀਗੜ੍ਹ/ਬਿਊਰੋ ਨਿਊਜ਼ :** ਭਾਰਤ ਅੰਦਰ ਵੱਡੀ ਗਿਣਤੀ ਵਿੱਚ ਲੋਕਾਂ ਨੇ ਆਨਲਾਈਨ ਬੈਂਕਿੰਗ ਸੁਵਿਧਾ ਦਾ ਇਸਤੇਮਾਲ ਕਰਨਾ ਸ਼ੁਰੂ ਕਰ ਦਿਤਾ ਹੈ ਅਤੇ ਉਹ ਹੌਲੀ-ਹੌਲੀ ਤਰੱਕੀ ਕਰ ਰਹੇ ਹਨ। ਇਸ ਦੇ ਨਾਲ ਹੀ ਵਿਦੇਸ਼ੀ ਠੱਗਾਂ ਨੇ ਭਾਰਤ ਨੂੰ ਆਪਣਾ ਨਿਸ਼ਾਨਾ ਬਨਾਉਣਾ ਸ਼ੁਰੂ ਕਰ ਦਿੱਤਾ ਹੈ। ਬੀਤੇ ਦਿਨੀ ਅਜਿਹਾ ਹੀ ਇਕ ਮਾਮਲਾ ਸਾਹਮਣੇ ਆਇਆ ਜਦ ਚੰਡੀਗੜ੍ਹ ਪੁਲਿਸ ਦੀ ਕ੍ਰਾਈਮ ਬ੍ਰਾਂਚ ਨੇ ਏਟੀਐਮ ਮਸ਼ੀਨਾਂ ਵਿਚ ਖੁਫੀਆ ਕੈਮਰੇ ਲਗਾਉਣ ਵਾਲੇ ਰੋਮੇਨੀਆ ਦੇ ਤਿੰਨ ਨਾਗਰਿਕਾਂ ਨੂੰ ਦਿੱਲੀ ਤੋਂ ਗ੍ਰਿਫ਼ਤਾਰ ਕਰ ਲਿਆ। ਮੁਲਜ਼ਮਾਂ ਨੇ ਕੈਨਰਾ ਬੈਂਕ ਦੀਆਂ ਏਟੀਐਮ ਮਸ਼ੀਨਾਂ ਵਿਚ ਸਕੈਨਿੰਗ ਡਿਵਾਈਸਾਂ ਅਤੇ ਸਪਾਈ ਕੈਮਰੇ ਲਗਾਏ ਸਨ ਤਾ ਜੋ ਉਹ ਲੋਕਾਂ ਦੇ ਏਟੀਐਮ ਕਾਰਡਾਂ ਦੀ ਜਾਣਕਾਰੀ ਹਾਸਲ ਕਰਕੇ ਉਨ੍ਹਾਂ ਦੀ ਵਰਤੋ ਠੱਗੀ ਲਈ ਕਰ ਸਕਣ। ਪੁਲਿਸ ਨੂੰ ਮੁਲਜ਼ਮਾਂ ਦੇ ਜੋ ਪਾਸਪੋਰਟ ਮਿਲੇ ਹਨ ਉਨ੍ਹਾਂ ਤੋਂ ਇਹ ਪਤਾ ਲੱਗਿਆ ਹੈ ਕਿ ਦੋਵੇ ਟੂਰਿਸਟ ਵੀਜਾ ’ਤੇ ਦੋ ਮਹੀਨੇ ਲਈ ਭਾਰਤ ਆਏ ਸਨ। ਪੁਲਿਸ ਨੂੰ ਸ਼ਿਕਾਇਤ ਮਿਲੀ ਸੀ ਕਿ ਸੈਕਟਰ 17 ਵਿਚ ਪੈਂਦੇ ਕੈਨਰਾ ਬੈਂਕ ਦੇ ਏਟੀਐਮ ਅੰਦਰ ਸਪਾਈ (ਖੁਫੀਆ) ਕੈਮਰੇ ਮਿਲੇ ਹਨ। ਪੁਲਿਸ ਨੇ ਮਾਮਲਾ ਦਰਜ ਕਰਕੇ ਸੀਸੀਟੀਵੀ ਕੈਮਰੇ ਜਾਂਚੇ ਤਾ ਪਤਾ ਲੱਗਿਆ ਕਿ ਦੋ ਅਲੱਗ-ਅਲੱਗ ਵਿਅਕਤੀ ਸਵੇਰ ਸਮੇ ਮਸ਼ੀਨ ਅੰਦਰ ਕੈਮਰੇ ਫਿੱਟ ਕਰ ਰਹੇ ਸਨ। ਇਸੇ ਤਰ੍ਹਾ ਦੇ ਦੋ ਹੋਰ ਮਾਮਲੇ ਮਨੀਮਾਜਰਾ ਅਤੇ ਸੈਕਟਰ 36 ਪੁਲਿਸ ਸਟੇਸ਼ਨ ਵਿਚ ਵੀ ਦਰਜ ਕੀਤੇ। ਮੁਹਾਲੀ ਵਿਚ ਵੀ ਅਜਿਹੇ ਹੀ ਮਾਮਲੇ ਪੁਲਿਸ ਨੇ ਦਰਜ ਕੀਤੇ। ਕ੍ਰਾਈਮ ਬ੍ਰਾਂਚ ਨੂੰ ਪਤਾ ਲੱਗਿਆ ਕਿ ਰੁਮੇਨੀਆ ਦੇ ਕੁਝ ਲੋਕਾਂ ਨੂੰ ਅਜਿਹੇ ਹੀ ਮਾਮਲਿਆਂ ਵਿਚ ਦਿੱਲੀ ਪੁਲਿਸ ਗ੍ਰਿਫ਼ਤਾਰ ਕਰ ਚੁੱਕੀ ਹੈ। ਅਜਿਹੇ ਲੋਕਾਂ ਦਾ ਪਤਾ ਲਗਾਉਣ ਲਈ ਸ਼ਹਿਰ ਦੇ ਹੋਟਲਾਂ ਤੋਂ ਜਾਣਕਾਰੀ ਲੈਣੀ ਸ਼ੁਰੂ ਕਰ ਦਿਤੀ ਗਈ ਜਿਸ ਤੋਂ ਪਤਾ ਲੱਗਿਆ ਕਿ ਰੁਮੇਨੀਆ ਦੇ ਦੋ ਲੋਕ ਸੈਕਟਰ 35 ਦੇ ਮੈਟਰੋ ਹੋਟਲ ਵਿਚ 2 ਅਗਸਤ ਨੂੰ ਰੁੱਕੇ ਸਨ ਜਦਕਿ ਦੂਜੀ ਵਾਰ ਦੋਵੇ ਸੈਕਟਰ 43 ’ਚ ਪੈਂਦੇ ਹੋਟਲ ਵੈਸਟਨ ਕੋਰਟ ਵਿਚ ਰੁੱਕੇ ਸਨ। ਪੁਲਿਸ ਨੂੰ ਪਤਾ ਲੱਗਿਆ ਕਿ ਉਕਤ ਮੁਲਜ਼ਮ ਦਿੱਲੀ ਦੇ ਇਕ ਹੋਟਲ ਵਿਚ ਠਹਿਰੇ ਹੋਏ ਹਨ ਜਿਸ ਦੇ ਬਾਅਦ ਪੁਲਿਸ ਟੀਮ ਨੇ ਮੌਕੇ ’ਤੇ ਪਹੁੰਚ ਕੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ। ਜੇਕਰ ਮੁਲਜ਼ਮ ਲੋਕਾਂ ਦੇ ਏਟੀਐਮ ਕਾਰਡਾਂ ਦਾ ਡਾਟਾ ਲੈ ਕੇ ਆਪਣੇ ਦੇਸ਼ ਪਰਤ ਜਾਂਦੇ ਤਾ ਉਹ ਇਸ ਡਾਟੇ ਦਾ ਇਸਤੇਮਾਲ ਇੰਟਰਨੈਟ ਬੈਂਕਿੰਗ ਲਈ ਕਰਦੇ ਜਾਂ ਫਿਰ ਕਲੋਨਿੰਗ ਡਿਵਾਈਸ ਦਾ ਇਸਤੇਮਾਲ ਕਰਕੇ ਨਕਲੀ ਏਟੀਐਮ ਬਣਾ ਲੈਂਦੇ। ਮੁਲਜ਼ਮਾਂ ਨੇ ਏਟੀਐਮ ਮਸ਼ੀਨਾਂ ਵਿਚ ਕੈਮਰੇ ਇਸ ਤਰੀਕੇ ਨਾਲ ਫਿੱਟ ਕੀਤੇ ਹੋਏ ਸਨ ਕਿ ਉਨ੍ਹਾਂ ਦੇ ਏਟੀਐਮ ਦਾ ਨੰਬਰ, ਸੀਵੀਵੀ ਨੰਬਰ ਅਤੇ ਪਾਸਵਰਡ ਤੱਕ ਕੈਮਰਿਆਂ ਵਿਚ ਸੁਰੱਖਿਤ ਹੋ ਜਾਂਦਾ ਸੀ। ਜੇਕਰ ਮਸ਼ੀਨਾਂ ਦਾ ਡਾਟਾ ਲੈ ਕੇ ਮੁਲਜ਼ਮ ਵਾਪਸ ਆਪਣੇ ਦੇਸ਼ ਪਰਤ ਜਾਂਦੇ ਤਾ ਲੋਕਾਂ ਦੇ ਬੈਂਕ ਖਾਤੇ ਸਾਫ ਹੋ ਜਾਣੇ ਸੀ। ਇਨ੍ਹਾਂ ਠੱਗਾਂ ਦੀ ਗ੍ਰਿਫ਼ਤਾਰੀ ਤੋਂ ਬਾਅਦ ਇਹ ਸਾਫ ਹੋ ਗਿਆ ਕਿ ਵਿਦੇਸ਼ੀ ਹੁਣ ਠੱਗੀ ਲਈ ਭਾਰਤ ਨੂੰ ਨਿਸ਼ਾਨਾ ਬਣਾ ਰਹੇ ਹਨ।


# WHITE HAWK TRUCKING INC

***Need Drivers & Owner Operators***

**Dedicated Load (ਪੱਕੇ ਲੋਡ)**

**Immediate Payment Option**

**West Coast I-5 Route**




**• ਸਾਡੇ ਸਾਰੇ ਟਰੱਕ ਨਵੇਂ ਹਨ • ਪੇਪਰ ਦਿਓ ਪੈਸੇ ਲਓ • Home Time ਵੀ ਦਿੰਦੇ ਹਾਂ**

**• ਡਰਾਇਵਰਾਂ ਦਾ ਕੋਈ ਵੀ ਪੈਸਾ ਥੱਲੇ ਨਹੀਂ ਰੱਖਿਆ ਜਾਂਦਾ • We Sell New & Used Tires**

**• Minor to Major Repair • Rebuild Engine Transmission DEF, DPF Cleaning**

**• Any kind of Road Service • Computer Diagnose**

***Call for more Info:***

**Phone: (209) 242-9569, (209) 564-8899, (209) 345-6968**

**2101 MARTIN LUTHER KING JR WAY STOCKTON, CA 95205**

## ਸੰਧੂ ਭਰਾਵਾਂ ਨੂੰ ਸਦਮਾ, ਪਿਤਾ ਹਰਬੰਸ ਸਿੰਘ ਸੰਧੂ ਦਾ ਦਿਹਾਂਤ

**ਫਰੀਮਾਂਟ (ਬਿਊਰੋ ਨਿਊਜ਼ :** ਬੇ-ਏਰੀਆ ਸਪੋਰਟਸ ਕਲੱਬ ਦੇ ਰੂਹੇ-ਰਵਾਂ ਸੰਧੂ ਭਰਾ ਸੁਰਜੀਤ ਸਿੰਘ ਸੰਧੂ, ਚਰਨਜੀਤ ਸਿੰਘ ਅਤੇ ਬਲਜੀਤ ਸਿੰਘ ਸੰਧੂ ਨੂੰ ਉਸ ਵੇਲੇ ਗਹਿਰਾ ਸਦਮਾ ਲੱਗਾ, ਜਦੋਂ ਉਹਨਾਂ ਦੇ ਪਿਤਾ ਸ. ਹਰਬੰਸ ਸਿੰਘ ਸੰਧੂ, 88 ਸਾਲ ਦੀ ਉਮਰ 'ਚ ਆਪਣਾ ਦੋਹਤਿਆਂ-ਪੋਤਿਆਂ ਵਾਲਾ ਹਰਿਆ ਭਰਿਆ ਪਰਿਵਾਰ



ਛੱਡ ਕੇ ਇਕ ਸੰਖੇਪ ਬਿਮਾਰੀ ਪਿੱਛੋਂ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ। ਸਵ. ਹਰਬੰਸ ਸਿੰਘ ਸੰਧੂ ਦਾ ਪੰਜਾਬ ਵਿਚ ਜਲੰਧਰ ਜਿਲ੍ਹੇ ਦਾ ਪਿੰਡ ਰੁੜਕਾ ਕਲਾਂ ਸੀ। ਉਨ੍ਹਾਂ ਦਾ ਅੰਤਿਮ ਸਸਕਾਰ ਮਿਤੀ 25 ਅਗਸਤ ਦਿਨ ਸ਼ਨਿੱਚਰਵਾਰ ਨੂੰ ਬਾਅਦ ਦੁਪਹਿਰ 1:30 ਤੋਂ 3:30 ਤੱਕ ਚੈਪਲ ਆਫ ਚਾਈਮਸ 32992 ਮਿਸ਼ਨ ਬੁਲੇਵਾਰਡ ਹੇਵਰਡਸ ਵਿਖੇ ਕੀਤਾ ਜਾਵੇਗਾ। ਉਪਰੰਤ ਅੰਤਿਮ ਅਰਦਾਸ ਗੁਰਦੁਆਰਾ ਸਾਹਿਬ ਫਰੀਮਾਂਟ ਵਿਖੇ ਹੋਵੇਗੀ। ਸਵ. ਹਰਬੰਸ ਸਿੰਘ ਸੰਧੂ ਆਪਣੇ ਪਿੱਛੇ ਉਪਰੋਕਤ ਤਿੰਨ ਪੁੱਤਰ ਅਤੇ ਦੋ ਧੀਆਂ ਬਲਜਿੰਦਰ ਕੌਰ ਸਹੋਤਾ ਅਤੇ ਕੁਲਵਿੰਦਰ ਕੌਰ ਮਾਹਲ ਛੱਡ ਗਏ ਹਨ। ਯਾਦ ਰਹੇ ਕਿ ਉੱਤਰੀ ਅਮਰੀਕਾ ਵਿਚ ਹੀ ਨਹੀਂ ਸਗੋਂ ਆਪਣੇ ਪਿੰਡ ਰੁੜਕਾ ਕਲਾਂ 'ਚ ਵੱਡੇ ਕਬੱਡੀ ਕੱਪ ਕਰਵਾ ਕੇ ਬੇ-ਏਰੀਆ ਸਪੋਰਟਸ ਕਲੱਬ ਦੇ ਨਾਂ ਹੇਠ ਸੰਧੂ ਭਰਾ ਪਿਛਲੇ ਲੰਮੇ ਅਰਸੇ ਤੋਂ ਮਾਂ ਖੇਡ ਕਬੱਡੀ ਨੂੰ ਪ੍ਰਮੋਟ ਕਰਦੇ ਆ ਰਹੇ ਹਨ ਅਤੇ ਉਨ੍ਹਾਂ ਨੇ ਬਹੁਤ ਸਾਰੇ ਨਾਮੀ ਖਿਡਾਰੀਆਂ ਨੂੰ ਸਪਾਂਸਰ ਹੀ ਨਹੀਂ ਕੀਤਾ ਸਗੋਂ ਪੁੱਤਾਂ ਵਾਂਗ ਪਾਲਿਆ ਵੀ ਹੈ। ਯੂਨਾਈਟਡ ਸਪੋਰਟਸ ਕਲੱਬ ਦੇ ਸ. ਅਮੋਲਕ ਸਿੰਘ ਗਾਖਲ ਸਮੇਤ ਅਨੇਕਾਂ ਕਬੱਡੀ ਪ੍ਰੇਮੀਆਂ, ਖਿਡਾਰੀਆਂ ਤੇ ਕਬੱਡੀ ਸਪਾਂਸਰਾਂ ਵਲੋਂ ਸ. ਹਰਬੰਸ ਸਿੰਘ ਸੰਧੂ ਦੀ ਮੌਤ 'ਤੇ ਸੰਧੂ ਭਰਾਵਾਂ ਨਾਲ ਦੁੱਖ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਸੰਧੂ ਪਰਿਵਾਰ ਦੀ ਸਮਾਜਿਕ ਅਤੇ ਖੇਡਾਂ ਦੇ ਖੇਤਰ ਵਿਚ ਬਹੁਤ ਵੱਡੀ ਦੇਣ ਹੈ। ਸਮਾਜਿਕ ਖੇਤਰ ਵਿਚ ਉਨ੍ਹਾਂ ਦਾ ਮਾਣ ਸਤਿਕਾਰ ਬਣਿਆ ਹੋਇਆ ਹੈ ਅਤੇ ਇਹ ਸਭ ਕੁਝ ਸਵ. ਹਰਬੰਸ ਸਿੰਘ ਸੰਧੂ ਵਲੋਂ ਆਪਣੇ ਬੱਚਿਆਂ ਨੂੰ ਦਿੱਤੀ ਗਈ ਸੁਚੱਜੀ ਸਮਾਜਿਕ ਸਿੱਖਿਆ ਦਾ ਨਤੀਜਾ ਹੀ ਹੈ। ਸੰਧੂ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਫੋਨ ਨੰਬਰ 510 881 6969 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਬਲੈਕ-ਆਊਟ ਕਰ ਦਿੱਤੀ ਚੀਨੀ ਰਾਜਦੂਤ ਦੀ ਸ੍ਰੀ ਦਰਬਾਰ ਸਾਹਿਬ ਫੇਰੀ

- ਭਾਰਤੀ ਤੇ ਪੰਜਾਬ ਦੇ ਮੀਡੀਆ 'ਚ ਖ਼ਬਰ ਹੋਈ ਬਲੈਕ ਆਊਟ
- ਪਹਿਲੀ ਵਾਰੀ ਚੀਨੀ ਅਧਿਕਾਰੀ ਦਰਬਾਰ ਸਾਹਿਬ ਦੇ ਦਰਸ਼ਨਾਂ ਨੂੰ ਆਇਆ
- 1 ਲੱਖ ਰੁਪਏ ਦਰਬਾਰ ਸਾਹਿਬ ਨੂੰ ਭੇਟ ਕੀਤੇ
- ਪੰਜਾਬ 'ਚ ਚੀਨ ਕਰੇਗਾ ਇਨਵੈਸਟਮੈਂਟ



**ਅੰਮ੍ਰਿਤਸਰ/ਬਿਊਰੋ ਨਿਊਜ਼ :** 10 ਅਗਸਤ ਨੂੰ ਚੀਨ ਦੇ ਭਾਰਤ ਵਿੱਚ ਅੰਬੈਸਡਰ ਲੂਅ ਝਾਉਈ ਆਪਣੀ ਪਤਨੀ, ਜਿਆਂਗ ਯੀ ਸਮੇਤ ਦਰਬਾਰ ਸਾਹਿਬ ਦੇ ਦਰਸ਼ਨਾਂ ਲਈ ਆਏ। ਇਹ ਸ਼ਾਇਦ ਪਹਿਲੀ ਵਾਰ ਹੈ ਕਿ ਚੀਨ ਦਾ ਕੋਈ ਇਸ ਪੱਧਰ ਦਾ ਅਧਿਕਾਰੀ ਦਰਬਾਰ ਸਾਹਿਬ ਆਇਆ ਹੋਵੇ। ਮਿਸਟਰ ਲੂਅ ਨੇ ਦਰਬਾਰ ਸਾਹਿਬ ਫੇਰੀ ਦੀਆਂ ਤਸਵੀਰਾਂ ਟਵੀਟ ਕਰਦਿਆਂ ਬੜੇ ਮਾਣ ਨਾਲ ਲਿਖਿਆ ਕਿ "ਆਪਣੀ ਜਵਾਨੀ ਦੇ ਦਿਨਾਂ ਵਿੱਚ ਇੱਕ ਸਕਾਲਰ ਦੇ ਨਾਤੇ ਮੈਂ ਸਿੱਖ ਧਰਮ ਬਾਰੇ ਇੱਕ ਕਿਤਾਬ ਲਿਖੀ ਸੀ। ਮੇਰਾ ਸਭ ਤੋਂ ਚੰਗਾ ਦੋਸਤ ਵੀ ਇੱਕ ਸਿੱਖ ਹੈ। ਮੇਰਾ ਦਰਬਾਰ ਸਾਹਿਬ ਦੇ ਦਰਸ਼ਨਾਂ ਦਾ ਸੁਪਨਾ ਪੂਰਾ ਹੋਇਆ ਹੈ। ਇਹ ਅਸਥਾਨ ਖ਼ੂਬਸੂਰਤ ਭਵਨ ਨਿਰਮਾਣ ਕਲਾ, ਕੁਦਰਤੀ ਸੁਹਜ ਅਤੇ ਰੂਹਾਨੀਅਤ ਦਾ ਅਨੂਠਾ ਮੇਲ ਹੈ। ਸਿੱਖ ਧਰਮ ਸੇਵਾ, ਮਨੁੱਖੀ ਪਿਆਰ ਤੇ ਸਰੱਬਤ ਦੇ ਭਲੇ ਦਾ ਸੁਨੇਹਾ ਦਿੰਦਾ ਹੈ।" ਚੀਨ ਦੇ ਡੈਲੀਗੇਟ ਨੇ 1 ਲੱਖ ਰੁਪਏ ਸ੍ਰੀ ਦਰਬਾਰ ਸਾਹਿਬ ਲਈ ਭੇਟ ਕੀਤੇ। ਅੰਬੈਸਡਰ ਨੇ ਕਿਹਾ ਕਿ ਚੀਨ ਦੀਆਂ 800 ਕੰਪਨੀਆਂ, ਪੂੰਜੀ ਨਿਵੇਸ਼ ਲਈ ਤਿਆਰ ਹਨ। ਉਨ੍ਹਾਂ ਵਿੱਚੋਂ ਕੁਝ ਪੰਜਾਬ ਵਿਚ ਪੂੰਜੀ ਨਿਵੇਸ਼ ਕਰਨਾ ਚਾਹੁੰਦੀਆਂ ਹਨ, ਜੇ ਉਨ੍ਹਾਂ ਨੂੰ ਪੂੰਜੀ-ਨਿਵੇਸ਼ ਲਈ ਲਾਹੇਵੰਦੀ-ਨੀਤੀ ਮਿਲੇ। ਚੀਨ ਦੇ ਅੰਬੈਸਡਰ ਨੇ ਸਿੱਖ ਕੌਮ ਨੂੰ 'ਦੋਸਤੀ' ਦੇ 'ਡਿਪਲੋਮੈਟਿਕ ਇਸ਼ਾਰੇ' ਦਿੱਤੇ ਹਨ। ਕੀ ਸਿੱਖ ਲੀਡਰਸ਼ਿਪ ਇਸ ਨੂੰ ਸਮਝੇਗੀ? ਪਰ ਭਾਰਤ ਇਸ ਨੂੰ ਬਹੁਤ ਚੰਗੀ ਤਰ੍ਹਾਂ ਸਮਝਦਾ ਹੈ। ਇਸ ਲਈ ਚੀਨ ਦੇ ਅੰਬੈਸਡਰ ਦੀ ਦਰਬਾਰ ਸਾਹਿਬ ਫੇਰੀ ਦੀ ਖ਼ਬਰ ਨੂੰ ਮੁੱਖਧਾਰਾ ਮੀਡੀਆ ਵਲੋਂ 'ਬਲੈਕ-ਆਊਟ' ਹੀ ਕੀਤਾ ਗਿਆ।

ਇੱਥੋਂ ਤੱਕ ਕਿ ਪੰਥਕ ਮੀਡੀਆ ਨੇ ਵੀ ਖ਼ਬਰ ਨਹੀਂ ਲਾਈ। ਆਮ ਕਰਕੇ ਜੇ ਕੋਈ ਨਿੱਕਾ ਜਿਹਾ ਐਕਟਰ ਵੀ ਦਰਬਾਰ ਸਾਹਿਬ ਆ ਜਾਵੇ ਤਾਂ ਮੀਡੀਆ ਕੈਮਰੇ ਚੁੱਕ ਕੇ ਪਿੱਛੇ ਭੱਜਿਆ ਫਿਰਦਾ ਹੁੰਦਾ ਪਰ ਚੀਨ ਵਰਗੇ ਮੁਲਕ ਦੇ ਅੰਬੈਸਡਰ ਦੀ ਫੇਰੀ ਨੂੰ ਬਲੈਕ ਆਊਟ ਕਰ ਦਿੱਤਾ ਗਿਆ। ਚੀਨ ਇੱਕ ਨਾਸਤਿਕ ਮੁਲਕ ਹੈ, ਫਿਰ ਚੀਨ ਦੇ ਅੰਬੈਸਡਰ ਦਾ ਦਰਬਾਰ ਸਾਹਿਬ ਆਉਣਾ ਅਤੇ ਦਰਬਾਰ ਸਾਹਿਬ ਅੱਗੇ ਹੱਥ ਜੋੜ ਕੇ ਫੋਟੋ ਖਿਚਵਾਉਣ ਦਾ ਕੀ ਮਤਲਬ ? ਸ਼ਾਇਦ ਇਸ ਦਾ ਮਤਲਬ ਇੱਕੋ ਹੈ ਕਿ ਚੀਨੀ ਅੰਬੈਸਡਰ ਸਿੱਖਾਂ ਨੂੰ ਡਿਪਲੋਮੈਟਿਕ ਤਰੀਕੇ ਨਾਲ ਇਸ਼ਾਰਾ ਦੇਣਾ ਚਾਹੁੰਦਾ ਕਿ ਅਸੀਂ ਤੁਹਾਡੇ ਨਾਲ ਹਾਂ, ਜਿਸ ਨੂੰ ਭਾਰਤੀਤੰਤਰ ਚੰਗੀ ਤਰ੍ਹਾਂ ਸਮਝ ਗਿਆ ਅਤੇ ਚੀਨੀ ਅੰਬੈਸਡਰ ਦੀ ਫੇਰੀ ਨੂੰ ਹੀ ਬਲੈਕ ਆਊਟ ਕਰਵਾ ਦਿੱਤਾ।

## ਸਿਗਰਟ-ਸਮਗਲਿੰਗ ਕੇਸ ਵਿਚ ਪੰਜਾਬੀ ਤੇ ਪ੍ਰੋਬੇਸ਼ਨ ਲੱਗੀ, ਭਾਰੀ ਜੁਰਮਾਨਾ

**ਮਾਰਟਿਨਸਬਰਗ (ਜਾਰਜੀਆ)/ਹੁਸਨ ਲੜੋਆ ਬੰਗਾ :** ਜਾਰਜੀਆ ਦੇ ਵਸਨੀਕ 46 ਸਾਲਾ ਸੁਖਦੇਵ ਸਿੰਘ ਵਿਰਦੀ ਨੂੰ ਅਮਰੀਕੀ ਜ਼ਿਲਾ ਅਦਾਲਤ ਵਿਚ ਤਿੰਨ ਸਾਲਾਂ ਦੀ ਪ੍ਰੋਬੇਸ਼ਨ 'ਤੇ ਰੱਖਿਆ ਗਿਆ ਹੈ। ਬਰਕਲੇ ਕਾਊਂਟੀ, ਅਟਾਰਨੀ ਬਿਲ ਪਾਵੇਲ ਨੇ ਕਿਹਾ ਕਿ ਡੇਕੂਲਾ (ਜਾਰਜੀਆ) ਦੇ ਸੁਖਦੇਵ ਸਿੰਘ ਵਿਰਦੀ ਨੇ ਬੇਹਿਸਾਬ ਸਿਗਰਟਾਂ ਦੀ ਸਮਗਲਿੰਗ ਕੀਤੀ। ਇਸ ਸਾਜਿਸ਼ ਤਹਿਤ ਜੂਨ 2017 ਵਿਚ ਉਸ ਨੂੰ ਦੋਸ਼ੀ ਠਹਿਰਾਇਆ ਗਿਆ ਸੀ। ਉਸ ਨੇ ਸਿਗਰਟ ਦੀ ਗ਼ੈਰਕਾਨੂੰਨੀ ਵਿਕਰੀ ਤੋਂ ਮੁਨਾਫ਼ਾ ਲੈਣ ਦੀ ਸਾਜ਼ਿਸ਼ ਰਚੀ ਸੀ।

ਸੁਖਦੇਵ ਸਿੰਘ ਵਿਰਦੀ ਨੂੰ ਗੈਰ-ਕਾਨੂੰਨੀ ਸਿਗਰਟ ਵੇਚਣ ਲਈ 14.2 ਮਿਲੀਅਨ ਡਾਲਰ ਦਾ ਜੁਰਮਾਨਾ ਅਦਾ ਕਰਨ ਦਾ ਹੁਕਮ ਦਿੱਤਾ ਗਿਆ ਸੀ ਅਤੇ ਮੁੱਖ ਅਮਰੀਕੀ ਜ਼ਿਲਾ ਜੱਜ ਜੀਨਾ ਐਮ ਗਰੋਹ ਨੇ £ 30,000 ਦਾ ਜੁਰਮਾਨਾ ਕੀਤਾ ਸੀ। ਸੁਖਦੇਵ ਸਿੰਘ ਵਿਰਦੀ ਖਿਲਾਫ ਦੋ ਹੋਰ ਵੱਖਰੇ ਤੌਰ 'ਤੇ ਫੌਜਦਾਰੀ ਕੇਸ ਦਰਜ ਹਨ ਤੇ ਸੰਘੀ ਅਦਾਲਤ ਵਿਚ ਪੈਂਡਿੰਗ ਹਨ।

## ਗ੍ਰੀਨ ਪਾਰਟੀ ਜਗਮੀਤ ਖਿਲਾਫ ਬਰਨਾਬੀ ਸਾਊਥ ਤੋਂ ਨਹੀਂ ਖੜ੍ਹਾ ਕਰੇਗੀ ਉਮੀਦਵਾਰ

**ਬਰਨਾਬੀ/ਬਿਊਰੋ ਨਿਊਜ਼ :** ਕੈਨੇਡਾ ਦੀ ਗ੍ਰੀਨ ਪਾਰਟੀ ਨੇ ਐੱਨਡੀਪੀ. ਆਗੂ ਜਗਮੀਤ ਸਿੰਘ ਨੂੰ ਕੌਮੀ ਸਿਆਸਤ ਵਿਚ ਲਿਆਉਣ ਵੱਲ ਕਦਮ ਚੁੱਕਦਿਆਂ ਬਰਨਾਬੀ ਸਾਊਥ ਦੀ ਜ਼ਿਮਨੀ ਚੋਣ ਵਿਚ ਉਨ੍ਹਾਂ ਖਿਲਾਫ ਆਪਣਾ ਉਮੀਦਵਾਰ ਖੜ੍ਹਾ ਨਾ ਕਰਨ ਦਾ ਫੈਸਲਾ ਲਿਆ ਹੈ। ਗ੍ਰੀਨ ਪਾਰਟੀ ਨੇ ਬਰਨਾਬੀ ਸਾਊਥ ਦੀ ਜ਼ਿਮਨੀ ਚੋਣ ਲਈ ਜਗਮੀਤ ਸਿੰਘ ਨੂੰ ਆਪਣਾ 'ਮੂੰਹ ਮੁਲਾਹਜੇ ਵਾਲਾ ਨੇਤਾ' ਭਾਵ ਲੀਡਰਸ ਕੋਰਟੇਸੀ ਐਲਾਨ ਦਿੱਤਾ ਹੈ। ਇਸ ਦੀ ਜਾਣਕਾਰੀ ਗ੍ਰੀਨ ਪਾਰਟੀ ਦੀ ਔਰਤ ਨੇਤਾ ਐਲੀਜ਼ਾਬੈੱਥ ਮੇਅ ਨੇ ਦਿੱਤੀ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਗ੍ਰੀਨ ਪਾਰਟੀ ਆਫ ਕੈਨੇਡਾ ਦੀ ਮਹਿਲਾ ਨੇਤਾ ਐਲੀਜ਼ਾਬੈੱਥ ਮੇਅ (ਸਾਨਿਚ-ਗਲਫ ਆਈਸਲੈਂਡ ਤੋਂ ਐੱਮਪੀ.) ਨੇ ਦੱਸਿਆ ਕਿ ਫੈਡਰਲ ਐੱਨਡੀਪੀ. ਨੇਤਾ ਜਗਮੀਤ ਸਿੰਘ ਨੇ ਗ੍ਰੀਨ ਪਾਰਟੀ ਦੀ ਪੇਸ਼ਕਸ਼ ਸਵੀਕਾਰ ਕਰ ਲਈ ਹੈ। ਉਨ੍ਹਾਂ ਕਿਹਾ ਕਿ ਹੁਣ ਉਹ ਬਰਨਾਬੀ ਸਾਊਥ ਦੀ ਜ਼ਿਮਨੀ ਚੋਣ ਵਿਚ ਜਗਮੀਤ ਖਿਲਾਫ ਆਪਣਾ ਉਮੀਦਵਾਰ ਖੜ੍ਹਾ ਨਹੀਂ ਕਰਨਗੇ।


CAPITAL ACCOUNTING & TAX SERVICES

HELPING PEOPLE FOR THEIR TRUCKING NEEDS

(IRP) Plates-48 States-Same Day

ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।

ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ

- ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
- ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।

Same Day Plates Same Day Plates Same Day Plates



Kuldeep Singh Kang



Sewa Singh Bhinder

ਸੱਤ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ

TRUCKING SERVICES AVAILABLE
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption

BUSINESS SERVICES AVAILABLE
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services



CALIFORNIA DMV LIV. # 40524

PH : 530-669-5780 Fax : 530-669-5775

Cell : 530-908-9386 Cell : 530-405-6020

ਇਹ ਦਫ਼ਤਰ ਡੀ.ਐਮ.ਵੀ. ਸ਼ਾਪਿੰਗ ਸੈਂਟਰ ਵਿਚ ਹੈ।

825 East Street, Suite 110 Woodland, CA 95776



ALL STATE INSURANCE

Allstate You're in good hands.

ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ

ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ

AUTO HOME LIFE HEALTH BUSINESS



Avninder Singh

Insurance Specialist, CA --LIC: #0822501

Phone : (510) 441-7490

(877) 441-7490

FAX : (510) 441-2537

ADDRESS : 30042 MISSION BLVD

SUITE #221, HAYWARD, CA 94544



CAPITAL SERVICES

Capital services

ਸਾਰੀਆਂ ਸੇਵਾਵਾਂ ਇਕੋ ਥਾਂ

- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ



ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ
- ਕਾਰ ਟਰਾਂਸਫਰ/ਸਟਿੱਕਰ
- ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
- ਲਾਈਵ ਸਕੈਨ/ਫਿੰਗਰ ਪ੍ਰਿੰਟ
- ਨੋਟਰੀ ਪਬਲਿਕ, ਮੇਲ ਬੋਕਸ, ਫੈਕਸ, ਕਾਪੀ,
- ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441

Email : sacramento99@yahoo.co, website: capitalservices.us

# ਕਰਿਆਨਾ ਸਟੋਰਾਂ 'ਤੇ ਸ਼ਰੇਆਮ ਵਿਕ ਰਹੇ ਨੇ ਓਕਸੀਟੋਸਿਨ ਨਾਮੀ ਟੀਕੇ

## ✪ ਨੌਜਵਾਨ ਲੜਕੇ-ਲੜਕੀਆਂ ਇਸ ਟੀਕੇ ਦੀ ਵਰਤੋਂ ਨਸ਼ੇ ਦੇ ਰੂਪ ਵਿਚ ਕਰ ਰਹੇ ਨੇ

## ✪ 1 ਰੁਪਏ ਵਾਲਾ ਟੀਕਾ ਮਿਲ ਰਿਹਾ ਏ 50 ਤੋਂ 500 ਰੁਪਏ ਤੱਕ

**ਲੁਧਿਆਣਾ/ਬਿਊਰੋ ਨਿਊਜ਼ :**
ਭਾਰਤ ਸਰਕਾਰ ਵਲੋਂ ਨਸ਼ਾਯੁਕਤ ਓਕਸੀਟੋਸਿਨ ਨਾਂਅ ਦੇ ਟੀਕੇ ਉੱਪਰ ਰੋਕ ਲਾਈ ਗਈ ਹੈ ਪਰ ਫਿਰ ਵੀ ਇਹ ਟੀਕਾ ਸ਼ਰੇਆਮ ਪੰਜਾਬ ਦੇ ਕਰਿਆਨਾ ਸਟੋਰਾਂ 'ਤੇ ਉਪਲਬਧ ਹੈ। ਨਸ਼ਾਯੁਕਤ ਟੀਕਾ ਹੋਣ ਕਾਰਨ ਹਸਪਤਾਲਾਂ ਤੇ ਫਾਰਮੇਸੀਆਂ ਦੇ ਪ੍ਰਬੰਧਕਾਂ ਨੂੰ ਇਸ ਦੀ ਖ਼ਰੀਦੋ-ਫ਼ਰੋਖਤ ਸਬੰਧੀ ਪੂਰਾ ਰਿਕਾਰਡ ਰੱਖਣਾ ਪੈਂਦਾ ਹੈ ਅਤੇ ਇਕ ਜਿਹੜੀ ਗਰਭਵਤੀ ਔਰਤ ਦੇ ਜਣੇਪੇ ਲਈ ਵਰਤੋਂ ਹੁੰਦੀ ਹੈ ਉਸ ਔਰਤ ਬਾਰੇ ਵੀ ਪੂਰਾ ਵੇਰਵਾ ਦਰਜ ਹੁੰਦਾ ਹੈ। ਜਾਣਕਾਰੀ ਮੁਤਾਬਿਕ ਪਿਛਲੇ ਲੰਬੇ ਸਮੇਂ ਤੋਂ ਇਸ ਟੀਕੇ ਦੀ ਵਰਤੋਂ ਪਸ਼ੂ ਪਾਲਕ ਦੁਧਾਰੂਆਂ ਦੀ ਚੁਆਈ ਸਮੇਂ ਕਰਦੇ ਆ ਰਹੇ ਹਨ, ਜੋ ਕਿ ਮਨੁੱਖੀ ਸਿਹਤ ਉੱਪਰ ਬੁਰਾ ਅਸਰ ਪਾ ਰਹੇ ਹਨ ਤੇ ਹੁਣ ਜਦੋਂ ਤੋਂ ਸਮਾਜ ਵਿਚ ਹੈਲਥ ਕਲੱਬਾਂ ਦਾ ਪ੍ਰਚਲਨ ਸ਼ੁਰੂ ਹੋਇਆ ਹੈ ਤੇ ਉਨ੍ਹਾਂ ਵਿਚ ਸਰੀਰ ਨੂੰ ਸੁਡੌਲ ਬਣਾਉਣ ਲਈ ਜਿਹੜੇ ਨੌਜਵਾਨ ਲੜਕੇ ਲੜਕੀਆਂ ਆ ਰਹੇ ਹਨ ਵੀ ਇਨ੍ਹਾਂ ਟੀਕਿਆਂ ਦੀ ਵਰਤੋਂ ਕਰਨ ਲੱਗੇ ਹਨ। ਕਈ ਹੈਲਥ ਕਲੱਬਾਂ ਦੇ ਪ੍ਰਬੰਧਕ ਪੈਸੇ ਦੇ ਲਾਲਚ ਵਿਚ ਜਦੋਂ ਕਿ ਲੜਕੇ-ਲੜਕੀਆਂ ਸਰੀਰਕ ਤੌਰ 'ਤੇ ਸਮਾਰਟ ਬਣਨ ਲਈ ਟੀਕੇ ਦੀ ਵਰਤੋਂ ਕਰ ਰਹੇ ਹਨ। ਇਸ ਟੀਕੇ ਦੀ ਲਗਾਤਾਰ ਵਰਤੋਂ ਹੋਣ ਕਾਰਨ ਤੇ ਇਸ ਟੀਕੇ ਰਾਹੀਂ ਚੋਇਆ ਦੁੱਧ ਪੀਣ ਨਾਲ ਲੜਕੇ, ਲੜਕੀਆਂ ਵਿਚ ਬਾਂਝਪਨ ਦੀ ਸਮੱਸਿਆ ਪੈਦਾ ਹੋ ਰਹੀ ਹੈ। ਵੇਖਣ ਵਾਲੀ ਗੱਲ ਇਹ ਹੈ ਕਿ ਸਰਕਾਰ ਵਲੋਂ ਰੋਕ ਲਾਏ ਜਾਣ ਦੇ ਬਾਵਜੂਦ ਵੀ ਇਹ ਟੀਕਾ ਕਰਿਆਨਾ



ਸਟੋਰਾਂ 'ਤੇ ਆਮ ਵਿਕ ਰਿਹਾ ਹੈ। ਜਾਣਕਾਰੀ ਅਨੁਸਾਰ ਇਸ ਟੀਕੇ ਦੀ ਕੀਮਤ ਇਕ ਰੁਪਏ ਹੈ। ਇਕ ਟੀਕੇ ਵਿਚ ਇਕ ਮਿਲੀਲੀਟਰ ਤਰਲ ਪਦਾਰਥ ਦੇ ਰੂਪ ਵਿਚ ਟੀਕਾ ਹੁੰਦਾ ਹੈ। ਪੰਜਾਬ ਦੇ ਮੁੱਖ ਡਿਸਟਰੀਬਿਊਟਰ ਗੁਰਪ੍ਰੀਤ ਸਿੰਘ ਨਾਰੰਗ ਨੇ ਦੱਸਿਆ ਕਿ ਕੁਝ ਸਮਾਂ ਪਹਿਲਾਂ ਇਹ ਟੀਕਾ ਚੋਰੀ ਛਿਪੇ ਢੰਗ ਨਾਲ ਚੀਨ ਤੋਂ ਦਵਾਈਆਂ ਬਣਾਉਣ ਵਾਲੀਆਂ ਕੰਪਨੀਆਂ ਦੋ ਗ੍ਰਾਮ ਓਕਸੀਟੋਸਿਨ ਦਾ ਪਾਊਡਰ, 10-12 ਹਜ਼ਾਰ ਰੁਪਏ ਵਿਚ ਖਰੀਦਦੀਆਂ ਸਨ ਤੇ ਦੋ ਗ੍ਰਾਮ ਪਾਊਡਰ ਨਾਲ ਨਾਜਾਇਜ਼ ਢੰਗ ਨਾਲ ਚੱਲ ਰਹੀਆਂ ਦਵਾਈ ਵਾਲੀਆਂ ਕੰਪਨੀਆਂ ਦੋ ਲੱਖ ਟੀਕੇ ਤਿਆਰ ਕਰਕੇ ਦੋ ਲੱਖ ਰੁਪਏ ਕਮਾ ਲੈਂਦੀਆਂ ਸਨ। ਸਿਹਤ ਵਿਭਾਗ ਤੇ ਪੁਲਿਸ ਟੀਕਾ ਤਿਆਰ ਕਰਨ ਵਾਲੀਆਂ ਕੰਪਨੀਆਂ ਤੇ ਟੀਕੇ ਦੀ ਖਰੀਦੋ-ਫਰੋਖਤ ਵਾਲਿਆਂ ਨੂੰ ਫੜਣ ਵਿਚ ਨਾਕਾਮ ਹਨ। ਦਵਾਈਆਂ ਦੇ ਕਾਰੋਬਾਰ ਨਾਲ ਜੁੜੇ ਕਾਰੋਬਾਰੀਆਂ ਨੇ ਦੱਸਿਆ ਕਿ ਕੁਝ ਸਮੇਂ ਤੋਂ ਇਹ ਟੀਕਾ ਬਿਹਾਰ ਤੋਂ ਵੀ ਗੈਰ-ਕਾਨੂੰਨੀ ਢੰਗ ਨਾਲ ਪੰਜਾਬ ਵਿਚ ਦਾਖ਼ਲ ਹੋ ਰਿਹਾ ਹੈ, ਜਦੋਂ ਕਿ ਭਾਰਤ ਸਰਕਾਰ ਵਲੋਂ ਜਨਵਰੀ 2013 ਤੋਂ ਇਸ ਟੀਕੇ ਦੀ ਸ਼ਰੇਆਮ ਵਿਕਰੀ ਉੱਪਰ ਪਾਬੰਦੀ ਲਾਈ ਹੋਈ ਸੀ। ਵੇਖਣ ਵਿਚ ਆਇਆ ਹੈ ਕਿ ਕਈ ਨੌਜਵਾਨ ਲੜਕੇ-ਲੜਕੀਆਂ ਇਸ ਟੀਕੇ ਦੀ ਵਰਤੋਂ ਨਸ਼ੇ ਦੇ ਰੂਪ ਵਿਚ ਕਰ ਰਹੇ ਹਨ ਤੇ ਉਨ੍ਹਾਂ ਨੂੰ ਇਕ ਐਮ.ਐਲ. ਦਾ ਇਕ ਟੀਕਾ 50 ਰੁਪਏ ਤੋਂ 500 ਰੁਪਏ ਤੱਕ ਮਿਲਦਾ ਹੈ, ਕਿਉਂਕਿ ਕਈ ਨਸ਼ੇੜੀਆਂ ਵਲੋਂ ਆਪਣਾ ਖਰਚਾ ਕੱਢਣ ਲਈ ਵਪਾਰ ਦੇ ਰੂਪ ਵਿਚ ਅੱਗੇ ਦੀ ਅੱਗੇ ਮਹਿੰਗਾ ਕਰਕੇ ਵੇਚਿਆ ਜਾ ਰਿਹਾ ਹੈ, ਜਦੋਂ ਕਿ ਸਰਕਾਰ ਨਸ਼ਾਯੁਕਤ ਦਵਾਈਆਂ ਉੱਪਰ ਰੋਕ ਲਗਾਉਣ ਲਈ ਸਫ਼ਲ ਨਹੀਂ ਹੋ ਰਹੀ।

## ਦਰਿਆ ਰਾਹੀਂ ਭਾਰਤ ਭੇਜੀ ਜਾ ਰਹੀ ਹੈ ਹੈਰੋਇਨ

**ਫਿਰੋਜ਼ਪੁਰ/ਬਿਊਰੋ ਨਿਊਜ਼ :** ਸਰਹੱਦ 'ਤੇ ਸਖ਼ਤ ਚੌਕਸੀ ਹੋਣ ਕਾਰਨ ਪਾਕਿ ਤਸਕਰ ਹੈਰੋਇਨ ਭੇਜਣ ਲਈ ਸਤਲੁਜ ਦਰਿਆ ਦੇ ਤੇਜ ਵਹਾਅ ਦਾ ਸਹਾਰਾ ਲੈ ਰਹੇ ਹਨ। ਬੀਤੇ ਦਿਨੀਂ ਭਾਰਤ-ਪਾਕ ਸਰਹੱਦ 'ਤੇ ਬਾਰਡਰ ਆਊਟਰ ਪੋਸਟ ਜੋਗਿੰਦਰ ਦੇ ਕੋਲ ਬੀਐੱਸ ਐੱਫ ਨੇ ਸਤਲੁਜ ਦਰਿਆ ਤੋਂ ਮਿਲਿਆ ਛੇ ਬੋਤਲਾਂ ਵਿਚ ਛੇ ਕਿੱਲੋ ਹੈਰੋਇਨ ਬਰਾਮਦ ਕੀਤੀ। ਇਹ ਬੋਤਲਾਂ ਦਰਿਆ ਦੇ ਤੇਜ ਵਹਾਅ ਵਿਚ ਪਾਕਿਸਤਾਨ ਵੱਲੋਂ ਰੁੜ੍ਹਕੇ ਆਈਆਂ ਸਨ। ਇਸ ਬੋਤਲਾਂ ਦੀ ਜਾਂਚ ਕੀਤੀ ਗਈ ਤਾਂ ਉਸ ਵਿੱਚ ਛੇ ਕਿੱਲੋ ਹੈਰੋਇਨ ਬਰਾਮਦ ਹੋਈ।

# ਪੰਜਾਬ 'ਚ ਸਿਹਤ ਵਿਭਾਗ ਵਲੋਂ ਬਰਾਮਦ ਕੀਤੇ 60 ਫੀਸਦੀ ਡੇਅਰੀ ਪਦਾਰਥਾਂ ਦੇ ਸੈਂਪਲ ਫੇਲ੍ਹ

**ਚੰਡੀਗੜ੍ਹ/ਬਿਊਰੋ ਨਿਊਜ਼ :**
ਬੀਤੇ ਦਿਨੀ ਪੰਜਾਬ ਦੇ ਵੱਖ ਵੱਖ ਹਿੱਸਿਆਂ 'ਚ ਛਾਪੇਮਾਰੀ ਕਰਕੇ ਸਿਹਤ ਵਿਭਾਗ ਨੇ ਵੱਡੀ ਮਾਤਰਾ ਵਿਚ ਡੇਅਰੀ ਪਦਾਰਥਾਂ ਨੂੰ ਜ਼ਬਤ ਕੀਤਾ ਸੀ। ਇਨ੍ਹਾਂ ਪਦਾਰਥਾਂ ਦੀ ਜਾਂਚ ਦੌਰਾਨ 60 ਫੀਸਦੀ ਡੇਅਰੀ ਪਦਾਰਥ ਨਕਲੀ ਪਾਏ ਗਏ ਹਨ। ਇਹ ਪਦਾਰਥ ਲੋਕਾਂ ਦੇ ਖਾਣ ਲਈ ਹਾਨੀਕਾਰਕ ਪਾਏ ਗਏ ਹਨ। ਸਿਹਤ ਵਿਭਾਗ ਨੇ ਕੁੱਲ 724 ਸੈਂਪਲ ਲਏ ਸਨ ਜਿਨ੍ਹਾਂ ਵਿਚੋਂ 434 ਸੈਪਲ ਜਾਂਚ ਦੌਰਾਨ ਫੇਲ੍ਹ ਹੋ ਗਏ। ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਪੰਜਾਬ ਬ੍ਰਹਮ ਮਹਿੰਦਰਾ ਨੇ ਸਿਹਤ ਅਧਿਕਾਰੀਆਂ ਨੂੰ ਲੋਕਾਂ ਦੀ ਸਿਹਤ ਨਾਲ ਖਿਲਵਾੜ ਕਰਨ ਵਾਲਿਆਂ ਖਿਲਾਫ ਸਖਤ ਕਾਰਵਾਈ ਕਰਨ ਦੇ ਹੁਕਮ ਦਿੱਤੇ ਹਨ। ਸਿਹਤ ਵਿਭਾਗ ਵਲੋਂ ਖਾਣ ਵਾਲੀਆਂ ਵਸਤੂਆਂ ਦੇ ਵੀ ਜੋ ਸੈਂਪਲ ਲਏ ਗਏ ਸਨ, ਉਨ੍ਹਾਂ ਵਿਚ ਵੀ 20 ਫੀਸਦੀ ਸੈਂਪਲਾਂ 'ਚ ਨਕਲੀ ਅਤੇ ਮਿਲਾਵਟੀ ਦੁੱਧ ਮਿਲਿਆ ਹੈ।
ਇਸ ਤੋਂ ਸਾਫ ਹੋ ਗਿਆ ਹੈ ਕਿ ਪੰਜਾਬ ਦੇ ਲੋਕ ਚਿੱਟੇ ਜ਼ਹਿਰ ਦੇ ਸ਼ਿਕਾਰ ਹੋ ਰਹੇ ਹਨ। ਜ਼ਿਕਰਯੋਗ ਹੈ ਕਿ ਪਟਿਆਲਾ ਸੰਗਰੂਰ ਅਤੇ ਮੋਗਾ ਵਿਚ ਖੁਰਾਕ ਵਿਭਾਗ ਦੀ ਛਾਪੇਮਾਰੀ ਦੌਰਾਨ ਕੁਇੰਟਲਾਂ ਦੇ ਹਿਸਾਬ ਨਾਲ ਮਿਲੇ ਦੁੱਧ ਪਨੀਰ ਜ਼ਬਤ ਕੀਤਾ ਗਿਆ ਸੀ। ਇਹ ਛਾਪੇਮਾਰੀ ਬਾਘਾ ਪੁਰਾਣਾ 'ਚ ਪੁਰਾਣੀ ਪੱਤੀ ਵਾਲੇ ਚੌਕ ਨੇੜੇ ਵਿਸ਼ਨੂ ਮਿਲਕ ਸੈਂਟਰ 'ਤੇ ਕੀਤੀ ਗਈ ਸੀ। ਟੀਮ ਨੇ ਡੇਅਰੀ ਦੇ ਨਾਲ ਡੇਅਰੀ ਮਾਲਕਾਂ ਦੇ ਘਰਾਂ ਵਿਚ ਵੀ ਛਾਪੇਮਾਰੀ ਕੀਤੀ ਸੀ ਅਤੇ ਕੋਹੇਨੂਰ ਨਾਮ ਦੀ ਇਕ ਹੋਰ ਬਰਾਂਚ ਦੀ ਵੀ ਜਾਂਚ ਕੀਤੀ। ਟੀਮ ਨੇ ਜਾਂਚ ਦੌਰਾਨ 2740 ਲੀਟਰ ਦੇਸੀ ਘਿਉ, 200 ਕਿਲੋ ਪਨੀਰ, 320 ਕਿਲੋ ਦਹੀ, 4 ਥੈਲੇ ਐਸਪੀਐਸ ਪਾਊਡਰ ਬਰਾਮਦ ਕੀਤੇ ਜਿਨ੍ਹਾਂ ਨੂੰ ਵਿਭਾਗ ਨੇ ਜਾਂਚ ਲਈ ਸੀਲ ਕੀਤਾ ਸੀ। ਕੋਹੇਨੂਰ ਬਰਾਂਚ ਤੋਂ ਵੀ ਐਸਪੀਐਸ ਪਾਊਡਰ ਦੇ ਚਾਰ ਥੈਲੇ ਮਿਲੇ ਹਨ। ਇਸੇ ਤਰ੍ਹਾਂ ਹੀ ਪਟਿਆਲਾ ਵਿਚ ਵੀ ਸਿਹਤ ਵਿਭਾਗ ਨੇ ਪੁਲਿਸ ਟੀਮ ਨਾਲ ਮਿਲ ਕੇ ਇਕ ਵੱਡੀ ਫੈਕਟਰੀ ਅੰਦਰ ਛਾਪੇਮਾਰੀ ਕੀਤੀ ਸੀ। ਨਕਲੀ ਦੁੱਧ ਅਤੇ ਉਸ ਨਾਲ ਜੁੜੇ ਪਦਾਰਥ ਬਣਾਉਣ ਵਾਲੇ ਕਾਰਖਾਨੇ ਸਿੰਗਲਾ ਮਿਲਕ ਚਿਲਿੰਗ ਸੈਂਟਰ ਦੇਵੀਗੜ੍ਹ 'ਤੇ ਸੀਆਈਏ ਸਟਾਫ ਪਟਿਆਲਾ ਦੀ ਟੀਮ ਨੇ ਨਕਲੀ ਦੁੱਧ ਅਤੇ ਨਕਲੀ ਡੇਅਰੀ ਪਦਾਰਥ ਬਣਾਉਣ ਵਾਲਾ ਸਮਾਨ ਵੱਡੀ ਮਾਤਰਾ ਵਿਚ ਬਰਾਮਦ ਕੀਤਾ ਸੀ। ਪੁਲਿਸ ਨੇ ਸਬੰਧਤ ਮਾਮਲਾ ਪੁਲਿਸ ਸਟੇਸ਼ਨ ਜੁਲਕਾਂ ਵਿਚ ਦਰਜ ਕਰਕੇ ਕਾਰਖਾਨੇ ਦੇ ਮਾਲਕ ਅਨਿਕ ਕੁਮਾਰ ਸਿੰਗਲਾ ਨੂੰ ਗ੍ਰਿਫਤਾਰ ਕੀਤਾ ਸੀ। ਪੁਲਿਸ ਨੂੰ ਛਾਪੇਮਾਰੀ ਦੌਰਾਨ 53 ਥੈਲੇ ਸੁੱਕਾ ਦੁੱਧ, 250 ਲੀਟਰ ਦੇ ਕਰੀਬ ਤੇਜ਼ਾਬ, 1503 ਲੀਟਰ ਰਸਾਇਣਿਕ ਪਦਾਰਥ, 750 ਲੀਟਰ ਸਿਰਕਾ, 1020 ਕਿਲੋ ਚਿੱਟਾ ਪਾਊਡਰ, 9 ਕਿਲੋ ਸ਼ਰਫ, ਸੱਤ ਹਜ਼ਾਰ ਲੀਟਰ ਨਕਲੀ ਦੁੱਧ, 15 ਕੁਇੰਟਲ ਪਨੀਰ, ਢਾਈ ਕੁਇੰਟਲ ਦੇਸੀ ਘਿਉ ਅਤੇ 12 ਕੁਇੰਟਲ ਖੁੱਲ੍ਹਾ ਦੇਸੀ ਘਿਉ ਬਰਾਮਦ ਕੀਤਾ ਸੀ। ਇਸੇ ਤਰ੍ਹਾਂ ਸੰਗਰੂਰ ਭਵਾਨੀਗੜ੍ਹ ਇਲਾਕੇ ਦੀ ਡੇਅਰੀ ਤੋਂ ਵੀ ਵੱਡੀ ਗਿਣਤੀ ਵਿੱਚ ਨਕਲੀ ਖਾਧ ਪਦਾਰਥ ਮਿਲੇ ਸਨ।

HOTHI FREIGHTLINES
HOTHI FREIGHTLINES
ਸਾਨੂੰ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ।
• California to Michigan, New Jersey Florida & Texas • Dedicated Load (ਪੱਕੇ ਲੋਡ)


○ ਪੈਸਿਆਂ ਦਾ ਭੁਗਤਾਨ ਆਪ ਸਾਨੂੰ ਲੋਡ ਡਲਿਵਰ ਕਰਕੇ ਪੇਪਰ ਦਿਉ ਅਤੇ ਆਪਣੇ ਪੈਸੇ ਲਉ।
○ ਸਾਡੇ ਡਿਸਪੈਚਰ ਪੰਜਾਬੀ ਅਤੇ ਇੰਗਲਿਸ਼ ਬੋਲਦੇ ਹਨ।
ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ
ਗੁਰਜੀਤ ਸਿੰਘ ਹੋਠੀ (408) 332-9355
248 South Hillview Dr Milpitas CA 95035

ਅੰਮ੍ਰਿਤਸਰ ਟਾਈਮਜ਼ Weekly Punjabi Newspaper
Corporate Office
4127 Bay Street, Suite 8
Fremont, CA 94538
Email: asrtimes@gmail.com
ਵਧੇਰੇ ਜਾਣਕਾਰੀ ਤੇ ਖ਼ਬਰਾਂ ਲਈ ਸੰਪਰਕ
Tel: (510) 240-5949 • Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157 • (510) 677-2777 Jai Singh
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

# ਬੇਨਾਮੀ ਜਾਇਦਾਦ ਖਿਲਾਫ ਕਾਨੂੰਨ 'ਚ ਫਸ ਸਕਦਾ ਹੈ ਡੇਰਾ ਸੱਚਾ ਸੌਦਾ

- **ਈਡੀ ਨੇ ਹਾਈਕੋਰਟ ਨੂੰ ਦੱਸਿਆ ਕਿ ਡੇਰੇ ਨੇ 100 ਪਿੰਡ ਵਾਸੀਆਂ ਤੋਂ 293 ਏਕੜ ਜ਼ਮੀਨ ਦਾਨ ਵਿਚ ਲਈ ਪਹਿਲੇ ਤਿੰਨ ਲੋਕਾਂ ਦੇ ਨਾਮ ਦੀ ਪਾਵਰ ਆਫ ਅਟਾਰਨੀ**
- **ਹਿੰਸਾ ਦੇ ਪ੍ਰਮੁਖ ਦੋਸ਼ੀ ਅਦਿੱਤਿਆ ਇੰਸਾ ਦੀ ਪ੍ਰਾਪਰਟੀ ਅਟੈਚ ਕਰਨ ਦੀ ਤਿਆਰੀ**



**ਸਿਰਸਾ/ਬਿਊਰੋ ਨਿਊਜ਼ :** ਡੇਰਾ ਸਿਰਸਾ ਨੂੰ ਤੋਹਫ਼ੇ ਵਿਚ ਮੁਰੱਬੇ ਦੇਣ ਵਾਲੇ ਕਸੂਤੇ ਫਸ ਸਕਦੇ ਹਨ, ਕਿਉਂਕਿ ਐਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਦੀ ਸੂਈ ਹੁਣ ਉਨ੍ਹਾਂ ਵੱਲ ਘੁੰਮ ਸਕਦੀ ਹੈ। ਈਡੀ ਨੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੂੰ ਰਿਪੋਰਟ ਦੇ ਕੇ ਖ਼ਦਸ਼ਾ ਜ਼ਾਹਿਰ ਕੀਤਾ ਹੈ ਕਿ ਡੇਰਾ ਸਿਰਸਾ ਦੇ ਨਾਮ 'ਤੇ ਬੇਨਾਮੀ ਟ੍ਰਾਂਜ਼ੈਕਸ਼ਨ ਹੋਈ ਹੈ। ਆਮਦਨ ਕਰ ਵਿਭਾਗ ਵੱਲੋਂ ਵੀ ਡੇਰਾ ਸਿਰਸਾ ਦੀ ਆਮਦਨ ਤੇ ਪ੍ਰਾਪਰਟੀ ਛਾਣੀ ਜਾ ਰਹੀ ਹੈ। ਈਡੀ ਨੇ ਡੇਰਾ ਸਿਰਸਾ ਨੂੰ ਤੋਹਫ਼ੇ ਵਿੱਚ ਮਿਲੀ ਜ਼ਮੀਨ ਜਾਇਦਾਦ ਦੀ ਰਿਪੋਰਟ ਤਿਆਰ ਕਰ ਲਈ ਹੈ। ਵੇਰਵਿਆਂ ਅਨੁਸਾਰ ਡੇਰਾ ਪ੍ਰੇਮੀਆਂ ਵੱਲੋਂ ਡੇਰਾ ਸਿਰਸਾ ਨੂੰ ਤੋਹਫ਼ੇ ਵਿਚ ਕਰੀਬ 293 ਏਕੜ ਜ਼ਮੀਨ ਦਿੱਤੀ ਗਈ ਸੀ ਜਿਸ ਦੀ ਕੀਮਤ ਕਰੀਬ 80 ਕਰੋੜ ਦੱਸੀ ਜਾ ਰਹੀ ਹੈ। ਮਾਲਵਾ ਖ਼ਿੱਤੇ ਵਿਚੋਂ ਬਠਿੰਡਾ, ਮਾਨਸਾ, ਸੰਗਰੂਰ, ਫ਼ਰੀਦਕੋਟ ਅਤੇ ਫ਼ਿਰੋਜ਼ਪੁਰ ਜ਼ਿਲ੍ਹੇ ਦੇ 200 ਡੇਰਾ ਪ੍ਰੇਮੀਆਂ ਨੇ ਜ਼ਮੀਨ ਤੋਹਫ਼ੇ ਵਿੱਚ ਡੇਰਾ ਸਿਰਸਾ ਨੂੰ ਦਿੱਤੀ ਸੀ। ਬਠਿੰਡਾ ਜ਼ਿਲ੍ਹੇ ਦੇ 67 ਡੇਰਾ ਪ੍ਰੇਮੀਆਂ ਨੇ ਡੇਰਾ ਸਿਰਸਾ ਨੂੰ ਕਰੀਬ 58 ਏਕੜ ਜ਼ਮੀਨ ਦਿੱਤੀ ਸੀ। ਰਾਤੋ ਰਾਤ ਡੇਰਾ ਪ੍ਰੇਮੀਆਂ ਨੇ 'ਸ਼ਾਹ ਸਤਨਾਮ ਜੀ ਗਰੀਨ ਐਸ ਵੈੱਲਫੇਅਰ ਫੋਰਸ' ਦੇ ਨਾਮ 'ਤੇ ਵੀ ਜ਼ਮੀਨਾਂ ਦੀਆਂ ਰਜਿਸਟਰੀਆਂ ਕਰਵਾਈਆਂ ਸਨ। ਪਿੰਡ ਜੈ ਸਿੰਘ ਵਾਲਾ, ਬਠਿੰਡਾ, ਚੁੱਘੇ ਕਲਾਂ, ਜੈ ਸਿੰਘ ਵਾਲਾ, ਭਾਗੂ, ਮਹਿਤਾ, ਬਾਂਡੀ, ਕੋਟਗੁਰੂ, ਤਰਖਾਣਵਾਲਾ, ਮੱਲਵਾਲਾ, ਚੱਕ ਹੀਰਾ ਸਿੰਘ ਵਾਲਾ ਆਦਿ ਦੇ ਡੇਰਾ ਪ੍ਰੇਮੀਆਂ ਨੇ ਜ਼ਮੀਨ ਦਾਨ ਵਜੋਂ ਦਿੱਤੀ ਸੀ। ਸਬ ਡਵੀਜ਼ਨ ਬਠਿੰਡਾ ਦੇ 27 ਡੇਰਾ ਪ੍ਰੇਮੀਆਂ ਨੇ 206 ਕਨਾਲ਼ ਜ਼ਮੀਨ ਦਾਨ ਕੀਤੀ ਸੀ ਜਿਸ ਦੀ ਕਲੈਕਟਰ ਰੇਟ ਮੁਤਾਬਿਕ ਕੀਮਤ 4.26 ਕਰੋੜ ਬਣਦੀ ਹੈ ਜਦੋਂ ਕਿ ਮਾਰਕਿਟ ਕੀਮਤ ਕਈ ਗੁਣਾ ਜ਼ਿਆਦਾ ਹੈ। ਇਸੇ ਤਰ੍ਹਾਂ ਸਬ ਡਵੀਜ਼ਨ ਮੌੜ ਦੇ 34 ਡੇਰਾ ਪ੍ਰੇਮੀਆਂ ਨੇ 230 ਕਨਾਲ ਜ਼ਮੀਨ ਡੇਰਾ ਸਿਰਸਾ ਨੂੰ ਦਿੱਤੀ ਸੀ। ਨਸੀਬਪੁਰਾ ਦੇ ਦਰਜਨ ਡੇਰਾ ਪੈਰੋਕਾਰਾਂ ਨੇ ਜ਼ਮੀਨਾਂ ਤੇ ਘਰ ਦਾਨ ਵਜੋਂ ਦਿੱਤੇ ਸਨ। ਈਡੀ ਦੇ ਸੂਤਰਾਂ ਨੇ ਦੱਸਿਆ ਕਿ ਬੇਨਾਮੀ ਜਾਇਦਾਦ ਵਿਰੋਧੀ ਬਣੇ ਕਾਨੂੰਨ ਤਹਿਤ ਡੇਰਾ ਸਿਰਸਾ ਦੇ ਆਗੂਆਂ ਤੋਂ ਇਲਾਵਾ ਜ਼ਮੀਨਾਂ ਦਾਨ ਕਰਨ ਵਾਲੇ ਡੇਰਾ ਪ੍ਰੇਮੀਆਂ ਤੋਂ ਵੀ ਪੁੱਛਗਿੱਛ ਹੋ ਸਕਦੀ ਹੈ ਜਿਸ ਦੀ ਰਣਨੀਤੀ ਘੜੀ ਜਾ ਰਹੀ ਹੈ।

ਪੰਜਾਬ ਵਿੱਚ ਡੇਰਾ ਸਿਰਸਾ ਦੇ ਡੇਰਿਆਂ ਅਤੇ ਨਾਮ ਚਰਚਾ ਘਰਾਂ ਦੀ ਕਰੀਬ 300 ਕਰੋੜ ਦੀ ਪ੍ਰਾਪਰਟੀ ਹੈ ਅਤੇ ਬਠਿੰਡਾ ਜ਼ਿਲ੍ਹੇ ਵਿਚ ਜੋ ਮੁੱਖ ਸਲਾਬਤਪੁਰਾ ਡੇਰਾ ਹੈ, ਉਸ ਦੀ 135 ਏਕੜ ਜ਼ਮੀਨ ਹੈ। ਕੁਲੈਕਟਰ ਰੇਟ ਦੇ ਹਿਸਾਬ ਨਾਲ ਇਸ ਜ਼ਮੀਨ ਦੀ ਕੀਮਤ ਕਰੀਬ 10 ਕਰੋੜ ਰੁਪਏ ਬਣਦੀ ਹੈ। ਬਠਿੰਡਾ ਜ਼ਿਲ੍ਹੇ ਵਿੱਚ ਡੇਰਾ ਸਿਰਸਾ ਦੀਆਂ ਕੁੱਲ 111 ਸੰਪਤੀਆਂ ਹਨ ਜਿਨ੍ਹਾਂ ਵਿੱਚ ਡੇਰਾ ਪ੍ਰੇਮੀਆਂ ਤੋਂ ਤੋਹਫ਼ੇ ਵਿੱਚ ਮਿਲੀਆਂ ਸੰਪਤੀਆਂ ਵੀ ਸ਼ਾਮਲ ਹਨ। ਪਤਾ ਲੱਗਾ ਹੈ ਕਿ ਪੰਜਾਬ ਸਰਕਾਰ ਵੱਲੋਂ ਹਰ ਜ਼ਿਲ੍ਹੇ ਵਿੱਚ ਡੇਰਾ ਪ੍ਰੇਮੀਆਂ ਵੱਲੋਂ ਦਾਨ ਕੀਤੀ ਜ਼ਮੀਨ ਦੀ ਪਹਿਲਾਂ ਹੀ ਸੂਚੀ ਤਿਆਰ ਕੀਤੀ ਗਈ ਹੈ। ਅਧਿਕਾਰੀ ਆਖਦੇ ਹਨ ਕਿ ਜੇ ਕੋਈ ਤਫ਼ਤੀਸ਼ੀ ਸੰਸਥਾ ਵੇਰਵਿਆਂ ਦੀ ਮੰਗ ਕਰੇਗੀ ਤਾਂ ਉਹ ਸੌਂਪ ਦੇਣਗੇ।

## ਵਿਦੇਸ਼ਾਂ ਵਿਚ ਵੀ ਹੈ ਡੇਰੇ ਦੀ ਜਾਇਦਾਦ

ਐਸਆਈਟੀ ਨੇ ਹਾਈਕੋਰਟ ਨੂੰ ਦੱਸਿਆ ਕਿ ਡੇਰੇ ਦੀ ਵਿਦੇਸ਼ਾਂ ਦੀ ਸੰਪਤੀ ਦੇ ਬਾਰੇ ਵਿਚ ਜਾਣਕਾਰੀ ਜੁਟਾਉਣ ਦੇ ਲਈ ਡੇਰਾ ਮੁਖੀ ਦੀ ਬੇਟੀ ਚਰਨਪ੍ਰੀਤ ਕੌਰ ਨੂੰ ਸੰਮਨ ਕੀਤਾ ਗਿਆ ਹੈ। ਵਿਦੇਸ਼ਾਂ ਵਿਚ ਡੇਰੇ ਦੀ ਸੰਪਤੀ ਹੈ, ਉਸ ਦਾ ਡੇਰਾ ਮੁਖੀ ਗੁਰਮੀਤ ਸਿੰਘ ਰਾਮ ਰਹੀਮ ਸਿਰਫ ਆਨਰੇਰੀ ਮਾਲਕ ਹੈ ਤੇ ਅਸਲ ਵਿਚ ਵਿਦੇਸ਼ਾਂ ਦੀ ਸਾਰੀ ਸੰਪਤੀ ਦਾ ਮਾਲਕਾਨਾ ਅਧਿਕਾਰ ਵਿਦੇਸ਼ਾਂ ਵਿਚ ਰਹਿ ਰਹੇ ਲੋਕਾਂ ਦੇ ਕੋਲ ਹੈ। ਕੁਝ ਮਾਮਲਿਆਂ ਵਿਚ ਡੇਰਾ ਮੁਖੀ ਤੇ ਉਸ ਦੀ ਬੇਟੀ ਚਰਨਪ੍ਰੀਤ ਕੌਰ ਦਾ ਨਾਮ ਸਾਹਮਣੇ ਆਇਆ ਹੈ। ਇਸ ਲਈ ਉਸ ਦੀ ਬੇਟੀ ਨੂੰ ਸੰਮਨ ਕੀਤਾ ਗਿਆ ਹੈ ਤਾਂ ਕਿ ਪੂਰੀ ਜਾਣਕਾਰੀ ਜੁਟਾਈ ਜਾ ਸਕੇ।

## ਅਦਿੱਤਿਆ ਇੰਸਾ ਕਾਨੂੰਨ ਦੇ ਸ਼ਿਕੰਜੇ 'ਚ

ਡੇਰਾ ਸੱਚਾ ਸੌਦਾ ਦੇ ਮੁਖੀ ਗੁਰਮੀਤ ਰਾਮ ਰਹੀਮ ਨੂੰ ਦੋਸ਼ੀ ਕਰਾਰ ਦੇਣ ਤੋਂ ਬਾਅਦ ਪੰਚਕੂਲਾ ਵਿਚ ਦੰਗਾ, ਸਾੜ ਫੂਕ ਤੇ ਤੋੜ ਫੋੜ ਦੇ ਮੁਖ ਦੋਸ਼ੀ ਅਦਿੱਤਿਆ ਇੰਸਾ ਦੀ ਪ੍ਰਾਪਰਟੀ ਅਟੈਚ ਕਰਨ ਦੀ ਕਾਰਵਾਈ ਹਰਿਆਣਾ ਸਰਕਾਰ ਨੇ ਅਰੰਭ ਕਰ ਦਿੱਤੀ ਹੈ। ਹੇਠਲੀ ਅਦਾਲਤ ਨੇ ਉਸ ਨੂੰ ਭਗੌੜਾ ਐਲਾਨ ਦਿੱਤਾ ਹੈ ਤੇ ਪੁਲੀਸ ਨੇ ਉਸ ਦੀ ਸੂਚਨਾ ਦੇਣ ਵਾਲੇ ਨੂੰ ਪੰਜ ਲੱਖ ਇਨਾਮ ਦੇਣ



ਦਾ ਐਲਾਨ ਕੀਤਾ ਹੈ। ਇਹ ਜਾਣਕਾਰੀ ਮਾਮਲੇ ਦੀ ਜਾਂਚ ਕਰ ਰਹੀ ਐਸਆਈਟੀ ਨੇ ਹਾਈਕੋਰਟ ਨੂੰ ਦਿੱਤੀ ਹੈ। ਕੋਰਟ ਨੂੰ ਦੱਸਿਆ ਗਿਆ ਕਿ ਇਸ ਪੂਰੇ ਕਾਂਡ ਵਿਚ 240 ਕੇਸ ਦਰਜ ਹੋਏ, ਜਿਨ੍ਹਾਂ ਵਿਚੋਂ 207 ਚਲਾਨ ਪੇਸ਼ ਕੀਤੇ ਜਾ ਚੁੱਕੇ ਹਨ। ਇਨ੍ਹਾਂ ਸਾਰਿਆਂ ਕੇਸਾਂ ਵਿਚ ਕੁਲ 2603 ਗ੍ਰਿਫ਼ਤਾਰੀਆਂ ਹੋਈਆਂ ਹਨ। ਦੰਗੇ ਕਰਾਉਣ ਵਾਲੇ 39 ਲੋਕਾਂ ਨੂੰ ਗ੍ਰਿਫਤਾਰ ਕੀਤਾ ਜਾ ਚੁੱਕਾ ਹੈ। ਇਨ੍ਹਾਂ ਵਿਚੋਂ 3 ਗੁਲਾਬ, ਪਰਗਟ ਸਿੰਘ ਤੇ ਨਵੀਨ ਨੂੰ 21 ਮਈ ਦੌਰਾਨ ਹਾਈਕੋਰਟ ਵਿਚ ਹੋਈ ਸੁਣਵਾਈ ਦੇ ਬਾਅਦ ਗ੍ਰਿਫ਼ਤਾਰ ਕੀਤਾ ਗਿਆ। ਇਨ੍ਹਾਂ ਵਿਚੋਂ 33 ਦੇ ਖਿਲਾਫ਼ ਅਦਾਲਤ ਵਿਚ ਚਲਾਨ ਵੀ ਪੇਸ਼ ਕੀਤਾ ਗਿਆ। ਬਾਕੀ ਬਚੇ 10 ਨੂੰ ਗ੍ਰਿਫ਼ਤਾਰ ਕੀਤੇ ਜਾਣ ਦੀਆਂ ਕੋਸ਼ਿਸਾਂ ਜਾਰੀ ਹਨ। ਇਸ ਦੌਰਾਨ ਕੋਰਟ ਨੇ ਡੇਰੇ ਤੋਂ ਮਿਲੀ ਹਾਰਡ ਡਿਸਕ ਦੇ ਬਾਰੇ ਵਿਚ ਜਾਣਕਾਰੀ ਮੰਗੀ ਹੈ। ਇਸ ਤੇ ਕੋਰਟ ਨੂੰ ਦੱਸਿਆ ਗਿਆ ਕਿ ਹਾਰਡ ਡਿਸਕ ਨੂੰ ਸੀਬੀਆਈ ਦੇ ਕੋਲ ਭੇਜਿਆ ਗਿਆ ਹੈ, ਪਰ ਇਹ ਹਾਰਡ ਡਿਸਕ ਨੂੰ ਏਨੀ ਬੁਰੀ ਤਰ੍ਹਾਂ ਨਸ਼ਟ ਕਰ ਦਿੱਤਾ ਗਿਆ ਹੈ ਕਿ ਇਸ ਦਾ ਡੇਟਾ ਰਿਕਵਰ ਨਹੀਂ ਕੀਤਾ ਜਾ ਸਕਦਾ। ਪਰ ਫਿਰ ਵੀ ਗੁਰੂਗ੍ਰਾਮ ਦੇ ਡੀਆਈਡੀਈਸੀ ਨੂੰ ਇਹ ਡੇਟਾ ਰਿਕਵਰ ਕਰਾਉਣ ਲਈ ਭੇਜਿਆ ਗਿਆ ਹੈ।


A-ONE EXPRESS

ਸਾਨੂੰ ਤਜ਼ਰਬੇਕਾਰ ਡਰਾਈਵਰਾਂ ਅਤੇ ਓਨਰ ਅਪਰੇਟਰਾਂ ਦੀ ਲੋੜ ਹੈ

- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨਾਰਥ-ਈਸਟ, ਸਾਊਥ-ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖ਼ਾਹ ਸਮੇਂ ਸਿਰ
- 50% ਹੁੱਕ ਡਰਾਪ
- ਨਵੇਂ 2015, 2016 ਅਤੇ 2017 ਮਾਡਲ ਦੇ ਟਰੱਕ ਚਲਾਓ, ਬਰੇਕ ਡਾਊਨ ਤੋਂ ਬਚੋ ਤੇ ਚੰਗੇ ਪੈਸੇ ਕਮਾਓ
- Excellent Payment
- Easy Aboard ELD Logbook



MC NO. # 464630

6120 Faith Home Rd Ceres, CA 95307

TAX ID #32-0065398

ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ

TOLL FREE 888.725.7441 OFFICE : 209.537.0975 FAX : 209.537.0375

- ਜਮਾਲਗੋਟਾ ਗੈਂਗ ਪੰਜਾਬ 'ਚ ਸਭ ਤੋਂ ਖਤਰਨਾਕ ਜਿਸ ਦਾ ਮੁਖੀ ਜੈਪਾਲ
- ਪੁਲੀਸ ਅਨੁਸਾਰ ਰਿੰਦਾ ਗੈਂਗ ਖਾਲਿਸਤਾਨ ਪੱਖੀ
- ਜੇਲ੍ਹ ਅਫ਼ਸਰ ਥਰ-ਥਰ ਕੰਬਦੇ ਹਨ ਗੈਂਗਸਟਰਾਂ ਤੋਂ
- ਕਈ ਜੇਲ੍ਹ ਅਫਸਰਾਂ ਨੇ ਗੈਂਗਸਟਰਾਂ ਤੋਂ ਡਰਦਿਆਂ ਨੌਕਰੀ ਛੱਡੀ



# ਗੈਂਗਸਟਰਾਂ ਦਾ ਖ਼ੌਫ-ਪੰਜਾਬ ਲਈ ਵੱਡਾ ਖ਼ਤਰਾ

## ਪੰਜਾਬ ਦੀਆਂ ਜੇਲਾਂ ਵਿੱਚ 400 ਤੋਂ ਵੱਧ ਗੈਂਗਸਟਰ ਕੈਦ

**ਜਲੰਧਰ/ਬਿਊਰੋ ਨਿਊਜ਼ :**
ਬੇਰੋਜ਼ਗਾਰੀ ਤੇ ਅਪਰਾਧਿਕ ਸੋਚ ਕਰਕੇ ਪੰਜਾਬ ਦੇ ਨੌਜਵਾਨ ਸੰਗੀਨ ਅਪਰਾਧਾਂ ਵਿੱਚ ਫੱਸਦੇ ਜਾ ਰਹੇ ਹਨ। ਇਹ ਅਪਰਾਧੀ ਹੁਣ ਗੁਆਂਢੀ ਸੂਬਿਆਂ ਵਿਚ ਵੀ ਸਰਗਰਮ ਹਨ ਅਤੇ ਉੱਥੇ ਅਪਰਾਧ ਕਰ ਰਹੇ ਹਨ। ਨਵੰਬਰ 2017 ਵਿੱਚ ਕੋਲਕਾਤਾ ਦੇ ਹੋਟਲ ਵਿਚ ਇਹ ਸਰਗਰਮ ਦਿੱਖੇ, ਇੱਕ ਹੋਰ ਵੀਡੀਓ ਸਾਹਮਣੇ ਆਇਆ, ਜਿਸ ਵਿੱਚ ਮਹਾਰਾਸ਼ਟਰ ਦਾ ਇੱਕ ਸਕੂਲ ਵਿਖਾਈ ਦੇ ਰਿਹਾ ਹੈ। ਸਕੂਲ ਦੇ ਬਾਹਰ ਗੋਲੀਆਂ ਦੀਆਂ ਆਵਾਜ਼ਾਂ ਸੁਣਾਈ ਦੇ ਰਹੀਆਂ ਹਨ। ਸਕੂਲ ਦੇ ਬਾਹਰ ਜੋ ਲੋਕ ਗੋਲੀਆਂ ਬਰਸਾ ਰਹੇ ਹਨ , ਉਹ ਦਿਲਪ੍ਰੀਤ ਉਰਫ ਬਾਬਾ ਤੇ ਹਰਵਿੰਦਰ ਸੰਧੂ ਉਰਫ ਰਿੰਦਾ ਨਾਮ ਦੇ ਗੈਂਗਸਟਰ ਹਨ। ਜੋ ਕਿ ਉੱਥੇ ਇੱਕ ਸ਼ਖਸ ਨੂੰ ਮੌਤ ਦੇ ਘਾਟ ਉਤਾਰ ਕੇ ਉੱਥੋਂ ਫਰਾਰ ਹੋ ਗਏ ਸਨ। ਪੰਜਾਬ ਦੇ ਇਹ ਦੋਵੇਂ ਗੈਂਗਸਟਰ ਆਪਣੇ ਵੱਖ - ਵੱਖ ਗੈਂਗ ਚਲਾਉਂਦੇ ਹਨ। ਹਰਵਿੰਦਰ ਸੰਧੂ, ਰਿੰਦਾ ਗੈਂਗ ਤੇ ਦਿਲਪ੍ਰੀਤ ਬਾਬਾ, ਦਿਲਪ੍ਰੀਤ ਗੈਂਗ ਦਾ ਸਰਗਨਾ ਹੈ। ਦਿਲਪ੍ਰੀਤ ਨੂੰ ਹਾਲ ਹੀ ਵਿਚ ਗ੍ਰਿਫਤਾਰ ਕੀਤਾ ਗਿਆ ਹੈ ਅਤੇ ਰਿੰਦਾ ਹਾਲੇ ਵੀ ਭਗੌੜਾ ਹੈ। ਪੰਜਾਬ ਪੁਲਿਸ ਦੇ ਖੁਫੀਆ ਵਿਭਾਗ ਦੇ ਪ੍ਰਮੁੱਖ ਰਾਜ ਕੁੰਵਰ ਫਤਹਿ ਪ੍ਰਤਾਪ ਸਿੰਘ ਦੇ ਮੁਤਾਬਕ ਪੰਜਾਬ ਦੀਆਂ ਜੇਲਾਂ ਵਿੱਚ 400 ਤੋਂ ਵੱਧ ਗੈਂਗਸਟਰ ਕੈਦ ਹਨ। ਇਸਦੇ ਇਲਾਵਾ ਪੰਜਾਬ ਵਿੱਚ 8 'ਏ' ਕਲਾਸ ਗੈਂਗਸਟਰ ਕੰਮ ਕਰ ਰਹੇ ਹਨ ਅਤੇ ਹਰ ਗੈਂਗ ਵਿੱਚ ਘੱਟੋ- ਘੱਟ 50 ਤੋਂ 60 ਗੈਂਗਸਟਰ ਹਨ। ਜਿੰਨ੍ਹੇ ਗੈਂਗਸਟਰ ਪੰਜਾਬ ਦੀਆਂ ਜੇਲਾਂ ਦੇ ਅੰਦਰ ਹਨ , ਓਨੇ ਹੀ ਜੇਲਾਂ ਤੋਂ ਬਾਹਰ ਵੀ ਸਰਗਰਮ ਹਨ।



**ਜਮਾਲਗੋਟਾ ਗੈਂਗ :** ਪੰਜਾਬ ਪੁਲਿਸ ਦੇ ਖ਼ੁਫ਼ੀਆ ਵਿਭਾਗ ਨੇ ਰਾਜ ਦੇ ਜਿਸ ਖ਼ੂੰਖਾਰ ਗੈਂਗ ਨੂੰ ਪਹਿਲੇ ਨੰਬਰ 'ਤੇ ਜਗ੍ਹਾ ਦਿੱਤੀ ਹੈ , ਉਨ੍ਹਾਂ ਵਿੱਚ ਜਮਾਲਗੋਟਾ ਗੈਂਗ ਸਭ ਤੋਂ ਉੱਤੇ ਦੱਸਿਆ ਜਾ ਰਿਹਾ ਹੈ ਇਸ ਗੈਂਗ ਦਾ ਸਰਗਨਾ ਜੈਪਾਲ ਸਿੰਘ ਭੁੱਲਰ ਹੈ, ਜੋ ਫਿਰੋਜਪੁਰ ਦੇ ਇੱਕ ਸੇਵਾਨਿਵ੍ਰਤ ਸਹਾਇਕ ਪੁਲਿਸ ਇੰਸਪੇਕਟਰ ਦਾ ਪੁੱਤਰ ਹੈ।

**ਲਾਰੇਂਸ ਗੈਂਗ :** ਇਸ ਗੈਂਗ ਦਾ ਸਰਗਨਾ ਲਾਰੇਂਸ ਬਿਸ਼ਨੋਈ ਅਬੋਹਰ ਫਿਲਹਾਲ ਰਾਜਸਥਾਨ ਦੀ ਅਜਮੇਰ ਜੇਲ੍ਹ ਵਿੱਚ ਬੰਦ ਹੈ ਅਤੇ ਜੇਲ੍ਹ ਤੋਂ ਹੀ ਆਪਣਾ ਗੈਂਗ ਚਲਾਉਂਦਾ ਹੈ। ਉਸ ਨੇ ਇਸ ਸਾਲ ਜਨਵਰੀ 2018 ਵਿੱਚ ਬਾਲੀਵੁਡ ਐਕਟਰ ਸਲਮਾਨ ਖਾਨ ਨੂੰ ਜਾਨੋਂ ਮਾਰਨੇ ਦੀ ਧਮਕੀ ਦਿੱਤੀ ਸੀ। ਉਸਦੇ ਬਾਅਦ ਹਾਲ ਹੀ ਵਿਚ ਜੂਨ 2018 ਵਿੱਚ ਹੈਦਰਾਬਾਦ ਤੋਂ ਗ੍ਰਿਫਤਾਰ ਕੀਤੇ ਉਸ ਦੇ ਸ਼ਾਰਪ ਸ਼ੂਟਰ ਸੰਪਤ ਨੇਹਿਰਾ ਨੇ ਬਕਾਇਦਾ ਸਲਮਾਨ ਦੇ ਮੁੰਬਈ ਵਿਖੇ ਘਰ ਦੀ ਰੇਕੀ ਕੀਤੀ ਹੈ।

**ਦਿਲਪ੍ਰੀਤ ਗੈਂਗ :** ਇਸ ਗੈਂਗ ਦਾ ਸਰਗਨਾ ਦਿਲਪ੍ਰੀਤ ਸਿੰਘ ਉਰਫ ਬਾਬਾ ਹੈ ਜੋ ਹੈ ਜੁਲਾਈ 2018 ਨੂੰ ਚੰਡੀਗੜ੍ਹ ਵਿੱਚ ਪੁਲਿਸ ਦੇ ਹੱਥੇ ਚੜ੍ਹਿਆ। ਉਸਦੇ ਗੈਂਗ ਦੇ ਚਾਰ ਮੈਂਬਰ ਪੰਜਾਬ ਦੇ ਵੱਖਰੇ ਜਿਲ੍ਹਿਆਂ ਵਿਚ ਬੰਦ ਹਨ ਜਦੋਂ ਕਿ ਦੋ ਭਗੋੜੇ ਕਰਾਰ ਦਿੱਤੇ ਜਾ ਚੁੱਕੇ ਹਨ।

**ਬੰਬੀਹਾ ਗੈਂਗ :** ਬੰਬੀਹਾ ਗੈਂਗ ਦਾ ਸਰਗਨਾ ਦਵਿੰਦਰ ਬੰਬੀਹਾ ਸੀ ਜਿਸ ਨੂੰ ਬਠਿੰਡਾ ਪੁਲਿਸ ਨੇ 9 ਸਿਤੰਬਰ 2016 ਨੂੰ ਇੱਕ ਪੁਲੀਸ ਮੁਕਾਬਲੇ ਵਿਚ ਮਾਰ ਸੁੱਟਿਆ ਸੀ, ਪੰਜਾਬ ਪੁਲਿਸ ਨੇ ਹਾਲ ਹੀ ਵਿਚ ਇਸ ਗੈਂਗ ਦੇ 11 ਮੈਂਬਰਾਂ ਨੂੰ ਹਥਿਆਰਾਂ ਸਮੇਤ ਗ੍ਰਿਫਤਾਰ ਕੀਤਾ ਹੈ, ਪਰ ਇਸ ਗੈਂਗ ਦਾ ਨਵਾਂ ਸਰਗਨਾ ਸੁਖਪ੍ਰੀਤ ਸਿੰਘ ਬੁੱਢਾ ਫਿਲਹਾਲ ਪੁਲਿਸ ਦੀ ਗਿਰਫਤ ਤੋਂ ਬਾਹਰ ਹੈ।

**ਰਿੰਦਾ ਗੈਂਗ :** ਇਸ ਗੈਂਗ ਦਾ ਸਰਗਨਾ ਹਰਵਿੰਦਰ ਸੰਧੂ ਰਿੰਦਾ ਹੈ ਜੋ ਮੂਲ ਤੌਰ ਤੇ ਪੰਜਾਬ ਦੇ ਤਰਨਤਾਰਨ ਦਾ ਰਹਿਣ ਵਾਲਾ ਹੈ। ਉਹ ਮਹਾਰਾਸ਼ਟਰ ਦੇ ਨਾਂਦੇੜ ਤੋਂ ਆਪਣਾ ਗੈਂਗ ਚਲਾਉਂਦਾ ਹੈ ਤੇ ਪੰਜਾਬ ਪੁਲਿਸ ਦੁਆਰਾ ਭਗੌੜਾ ਕਰਾਰ ਦਿੱਤਾ ਗਿਆ ਹੈ। ਉਸ ਨੇ ਸਾਲ 2016 ਵਿੱਚ ਪਟਿਆਲਾ ਜੇਲ੍ਹ ਦੇ ਕਰਮਚਾਰੀਆਂ ਉੱਤੇ ਵੀ ਹਮਲਾ ਕਰ ਦਿੱਤਾ ਸੀ। ਉਸ ਦੇ ਖਿਲਾਫ ਪੰਜਾਬ , ਮਹਾਰਾਸ਼ਟਰ , ਹਰਿਆਣਾ ਅਤੇ ਕਈ ਰਾਜਾਂ ਵਿੱਚ ਕਈ ਸੰਗੀਨ ਅਪਰਾਧਿਕ ਮਾਮਲੇ ਦਰਜ ਹਨ। ਪੁਲਿਸ ਨੂੰ ਸ਼ਕ ਹੈ ਕਿ ਉਹ ਖਾਲਿਸਤਾਨੀ ਹੈ।

**ਜੱਗੂ ਗੈਂਗ :** ਇਸ ਗੈਂਗ ਦਾ ਸਰਗਨਾ ਜੱਗੂ ਭਗਵਾਨਪੁਰਿਆ ਉਰਫ ਜਸਦੀਪ ਸਿੰਘ ਹੈ ਜੋ ਬਟਾਲੇ ਦੇ ਭਗਵਾਨਪੁਰ ਪਿੰਡ ਦਾ ਰਹਿਣ ਵਾਲਾ ਹੈ। ਇਸਦੇ ਖਿਲਾਫ਼ ਪੰਜਾਬ ਅਤੇ ਦੂੱਜੇ ਰਾਜਾਂ ਦੀ ਵੱਖਰੀਆਂ ਅਦਾਲਤਾਂ ਵਿੱਚ 26 ਅਪਰਾਧਿਕ ਮਾਮਲੇ ਵਿਚਾਰ ਅਧੀਨ ਹਨ। ਉਹ ਫਿਲਹਾਲ ਪਟਿਆਲਾ ਜੇਲ੍ਹ ਵਿੱਚ ਬੰਦ ਹੈ। ਜੱਗੂ ਅਤੇ ਉਸਦੇ ਅੱਧਾ ਦਰਜਨ ਸਾਥੀ ਪੰਜਾਬ ਦੀਆਂ ਜੇਲਾਂ ਵਿੱਚ ਬੰਦ ਹਨ, ਜਦੋਂ ਕਿ ਤਿੰਨ ਗੈਂਗਸਟਰਾਂ ਨੂੰ ਭਗੌੜਾ ਕਰਾਰ ਦਿੱਤਾ ਗਿਆ ਹੈ, ਵਿਰੋਧੀ ਗੁਰਪ੍ਰੀਤ ਸੇਖੋਂ ਗੈਂਗ ਨੇ 15 ਜਨਵਰੀ 2015 ਨੂੰ ਇਸ ਗੈਂਗ ਦੇ ਇੱਕ ਖ਼ੂੰਖਾਰ ਸ਼ਾਰਪ ਸ਼ੂਟਰ ਸੁੱਖਾ ਕਾਹਲਵਾਂ ਦੀ ਫ਼ਗਵਾੜਾ ਵਿਖੇ ਹੱਤਿਆ ਕਰ ਦਿੱਤੀ ਸੀ।

**ਹੈਰੀ ਚਠਾ ਗੈਂਗ :** ਇਸ ਗੈਂਗ ਦਾ ਸਰਗਨਾ ਸੁਪ੍ਰੀਤ ਸਿੰਘ ਹੈਰੀ ਚੱਠਾ ਹੈ। ਉਹ ਪੰਜਾਬ ਦੇ ਬਟਾਲੇ ਦੇ ਇੱਕ ਪਿੰਡ ਦਾ ਰਹਿਣ ਵਾਲਾ ਹੈ। ਇਸਦੇ ਖਿਲਾਫ ਅਗਵਾਹ, ਗੈਂਗਵਾਰ, ਹੱਤਿਆ , ਚੋਰੀ, ਡਕੈਤੀ ਅਤੇ ਨਾਭਾ ਜੇਲ੍ਹ ਬ੍ਰੇਕ ਵਰਗੇ ਅੱਠ ਸੰਗੀਨ ਮਾਮਲੇ ਦਰਜ ਹਨ। ਉਹ ਫਿਲਹਾਲ ਪੁਲਿਸ ਨੇ ਉਸਨੂੰ ਭਗੌੜਾ ਕਰਾਰ ਦਿੱਤਾ ਹੈ। ਉਸ ਉੱਤੇ ਦੋਸ਼ ਹੈ ਕਿ ਉਸਨੇ ਨਾਭਾ ਜੇਲ੍ਹ ਤੋੜਨ ਵਾਲੇ ਖਾਲਿਸਤਾਨੀਆਂ ਤੇ ਗੈਂਗਸਟਰਾਂ ਦੀ ਮਦਦ ਕੀਤੀ ਸੀ।

**ਗੁਰਪ੍ਰੀਤ ਸੇਖੋਂ ਗੈਂਗ :** ਇਸ ਗੈਂਗ ਦਾ ਸਰਗਨਾ ਗੁਰੁਪ੍ਰੀਤ ਦਮਗਜੀਆਂ ਹੈ , ਜੋ ਫ਼ਿਰੋਜ਼ਪੁਰ ਦਾ ਰਹਿਣ ਵਾਲਾ ਹੈ . ਉਸਦੇ ਗੈਂਗ ਦਾ ਇੱਕ ਖ਼ੂੰਖਾਰ ਗੈਂਗਸਟਰ ਵਿੱਕੀ ਗੌਂਡਰ ਪੁਲਿਸ ਮੁਕਾਬਲੇ ਵਿੱਚ ਮਾਰਿਆ ਜਾ ਚੁੱਕਿਆ ਹੈ। ਗੁਰਪ੍ਰੀਤ ਸੇਖੋਂ 'ਤੇ ਨਾਭਾ ਜੇਲ੍ਹ ਤੋੜਨ ਤੇ ਸੁਖਾ ਕਾਹਲਵਾਂ ਗੈਂਗਸਟਰ ਦੀ ਹੱਤਿਆ ਕਰਨ ਅਤੇ ਪੁਲਿਸ ਤੋਂ ਹਥਿਆਰ ਖੋਹਣ ਦੇ ਮਾਮਲੇ ਦਰਜ ਹਨ। ਜਨਵਰੀ 2015 ਵਿੱਚ ਸੁੱਖਾ ਕਾਹਲਵਾਂ ਦੇ ਸਰੀਰ ਵਿੱਚ 40 ਗੋਲੀਆਂ ਦਾਗਣ ਤੋਂ

**ਬਾਕੀ ਸਫ਼ਾ 26 'ਤੇ**

## ਜੇਲ੍ਹ ਅਫ਼ਸਰ ਥਰ-ਥਰ ਕੰਬਦੇ ਨੇ ਗੈਂਗਸਟਰਾਂ ਤੋਂ

ਗੈਂਗਸਟਰਾਂ ਨੇ ਜੇਲ੍ਹਾਂ ਵਿਚ ਦਹਿਸ਼ਤ ਦਾ ਮਾਹੌਲ ਬਣਾ ਰੱਖਿਆ ਹੈ। ਏਦਾਂ ਦੇ ਹਾਲਾਤ ਵਿਚ ਕਈ ਜੇਲ੍ਹ ਅਫ਼ਸਰਾਂ ਤੇ ਮੁਲਾਜ਼ਮਾਂ ਨੇ ਨੌਕਰੀ ਤੋਂ ਤੌਬਾ ਕਰ ਲਈ ਹੈ। ਲੰਘੇ ਦਸ ਵਰ੍ਹਿਆਂ ਦੌਰਾਨ ਕਰੀਬ ਸਵਾ ਸੌ ਜੇਲ੍ਹ ਅਫ਼ਸਰਾਂ ਤੇ ਮੁਲਾਜ਼ਮਾਂ ਨੇ ਨੌਕਰੀ ਛੱਡ ਦਿੱਤੀ ਹੈ। ਇਨ੍ਹਾਂ ਵਿਚੋਂ ਬਹੁਤੇ ਸਵੈ-ਇੱਛਾ ਨਾਲ ਸੇਵਾਮੁਕਤੀ ਲੈ ਗਏ ਅਤੇ ਕਈਆਂ ਨੇ ਅਸਤੀਫ਼ੇ ਦੇ ਦਿੱਤੇ ਹਨ। ਗੱਠਜੋੜ ਵਜ਼ਾਰਤ ਦੇ ਸਮੇਂ ਤੋਂ ਜੇਲ੍ਹਾਂ ਵਿਚ ਦਹਿਸ਼ਤ ਦੇ ਦੌਰ ਦਾ ਮੁੱਢ ਬੱਝਿਆ ਸੀ ਜਿਸ ਤੋਂ ਹਾਲੇ ਤੱਕ ਜੇਲ੍ਹਾਂ ਮੁਕਤ ਨਹੀਂ ਹੋਈਆਂ। ਉਂਜ, ਸਵੈ ਇੱਛਕ ਸੇਵਾ ਮੁਕਤੀ (ਵੀਆਰਐਸ) ਅਤੇ ਅਸਤੀਫ਼ਾ ਦੇਣ ਪਿੱਛੇ ਅਧਿਕਾਰੀ ਤੇ ਮੁਲਾਜ਼ਮ ਘਰੇਲੂ ਹਾਲਾਤ ਅਤੇ ਸਿਹਤ ਠੀਕ ਨਾ ਹੋਣ ਦਾ ਹੀ ਤਰਕ ਦਿੰਦੇ ਹਨ।

ਆਰਟੀਆਈ ਵੇਰਵਿਆਂ ਅਨੁਸਾਰ ਕੇਂਦਰੀ ਜੇਲ੍ਹ ਜਲੰਧਰ ਐਟ ਕਪੂਰਥਲਾ ਦੇ ਨਵੰਬਰ 2011 ਤੋਂ ਹੁਣ ਤੱਕ 21 ਅਫ਼ਸਰਾਂ ਤੇ ਮੁਲਾਜ਼ਮਾਂ ਨੇ ਨੌਕਰੀ ਛੱਡ ਦਿੱਤੀ ਹੈ। 19 ਅਫ਼ਸਰਾਂ/ਮੁਲਾਜ਼ਮਾਂ ਨੇ ਵੀਆਰਐਸ ਲੈ ਲਈ ਹੈ ਜਦਕਿ ਸਹਾਇਕ ਸੁਪਰਡੈਂਟ ਤੇ ਇੱਕ ਵਾਰਡਰ ਨੇ ਅਸਤੀਫ਼ਾ ਦਿੱਤਾ ਹੈ। ਬਹੁਗਿਣਤੀ ਨੇ ਘਰੇਲੂ ਕਾਰਨਾਂ ਦਾ ਵਾਸਤਾ ਪਾਇਆ ਹੈ। ਇੱਕ ਸਹਾਇਕ ਸੁਪਰਡੈਂਟ ਨੇ ਜੇਲ੍ਹ ਦੀ ਨੌਕਰੀ ਛੱਡ ਕੇ ਪੰਜਾਬ ਪੁਲੀਸ ਵਿਚ ਸਬ ਇੰਸਪੈਕਟਰ ਦੀ ਨੌਕਰੀ ਜੁਆਇਨ ਕੀਤੀ ਹੈ। ਸੰਗਰੂਰ ਜੇਲ੍ਹ ਦੇ ਅੱਠ ਅਫ਼ਸਰਾਂ/ਮੁਲਾਜ਼ਮਾਂ ਨੇ ਨੌਕਰੀ ਛੱਡੀ ਹੈ। ਇਸ ਜੇਲ੍ਹ ਦੇ ਸਹਾਇਕ ਸੁਪਰਡੈਂਟ ਨੇ ਘਰੇਲੂ ਹਾਲਾਤ ਠੀਕ ਨਾ ਹੋਣ ਕਰ ਕੇ ਅਸਤੀਫ਼ਾ ਦੇ ਦਿੱਤਾ। ਸੰਗਰੂਰ ਜੇਲ੍ਹ ਵਿਚ ਬੰਦ ਕੈਦੀ ਰਾਜੀਵ ਕੁਮਾਰ ਨੇ 30 ਮਈ 2015 ਨੂੰ ਸਹਾਇਕ ਜੇਲ੍ਹ ਸੁਪਰਡੈਂਟ ਜਗਮੇਲ ਸਿੰਘ ਨੂੰ ਧਮਕੀ ਦਿੱਤੀ ਅਤੇ ਚਾਰ ਹਵਾਲਾਤੀਆਂ ਨੇ 13 ਅਪਰੈਲ 2017 ਨੂੰ ਸੁਪਰਡੈਂਟ ਹਰਦੀਪ ਭੱਟੀ ਅਤੇ ਸਹਾਇਕ ਸੁਪਰਡੈਂਟ ਕੈਲਾਸ਼ ਕੁਮਾਰ ਨੂੰ ਧਮਕੀ ਦਿੱਤੀ।



ਬਠਿੰਡਾ ਜੇਲ੍ਹ ਵਿਚ ਲੰਘੇ ਤਿੰਨ ਵਰ੍ਹਿਆਂ ਦੌਰਾਨ ਚਾਰ ਅਫ਼ਸਰਾਂ ਤੇ ਮੁਲਾਜ਼ਮਾਂ ਨੇ ਨੌਕਰੀ ਛੱਡੀ ਹੈ ਜਿਨ੍ਹਾਂ ਵਿਚ ਇੱਕ ਸਹਾਇਕ ਸੁਪਰਡੈਂਟ ਵੀ ਸ਼ਾਮਿਲ ਹੈ।

ਫ਼ਰੀਦਕੋਟ ਜੇਲ੍ਹ ਦੇ ਸੱਤ ਜੇਲ੍ਹ ਅਫ਼ਸਰਾਂ ਤੇ ਮੁਲਾਜ਼ਮਾਂ ਨੇ ਨੌਕਰੀ ਤੋਂ ਤੌਬਾ ਕੀਤੀ ਹੈ ਜਿਨ੍ਹਾਂ ਵਿਚੋਂ ਦੋ ਨੇ ਅਸਤੀਫ਼ੇ ਦਿੱਤੇ ਹਨ। ਜੇਲ੍ਹ ਦੇ ਡਿਪਟੀ ਸੁਪਰਡੈਂਟ ਨੂੰ ਗੈਂਗਸਟਰਾਂ ਨੇ ਧਮਕੀ ਵੀ ਦਿੱਤੀ ਜਿਸ ਦੀ ਥਾਣੇ ਵਿਚ ਰਿਪੋਰਟ ਦਰਜ ਵੀ ਕਰਾਈ ਗਈ ਪ੍ਰੰਤੂ ਪੁਲੀਸ ਨੇ ਕੋਈ ਕਾਰਵਾਈ ਨਹੀਂ ਕੀਤੀ। ਸਬ ਜੇਲ੍ਹ ਦਸੂਹਾ ਦੇ ਇੱਕ ਮੁਲਾਜ਼ਮ ਨੇ ਵੀਆਰਐਸ ਲਈ ਹੈ ਅਤੇ ਇਸ ਜੇਲ੍ਹ ਦੇ ਡਿਪਟੀ ਸੁਪਰਡੈਂਟ ਨੂੰ ਇੱਕ ਹਵਾਲਾਤੀ ਨੇ ਫ਼ੋਨ ਤੇ ਧਮਕੀ ਦਿੱਤੀ ਹੈ। ਥਾਣੇ ਨੂੰ ਰਿਪੋਰਟ ਵੀ ਦਿੱਤੀ ਪ੍ਰੰਤੂ ਕੋਈ ਕਾਰਵਾਈ ਨਹੀਂ ਹੋਈ। ਕੇਂਦਰੀ ਜੇਲ੍ਹ ਲੁਧਿਆਣਾ ਦੇ 10 ਅਧਿਕਾਰੀਆਂ ਤੇ ਮੁਲਾਜ਼ਮਾਂ ਨੇ ਲੰਘੇ ਪੰਜ ਵਰ੍ਹਿਆਂ ਦੌਰਾਨ ਨੌਕਰੀ ਨੂੰ ਅਲਵਿਦਾ ਆਖਿਆ ਹੈ ਜਿਨ੍ਹਾਂ ਵਿਚੋਂ ਦੋ ਨੇ ਅਸਤੀਫ਼ਾ ਦਿੱਤਾ ਹੈ। ਇਸ ਜੇਲ੍ਹ ਵਿਚ 67 ਅਸਾਮੀਆਂ ਖ਼ਾਲੀ ਹਨ। ਫ਼ਿਰੋਜ਼ਪੁਰ ਜੇਲ੍ਹ ਦੇ ਅੱਠ ਹੈੱਡ ਵਾਰਡਰਾਂ ਅਤੇ ਵਾਰਡਰਾਂ ਨੇ ਨੌਕਰੀ ਛੱਡੀ ਹੈ ਜਦੋਂ ਕਿ ਰੋਪੜ ਜੇਲ੍ਹ ਦੇ ਅੱਠ ਅਧਿਕਾਰੀਆਂ ਅਤੇ ਮੁਲਾਜ਼ਮਾਂ ਨੇ ਵੀਆਰਐਸ ਲੈ ਲਈ ਹੈ ਜਿਨ੍ਹਾਂ ਵਿਚ ਦੋ ਸਹਾਇਕ ਸੁਪਰਡੈਂਟ ਵੀ ਸ਼ਾਮਿਲ ਹਨ। ਸੂਤਰ ਦੱਸਦੇ ਹਨ ਕਿ ਜੇਲ੍ਹਾਂ ਦੇ ਮਾਹੌਲ ਨੂੰ ਦੇਖਦੇ ਹੋਏ ਹੁਣ ਤਾਂ ਕੋਈ ਜੇਲ੍ਹ ਸੁਪਰਡੈਂਟ ਵੀ ਲੱਗਣ ਨੂੰ ਤਿਆਰ ਨਹੀਂ ਹੈ। ਇਹ ਵੀ ਕੋਈ ਲੁਕੀ ਛੁਪੀ ਗੱਲ ਨਹੀਂ ਕਿ ਜੇਲ੍ਹਾਂ ਵਿਚ ਨਸ਼ਿਆਂ ਤੇ ਮੋਬਾਈਲਾਂ ਦੀ ਵਰਤੋਂ ਵੀ ਰੁਕੀ ਨਹੀਂ ਅਤੇ ਇਹ ਧੰਦਾ ਜੇਲ੍ਹ ਸਟਾਫ਼ ਦੀ ਸ਼ਮੂਲੀਅਤ ਤੋਂ ਬਿਨਾਂ ਸੰਭਵ ਨਹੀਂ ਹੈ। ਬਹੁਤੇ ਜੇਲ੍ਹ ਅਧਿਕਾਰੀ ਜੇਲ੍ਹਾਂ ਵਿਚ ਦੋ ਨੰਬਰ ਦੇ ਕਾਰੋਬਾਰ ਨੂੰ ਹੱਲਾਸ਼ੇਰੀ ਦੇ ਕੇ ਹੱਥ ਵੀ ਰੰਗ ਰਹੇ ਹਨ। ਜੇਲ੍ਹਾਂ ਵਿਚ ਲੜਾਈ ਝਗੜੇ ਵੀ ਪਹਿਲਾਂ ਨਾਲੋਂ ਵਧੇ ਹਨ। ਪੰਜਾਬ ਵਿੱਚ ਛੋਟੀਆਂ ਵੱਡੀਆਂ 26 ਜੇਲ੍ਹਾਂ ਹਨ ਜਿਨ੍ਹਾਂ ਦੀ 23,218 ਬੰਦੀਆਂ ਨੂੰ ਸੰਭਾਲਣ ਦੀ ਸਮਰੱਥਾ ਹੈ। ਇਨ੍ਹਾਂ ਜੇਲ੍ਹਾਂ ਵਿਚ ਵਾਰਡਰ ਗਾਰਦ ਦੀਆਂ 2683 ਅਸਾਮੀਆਂ ਪ੍ਰਵਾਨਿਤ ਹਨ ਜਿਨ੍ਹਾਂ ਵਿਚੋਂ 789 ਖ਼ਾਲੀ ਪਈਆਂ ਹਨ। ਜੇਲ੍ਹਾਂ ਦੀ ਸੁਰੱਖਿਆ ਤੇ ਪੰਜਾਬ ਪੁਲੀਸ/ਆਈਆਰਬੀ/ ਪੀਏਪੀ/ਹੋਮ ਗਾਰਡ ਅਤੇ ਪੈਸਕੋ ਦੇ ਕਰੀਬ 1867 ਜਵਾਨ ਤਾਇਨਾਤ ਕੀਤੇ ਹੋਏ ਹਨ। ਹੁਣ ਛੇ ਜੇਲ੍ਹਾਂ ਦੀ ਸੁਰੱਖਿਆ ਕੇਂਦਰੀ ਸਨਅਤੀ ਸੁਰੱਖਿਆ ਦਲ ਨੂੰ ਦਿੱਤੀ ਜਾਣੀ ਹੈ। ਪੰਜਾਬ ਦੀਆਂ ਜੇਲ੍ਹਾਂ ਵਿਚ ਇਸ ਵੇਲੇ ਕਰੀਬ ਸਵਾ ਦੋ ਸੌ ਗੈਂਗਸਟਰ ਬੰਦ ਹਨ ਜਿਨ੍ਹਾਂ ਵਿਚੋਂ 35 ਖ਼ਤਰਨਾਕ ਗੈਂਗਸਟਰ ਹਨ। ਪੰਜਾਬ ਦੇ ਜੇਲ੍ਹ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਕਿਹਾ ਕਿ ਕਿਸੇ ਦੀ ਦਹਿਸ਼ਤ ਕਰ ਕੇ ਜੇਲ੍ਹ ਅਫਸਰਾਂ ਤੇ ਮੁਲਾਜ਼ਮਾਂ ਨੂੰ ਹੁਣ ਨੌਕਰੀ ਛੱਡਣ ਦੀ ਨੌਬਤ ਨਹੀਂ ਆਉਣ ਦਿੱਤੀ ਜਾਵੇਗੀ। ਉਨ੍ਹਾਂ ਆਖਿਆ ਕਿ ਜਿੱਥੇ ਕਿਤੇ ਜੇਲ੍ਹ ਅਫ਼ਸਰਾਂ ਨੂੰ ਧਮਕੀ ਮਿਲੀ ਹੈ ਤਾਂ ਉਨ੍ਹਾਂ ਨੂੰ ਸੁਰੱਖਿਆ ਮੁਹੱਈਆ ਕਰਵਾਈ ਗਈ ਹੈ।

# ਟੋਰਾਂਟੋ 'ਚ ਕਰਾਈਮ ਲੋਕਾਂ ਲਈ ਦਹਿਸ਼ਤ ਦਾ ਕਾਰਨ ਬਣਿਆ

## ✪ ਜਿਹਾਦੀ ਅਤੇ ਨਸਲੀ ਅੱਤਵਾਦ ਦੇ ਸ਼ਿਕਾਰ ਹੋ ਰਹੇ ਨੇ ਲੋਕ ✪ ਪੰਜਾਬੀ ਨੌਜਵਾਨ ਵੀ ਖਰਮਸਤੀਆਂ ਕਰਨ ਲੱਗੇ

- **ਪੁਲੀਸ ਢਿੱਲ ਕਾਰਨ ਗੈਂਗਸਟਰਾਂ ਦੀਆਂ ਕਾਰਵਾਈਆਂ 'ਚ ਵਾਧਾ ਹੋਇਆ**
- **ਗੰਨ ਮੈਨੂਫੈਕਚਰਿੰਗ ਲਾਬੀ ਦਾ ਦਖ਼ਲ ਬੰਦ ਹੋਵੇ : ਟੋਰਾਂਟੋ ਵਾਸੀ**



**ਓਂਟਾਰੀਓ/ਬਿਊਰੋ ਨਿਊਜ਼ :**
ਓਂਟਾਰੀਓ ਵਿਚ ਸਰਕਾਰ ਬਦਲਣ ਦੇ ਬਾਵਜੂਦ ਇਸ ਰਾਜ ਦੀ ਰਾਜਧਾਨੀ ਟੋਰਾਂਟੋ ਵਿਚ ਹਿੰਸਾ ਲਗਾਤਾਰ ਜਾਰੀ ਹੈ। ਓਂਟਾਰੀਓ ਰਾਜ ਦਾ ਨਵਾਂ ਕੰਜ਼ਰਵੇਟਿਵ ਪ੍ਰੀਮੀਅਰ ਡਗ ਫੋਰਡ ਟੋਰਾਂਟੋ ਵਿਚ ਹਿੰਸਾ ਰੋਕਣ ਲਈ ਨਾਕਾਮ ਰਿਹਾ ਹੈ। ਯਾਦ ਰਹੇ ਕਿ 22 ਜੁਲਾਈ ਨੂੰ ਰਾਤ ਦੇ 10.25 ਵਜੇ 29 ਸਾਲਾ ਫੈਸਲ ਹੁਸੈਨ ਹੈਂਡ ਗੰਨ ਤੇ ਅਸਲੇ ਨਾਲ ਲੈਸ ਹੋ ਕੇ ਟੋਰਾਂਟੋ ਵਾਸੀਆਂ ਦੇ ਸ਼ਿਕਾਰ ਲਈ ਗਰੀਕਟਾਊਨ ਇਲਾਕੇ ਦੀਆਂ ਸੜਕਾਂ 'ਤੇ ਦਨਦਨਾਉਂਦਾ ਨਿਕਲਿਆ। ਮਿੰਟਾਂ ਵਿਚ ਉਸ ਨੇ 15 ਵਿਅਕਤੀਆਂ ਨੂੰ ਗੋਲ਼ੀਆਂ ਮਾਰ ਦਿੱਤੀਆਂ। ਇਨ੍ਹਾਂ ਵਿਚੋਂ ਇਕ 18 ਸਾਲ ਲੜਕੀ ਜੋ ਨਰਸਿੰਗ ਦਾ ਕੋਰਸ ਕਰ ਰਹੀ ਸੀ ਤੇ 10 ਸਾਲਾ ਬੱਚੀ ਦਮ ਤੋੜ ਗਈਆਂ। ਬਾਕੀ ਜ਼ਖ਼ਮੀ ਹੋ ਗਏ। ਉਹ ਖ਼ੁਦ ਵੀ ਪੁਲਿਸ ਨਾਲ ਮੁਕਾਬਲੇ ਵਿਚ ਮਾਰਿਆ ਗਿਆ।

ਇਹ ਨੌਜਵਾਨ ਪਾਕਿਸਤਾਨ ਨਾਲ ਸਬੰਧਿਤ ਸੀ। ਉਹ ਸਥਾਨਕ ਪੁਲਿਸ ਦੇ ਰਾਡਾਰ ਹੇਠ ਸੀ। ਭਾਵੇਂ ਇਸ ਦਾ ਕੋਈ ਅਪਰਾਧਕ ਰਿਕਾਰਡ ਨਹੀਂ ਸੀ। ਪਰ ਉਸ ਦਾ ਕਰੀਬ 20 ਨੌਜਵਾਨਾਂ ਦੇ ਗਰੁੱਪ ਨਾਲ ਸਬੰਧ ਸੀ। ਉਹ ਇਸਲਾਮਕ ਚਰਚਾ ਵਿਚ ਭਾਗ ਲੈਂਦਾ ਸੀ। ਉਸ ਦੇ ਮਾਪਿਆਂ ਅਨੁਸਾਰ ਉਹ ਮਾਨਸਿਕ ਤੌਰ 'ਤੇ ਬਿਮਾਰ ਸੀ। ਪੁਲਿਸ ਦਾ ਵਿਸ਼ੇਸ਼ ਜਾਂਚ ਯੂਨਿਟ ਹੁਣ ਐਸੇ ਸਵਾਲਾਂ ਦਾ ਜਵਾਬ ਲੱਭਣ ਲਈ ਰੁੱਝਾ ਹੋਇਆ ਹੈ ਕਿ ਐਸੇ ਮਨੋਰੋਗੀ ਕੋਲ ਹੈਂਡ ਗੰਨ ਤੇ ਅਸਲਾ ਕਿੱਥੋਂ ਆਇਆ ? ਉਸ ਨੇ ਉਸ ਬੰਦੂਕ ਨੂੰ ਚਲਾਉਣਾ ਕਿੱਥੋਂ ਤੇ ਕਿਵੇਂ ਸਿੱਖਿਆ ?

ਅਜੇ 23 ਅਪਰੈਲ, 2018 ਨੂੰ ਅਲੈਕ ਮਿਨਾਸ਼ੀਅਨ ਨਾਂ ਦੇ 25 ਸਾਲਾ ਨੌਜਵਾਨ ਨੇ ਕਿਰਾਏ 'ਤੇ ਰਾਈਡਰ ਵੈਨ ਲੈ ਕੇ ਉਸ ਨੂੰ ਮੌਤ ਦਾ ਹਥਿਆਰ ਬਣਾ ਕੇ ਟੋਰਾਂਟੋ ਸ਼ਹਿਰ ਦੇ ਉੱਤਰੀ ਯਾਰਕ ਇਲਾਕੇ ਵਿਚ ਯੋਂਗ ਸਟਰੀਟ 'ਤੇ ਕਰੀਬ 22 ਮਿੰਟ ਜੋ ਅੱਗੇ ਆਇਆ, ਲਤਾੜ ਦਿੱਤਾ। ਇਸ ਖ਼ੂਨੀ ਖੇਡ ਵਿਚ 10 ਵਿਅਕਤੀ ਮਾਰੇ ਗਏ ਅਤੇ 15 ਜ਼ਖਮੀ ਹੋ ਗਏ ਸਨ।

ਪਿਛਲੇ ਸਾਲ ਜੂਨ ਦੇ ਅਖੀਰ ਤਕ ਟੋਰਾਂਟੋ ਅੰਦਰ ਗੋਲੀਬਾਰੀ ਰਾਹੀਂ 16 ਵਿਅਕਤੀ ਮਾਰੇ ਗਏ ਸਨ ਪਰ ਇਸ ਸਾਲ ਹੁਣ ਤਕ ਮਾਰੇ ਗਏ 52 ਵਿਅਕਤੀਆਂ ਵਿਚੋਂ 24 ਗੋਲੀਬਾਰੀ ਦਾ ਸ਼ਿਕਾਰ ਹੋਏ ਹਨ। ਪਿਛਲੇ ਸਾਲ ਜੂਨ 25 ਤਕ 170 ਗੋਲੀਬਾਰੀ ਘਟਨਾਵਾਂ ਵਾਪਰੀਆਂ ਜੋ ਇਸ ਵਾਰ ਇਸੇ ਸਮੇਂ ਦੌਰਾਨ ਵਧ ਕੇ 199 ਹੋ ਗਈਆਂ। ਇਨ੍ਹਾਂ ਵਿਚੋਂ 23 ਜਨਵਰੀ, 2018 ਨੂੰ ਇਕ 20 ਸਾਲਾ ਨੌਜਵਾਨ ਵੱਲੋਂ ਵੱਖ-ਵੱਖ ਦਿਨੀਂ 7 ਜਣਿਆਂ ਨੂੰ ਨਿਸ਼ਾਨਾ ਬਣਾਇਆ ਗਿਆ ਸੀ। 14 ਜੂਨ ਨੂੰ ਦੋ ਵਿਅਕਤੀਆਂ ਵੱਲੋਂ ਖੇਡ ਦੇ ਮੈਦਾਨ ਵਿਚ ਗੋਲ਼ੀਬਾਰੀ ਕਰਕੇ ਦੋ ਭੈਣਾਂ ਨੂੰ ਜ਼ਖ਼ਮੀ ਕਰ ਦਿੱਤਾ ਗਿਆ ਜਿੱਥੇ ਕਰੀਬ 16 ਬੱਚੇ ਖੇਡ ਰਹੇ ਸਨ। 24 ਜੂਨ ਨੂੰ ਦੋ ਗੋਲ਼ੀਬਾਰੀ ਦੀਆਂ ਘਟਨਾਵਾਂ ਵਿਚ ਤਿੰਨ ਵਿਅਕਤੀ ਮਾਰ ਦਿੱਤੇ ਗਏ। 30 ਜੂਨ ਨੂੰ ਦੋ ਵੱਖ-ਵੱਖ ਗੋਲ਼ੀਬਾਰੀ ਦੀਆਂ ਘਟਨਾਵਾਂ ਵਾਪਰੀਆਂ। ਇਕ ਵਿਚ ਡਾਊਨ ਟਾਊਨ ਵਿਖੇ ਦੋ ਵਿਅਕਤੀ ਮਾਰੇ ਗਏ। ਦੂਸਰੀ ਘਟਨਾ ਵਿਚ ਦੋ ਜਣੇ ਜ਼ਖ਼ਮੀ ਹੋ ਗਏ। ਪਹਿਲੀ ਜੁਲਾਈ, 2018 ਨੂੰ ਕੈਨਸਿੰਗਟਨ ਮਾਰਕੀਟ ਵਿਚ ਗੋਲੀਬਾਰੀ ਨਾਲ 19 ਸਾਲਾ ਨੌਜਵਾਨ ਮਾਰਿਆ ਗਿਆ ਤੇ ਤਿੰਨ ਹੋਰ ਨਿਸ਼ਾਨਾ ਬਣਾਏ ਗਏ ਜੋ ਬਚ ਗਏ।

ਬਰੈਂਪਟਨ ਵਿਚ ਆਏ ਦਿਨ ਪੰਜਾਬੀ ਨੌਜਵਾਨਾਂ ਨੇ ਮਾਰ-ਕੁਟਾਈ, ਗੋਲ਼ੀਬਾਰੀ, ਗੈਂਗਵਾਰ ਰਾਹੀਂ ਤਰਥਲੀ ਮਚਾਈ ਹੋਈ ਹੈ। ਪਿੱਛੇ ਜਿਹੇ 4 ਪੰਜਾਬੀ ਸੰਸਦ ਮੈਂਬਰ ਤੇ ਵਿਧਾਨ ਸਭਾ ਮੈਂਬਰਾਂ (ਐੱਮਪੀਪੀ) ਨੇ ਰਾਜ ਤੇ ਫੈਡਰਲ ਸਰਕਾਰ ਨੂੰ ਅਜਿਹੀ ਹਿੰਸਾ ਰੋਕਣ ਲਈ ਪੱਤਰ ਵੀ ਲਿਖੇ। ਪੰਜਾਬੀ ਨੌਜਵਾਨਾਂ ਨੂੰ ਵੀ ਅਜਿਹਾ ਨਾ ਕਰਨ ਲਈ ਵਰਜਿਆ ਗਿਆ। ਇਨ੍ਹਾਂ ਦੀਆਂ ਇੱਦਾਂ ਦੀਆਂ ਹਿੰਸਕ ਵਾਰਦਾਤਾਂ, ਨਸ਼ੀਲੇ ਪਦਾਰਥਾਂ ਦੀ ਤਸਕਰੀ ਤੇ ਅਪਰਾਧੀ ਗੈਂਗਾਂ ਨਾਲ ਸਬੰਧ ਹੋਣ ਦੇ ਸਬੂਤਾਂ ਕਾਰਨ ਫੈਡਰਲ ਸਰਕਾਰ ਪਰਵਾਸ ਸਬੰਧੀ ਕਾਨੂੰਨ ਹੋਰ ਸਖ਼ਤ ਕਰ ਰਹੀ ਹੈ। ਸਿੱਖ ਭਾਈਚਾਰੇ ਨੇ ਇਸ ਸਬੰਧੀ ਸਖ਼ਤ ਨੋਟਿਸ ਲਿਆ ਹੈ ਤਾਂ ਕਿ ਉਨ੍ਹਾਂ ਦੀ ਬਦਨਾਮੀ ਨਾ ਹੋਵੇ।

ਫੈਡਰਲ ਸਰਕਾਰ ਵਿਚ ਚਾਰ ਸਿੱਖ ਮੰਤਰੀ ਹੋਣ ਕਾਰਨ ਪਹਿਲਾਂ ਹੀ ਹਿੰਦੂ ਤੇ ਸਿੱਖ ਕੈਨੇਡੀਅਨ ਨਸਲਪ੍ਰਸਤਾਂ ਦੇ ਨਿਸ਼ਾਨੇ 'ਤੇ ਹਨ। ਟੋਰਾਂਟੋ ਪੁਲਿਸ ਵੱਲੋਂ ਸਟਰੀਟ ਚੈਕਿੰਗ ਕਰਨ ਵਾਲਾ 'ਕਾਰਡਿੰਗ' ਸਿਸਟਮ ਬੰਦ ਕਰ ਦਿੱਤਾ ਗਿਆ ਹੈ। ਸਕੂਲਾਂ ਵਿਚੋਂ ਪੁਲਿਸ ਅਫ਼ਸਰ ਹਟਾ ਲਏ ਗਏ। ਗੈਂਗਸਟਰਾਂ ਵਿਰੋਧੀ 'ਟੈਵਿਸ' ਦਸਤੇ ਖ਼ਤਮ ਕਰ ਦਿੱਤੇ ਗਏ। ਕਰੀਬ 700 ਪੁਲਿਸ ਅਫ਼ਸਰਾਂ ਦੀ ਨਫਰੀ ਘਟਾ ਦਿੱਤੀ ਗਈ ਜਦਕਿ ਸ਼ਹਿਰ ਦੀ ਆਬਾਦੀ ਵਿਚ ਲਗਾਤਾਰ ਵਾਧਾ ਦਰਜ ਕੀਤਾ ਗਿਆ ਹੈ। ਪਰਵਾਸੀਆਂ ਦੀ ਆਮਦ ਵਧੀ ਹੈ ਜਿਸ 'ਤੇ ਹੁਣ ਡਗ ਫੋਰਡ ਕੰਜ਼ਰਵੇਟਿਵ ਸਰਕਾਰ ਸੂਬੇ ਵਿਚ ਡੱਕਾ ਲਾਉਣਾ ਚਾਹੁੰਦੀ ਹੈ। ਨਿਆਂਪਾਲਿਕਾ ਵੱਲੋਂ ਗੋਲ਼ੀਬਾਰੀ ਅਪਰਾਧ ਕਰਨ ਵਾਲਿਆਂ ਨੂੰ ਜ਼ਮਾਨਤ 'ਤੇ ਛੱਡਣ ਦਾ ਰੁਝਾਨ, ਪੁਲਿਸ ਤੇ ਕਮਿਊਨਿਟੀ ਤਾਲਮੇਲ ਰੋਕਣ, ਗੋਲ਼ੀਬਾਰੀ ਸਬੰਧੀ ਘੱਟੋ-ਘੱਟ ਜ਼ਰੂਰੀ ਸਜ਼ਾ ਦਾ ਕਾਨੂੰਨ ਵਾਪਸ ਲੈਣ, ਜ਼ਮਾਨਤ 'ਤੇ ਚੱਲ ਰਹੇ ਅਪਰਾਧੀਆਂ 'ਤੇ ਪੁਲਿਸ ਵੱਲੋਂ ਲਗਾਤਾਰ ਨਜ਼ਰ ਰੱਖਣ ਵਿਚ ਢਿੱਲ ਵਰਤਣ ਦਾ ਹੀ ਨਤੀਜਾ ਹੈ ਕਿ ਟੋਰਾਂਟੋ ਵਿਖੇ ਗੈਂਗਸਟਰਾਂ ਵਿਚ ਵਾਧਾ ਹੋਇਆ ਹੈ।

ਸਿਆਸਤਦਾਨਾਂ ਦੇ ਢਿੱਲੇ ਵਰਤਾਰੇ ਤੋਂ ਦੁਖੀ ਹੋ ਕੇ ਸਾਰਜੈਂਟ ਮਾਰਕ ਹੋਵਾਰਡ ਨੇ ਟੋਰਾਂਟੋ ਦੇ ਮੇਅਰ ਜਾਹਨ ਟੋਰੀ ਨੂੰ ਤੱਥਪੂਰਨ ਪੱਤਰ ਲਿਖਿਆ ਜੋ ਟੇਵਸ ਪ੍ਰੋਗਰਾਮ ਵਿਚ ਸ਼ਾਮਿਲ ਸੀ। ਪੱਤਰ ਵਿਚ ਉਸ ਨੇ ਲਿਖਿਆ ਕਿ ਮੈਂ ਮਹਿਸੂਸ ਕਰਦਾ ਹਾਂ ਕਿ ਤੁਸੀਂ ਸਿੱਧੇ ਤੌਰ 'ਤੇ ਅਜੋਕੀ ਹਿੰਸਾ ਦੇ ਵਾਧੇ ਵਿਚ ਸ਼ਾਮਿਲ ਹੋ ਕਿਉਂਕਿ ਤੁਹਾਡੇ ਵਤੀਰੇ ਤੇ ਹਮਾਇਤ ਬਗੈਰ ਟੇਵਸ ਪ੍ਰੋਗਰਾਮ ਮਨਸੂਖ਼ ਨਹੀਂ ਸੀ ਕੀਤਾ ਜਾ ਸਕਦਾ। ਤੁਸੀਂ ਟੋਰਾਂਟੋ ਪੁਲਿਸ ਵਿਚ ਕਟੌਤੀ ਤੇ ਇਸ ਸਬੰਧੀ ਜਬਰੀ ਬਜਟ ਕਟੌਤੀ ਲਈ ਜ਼ਿੰਮੇਵਾਰ ਹੋ। ਪੁਲਿਸ ਯੂਨੀਅਨ ਟੋਰਾਂਟੋ ਦੇ ਪ੍ਰਧਾਨ ਮਾਈਕ ਮੈੱਕਰਮਾਕ ਨੇ ਸਾਰਜੈਂਟ ਹੇਵਾਰਡ ਦੇ ਪੱਤਰ ਦੀ ਪੁਰਜ਼ੋਰ ਹਮਾਇਤ ਕਰਦੇ ਮੇਅਰ ਨੂੰ ਉਸ ਦੇ ਵਿਚਾਰਾਂ 'ਤੇ ਗ਼ੌਰ ਕਰਨ ਲਈ ਕਿਹਾ। ਟੋਰਾਂਟੋ ਤੇ ਓਂਟਾਰੀਓ ਦੇ ਰਾਜਨੀਤੀਵਾਨ ਚਾਹੁੰਦੇ ਹਨ ਕਿ ਹੈਂਡ ਗੰਨ 'ਤੇ ਪਾਬੰਦੀ ਲਗਾਈ ਜਾਵੇ ਤੇ ਫੈਡਰਲ ਸਰਕਾਰ ਗੰਨ ਕੰਟਰੋਲ ਬਿੱਲ 3-71 ਹੋਰ ਸਖ਼ਤ ਕਰੇ। ਹਿੰਸਾ ਨੂੰ ਠੱਲ੍ਹ ਪਾਉਣ ਲਈ ਹਥਿਆਰ ਰੱਖਣ ਦਾ ਲਾਇਸੈਂਸ ਸਿਰਫ਼ ਜ਼ਰੂਰਤਮੰਦਾਂ ਨੂੰ ਪੂਰੀ ਪੁਲਿਸ ਤਫ਼ਤੀਸ਼ ਮਗਰੋਂ ਜਾਰੀ ਕੀਤਾ ਜਾਵੇ। ਹਿੰਸਾ ਰੋਕਣ ਲਈ ਪੁਲਿਸ ਨੂੰ ਕਾਨੂੰਨ ਅਨੁਸਾਰ ਪੂਰੇ ਅਧਿਕਾਰ ਦੇਣੇ ਜ਼ਰੂਰੀ ਹਨ। ਕਮਿਊਨਿਟੀ ਪੁਲਿਸ ਸਿਸਟਮ ਮਜ਼ਬੂਤ ਕਰਨ ਦੀ ਲੋੜ ਹੈ। ਟੋਰਾਂਟੋ ਦੇ ਲੋਕਾਂ ਦੀ ਮੰਗ ਇਹ ਹੈ ਗੰਨ ਮੈਨੂਫੈਕਚਰਿੰਗ ਲਾਬੀ ਦਾ ਦਖ਼ਲ ਬੰਦ ਹੋਵੇ।

**ਪੰਜਾਬੀ ਗੈਂਗਵਾਰ :** ਕੈਨੇਡਾ ਦੀ ਧਰਤੀ 'ਤੇ ਪੰਜਾਬੀ ਗੈਂਗਵਾਰ ਦਾ ਵੱਡੇ ਪੱਧਰ 'ਤੇ ਸ਼ਿਕਾਰ ਹੋਏ ਹਨ।ਅੰਕੜਿਆਂ ਅਨੁਸਾਰ 2009 ਤੋਂ ਹੁਣ ਤੱਕ ਇਸ ਧੜੇਬੰਦਕ ਲੜਾਈ ਕਾਰਨ 425 ਤੋਂ ਵਧੇਰੇ ਜਾਨਾਂ ਜਾ ਚੁੱਕੀਆਂ ਹਨ, ਜਿਨ੍ਹਾਂ ਵਿਚ 67 ਪੰਜਾਬੀ ਸਿੱਖ ਗੱਭਰੂ ਸ਼ਾਮਲ ਹਨ। ਇਸ ਵਰ੍ਹੇ ਉਕਤ ਬਦਲਾਖੋਰੀ ਦੀ ਅੱਗ ਹੋਰ ਤੇਜ਼ ਹੋ ਚੁੱਕੀ ਹੈ, ਜਿਸ ਨੇ ਜਨਵਰੀ ਤੋਂ ਹੁਣ ਤੱਕ 17 ਪੰਜਾਬੀ ਜਵਾਨਾਂ ਸਮੇਤ 58 ਜ਼ਿੰਦਗੀਆਂ ਝੁਲਸ ਲਈਆਂ ਹਨ। ਧੜ੍ਹੇਬਾਜ਼ੀ ਤੇ ਹੋਰ ਰੰਜ਼ਿਸ਼ੀ ਘਟਨਾਵਾਂ 'ਤੇ ਝਾਤੀ ਮਾਰੀਏ ਤਾਂ 23 ਜਨਵਰੀ 2017 ਨੂੰ 22 ਸਾਲਾ ਕਰਨਪ੍ਰਤਾਪ ਵੜੈਚ ਨੂੰ ਸਰੀ ਵਿਖੇ ਉਸ ਦੀ ਗੱਡੀ ਵਿਚ ਗੋਲੀ ਦਾ ਸ਼ਿਕਾਰ ਬਣਾ ਲਿਆ ਗਿਆ। ਇਕ ਹੋਰ ਪੰਜਾਬੀ ਸਟੀਵ ਨਾਗਰਾ ਦੇ ਕਤਲ ਮਾਮਲੇ ਵਿਚ ਸੁਣਵਾਈ ਅਧੀਨ 36 ਸਾਲਾ ਹਰਸ਼ਾਨ ਬੈਂਸ ਨੂੰ 26 ਜਨਵਰੀ ਵਾਲੇ ਦਿਨ ਮੌਤ ਦੇ ਘਾਟ ਉਤਾਰ ਦਿੱਤਾ ਗਿਆ। 9 ਫਰਵਰੀ 2017 ਨੂੰ ਮਨਿੰਦਰ ਵੜੈਚ (38) ਤੇ 20 ਫਰਵਰੀ ਨੂੰ ਸਤਕਾਰ ਸਿੱਧੂ (23) ਵਿਰੋਧੀਆਂ ਦੀ ਗੋਲੀ ਦਾ ਨਿਸ਼ਾਨਾ ਬਣ ਗਏ। 9 ਮਾਰਚ 2017 ਨੂੰ 32 ਸਾਲਾ ਨਵਦੀਪ ਸੰਘੇੜਾ ਅਤੇ 49 ਸਾਲਾ ਹਰਜੀਤ ਸਿੰਘ ਮਾਨ ਨੂੰ ਇਕੱਠਿਆਂ ਹੀ ਕਤਲ ਕਰ ਦਿੱਤਾ ਗਿਆ। 13 ਮਾਰਚ 2017 ਨੂੰ 29 ਸਾਲਾ ਬਰਿੰਦਰਜੀਤ ਭੰਗੂ ਅਤੇ 24 ਮਾਰਚ 2017 ਨੂੰ 20 ਸਾਲਾ ਜਸਕਰਨ ਲਾਲੀ ਵੀ ਗੈਂਗਵਾਰ ਦਾ ਨਿਸ਼ਾਨਾ ਬਣ ਗਏ। 26 ਮਾਰਚ 2017 ਨੂੰ ਜਸਪ੍ਰੀਤ ਧਾਲੀਵਾਲ ਦਾ ਕਤਲ ਹੋ ਗਿਆ ਅਤੇ 14 ਮਈ ਨੂੰ ਜਸਦੀਪ ਕਲੇਰ (24) ਦੀ ਸ਼ੱਕੀ ਹਮਲੇ 'ਚ ਮੌਤ ਹੋ ਗਈ। 4 ਅਗਸਤ 2017 ਨੂੰ 18 ਸਾਲਾ ਜਸਪ੍ਰੀਤ ਸਿੱਧੂ ਦੀ ਗੋਲੀ ਮਾਰ ਕੇ ਕਤਲ ਕਰ ਦਿੱਤਾ ਗਿਆ। 29 ਅਗਸਤ ਨੂੰ 22 ਸਾਲਾ ਪਰਦੀਪ ਸਿੰਘ ਦਾ ਕਤਲ ਕਰ ਦਿੱਤਾ ਗਿਆ ਤੇ ਦੋ ਦਿਨ ਬਾਅਦ 31 ਅਗਸਤ ਨੂੰ 18 ਸਾਲਾ ਸਹਿਜ਼ ਸਿੱਧੂ ਨੂੰ ਗੋਲੀ ਮਾਰ ਦਿੱਤੀ ਗਈ। 27 ਅਕਤੂਬਰ 2017 ਨੂੰ 27 ਸਾਲਾ ਰਣਦੀਪ ਕੰਗ ਦਾ ਗੋਲੀ ਮਾਰ ਕੇ ਕਤਲ ਕਰ ਦਿੱਤਾ ਗਿਆ ਜਦਕਿ ਉਸ ਦਾ ਭਰਾ ਗੈਰੀ ਇਸ ਹਮਲੇ ਵਿਚ ਜ਼ਖ਼ਮੀ ਹੋ ਗਿਆ।

ਖ਼ਬਰ ਹੈ ਕਿ 8 ਅਗਸਤ ਦੌਰਾਨ ਗੈਂਗਸਟਰ ਗੁਰਜੋਤ ਸਿੰਘ ਗਰਚਾ ਦੀ ਐਤਵਾਰ ਨੂੰ ਕੈਨੇਡਾ ਵਿੱਚ ਰਹੱਸਮਈ ਹਾਲਾਤਾਂ ਵਿੱਚ ਮੌਤ ਹੋ ਗਈ ਹੈ। ਉਸਦੀ ਮੌਤ ਦਾ ਕਾਰਨ ਫਿਲਹਾਲ ਅਸਪਸ਼ਟ ਹੈ। ਉਸਦੇ ਦੋਸਤਾਂ ਨੇ ਮੌਤ ਦੇ ਕਾਰਨ ਵਜੋਂ ਨਸ਼ੇ ਦੀ ਵੱਧ ਮਾਤਰਾ ਜਾਂ ਦਿਲ ਦੇ ਦੌਰੇ ਦਾ ਜ਼ਿਕਰ ਕੀਤਾ ਹੈ। ਉਨ੍ਹਾਂ ਦਾਅਵਾ ਕੀਤਾ ਕਿ ਗਰਚਾ ਰਾਤ ਨੂੰ ਕਿਸੇ ਪਾਰਟੀ ਤੋਂ ਬਾਅਦ ਘਰ ਪਰਤਿਆ ਸੀ ਪਰ ਸਵੇਰੇ ਉੱਠਿਆ ਨਹੀਂ। ਹਾਲਾਂਕਿ, ਕੈਨੇਡਾ ਦੇ ਇੱਕ ਰੇਡੀਓ ਦੀਆਂ ਖ਼ਬਰਾਂ ਵਿੱਚ ਖਬਰਾਂ ਵਿਚ ਦਾਅਵਾ ਕੀਤਾ ਗਿਆ ਸੀ ਕਿ ਉਸ ਨੂੰ ਵਿਰੋਧੀਆਂ ਨੇ ਮਾਰਿਆ ਸੀ। ਉਹ ਅਨੇਕਾਂ ਅਪਰਾਧਿਕ ਮਾਮਲਿਆਂ ਵਿੱਚ ਲੋੜੀਂਦਾ ਸੀ, ਜਿਹਨਾਂ ਵਿੱਚ ਕਤਲ ਰਹਿਣ ਮਾਰੇ ਗਏ ਗੈਂਗਸਟਰ ਰੁਪਿੰਦਰ ਗਾਂਧੀ ਦੇ ਭਰਾ ਮਨਮਿੰਦਰ ਗਾਂਧੀ ਦਾ ਵੀ ਕਤਲ ਸ਼ਾਮਲ ਹੈ।

ਹੁਣੇ ਜਿਹੇ ਵੈਨਕੂਵਰ ਪੁਲਿਸ ਨੇ 17 ਮਹੀਨਿਆਂ ਦੀ ਪੜਤਾਲ ਤੋਂ ਬਾਅਦ 14 ਇੰਡੋ-ਕੈਨੇਡੀਅਨ ਗੈਂਗਸਟਰਾਂ ਨੂੰ ਹਥਿਆਰਾਂ ਦੀ ਵੱਡੀ ਖੇਪ ਨਾਲ ਗ੍ਰਿਫਤਾਰ ਕੀਤਾ ਹੈ। ਮੁਲਜ਼ਮਾਂ ਵਿਚੋਂ 8 ਪੰਜਾਬੀ ਮੂਲ ਦੇ ਹਨ। ਮੁਲਜ਼ਮਾਂ ਕੋਲੋਂ ਪ੍ਰੈਸ਼ਰ ਕੁੱਕਰ ਬੰਬ, ਏਕੇ 47 ਤੇ ਸਨਾਇਪਰ ਗੰਨ ਜਿਹੇ 120 ਤੋਂ ਜ਼ਿਆਦਾ ਹਥਿਆਰ, 50 ਗੈਰਕਾਨੂੰਨੀ ਡਿਵਾਇਸ, ਸਾਢੇ ਨੌਂ ਕਿਲੋ ਫੇਨਟੇਨਿਲ, 40 ਕਿਲੋ ਨਸ਼ੀਲੇ ਪਦਾਰਥ, 8 ਲੱਖ ਡਾਲਰ ਕੈਸ਼ ਤੇ 8 ਲੱਖ ਡਾਲਰ ਦਾ ਸੋਨਾ ਬਰਾਮਦ ਕੀਤਾ ਹੈ। ਇਸ ਤੋਂ ਇਲਾਵਾ ਮੁਲਜ਼ਮਾਂ ਦੀ ਨਿਸ਼ਾਨਦੇਹੀ 'ਤੇ ਪੁਲਿਸ ਨੇ 3.5 ਲੱਖ ਡਾਲਰ ਦੀਆਂ ਕਾਰਾਂ ਵੀ ਜ਼ਬਤ ਕੀਤੀਆਂ ਹਨ। ਪੁਲਿਸ ਮੁਤਾਬਕ ਗੈਂਗਸਟਰਾਂ ਨੇ ਇਹ ਹਥਿਆਰ ਅੰਤਰਰਾਸ਼ਟਰੀ ਅੱਤਵਾਦੀ ਸੰਗਠਨ ਨੂੰ ਸਪਲਾਈ ਕਰਨੇ ਸਨ। ਸਹਾਇਕ ਪੁਲਿਸ ਕਮਿਸ਼ਨਰ ਆਰਸੀਏਐਮਪੀ ਕੇਵਿਨ ਹਾਕਲੇਟ ਮੁਤਾਬਕ ਫੜ੍ਹੇ ਗਏ ਸਾਰੇ ਗੈਂਗਸਟਰ ਕੰਗ ਤੇ ਲੇਟੀਮਰ ਗੈਂਗ ਨਾਲ ਜੁੜੇ ਹੋਏ ਹਨ। ਇਨ੍ਹਾਂ ਦੀ ਉਮਰ 22 ਤੋਂ 68 ਸਾਲ ਦੇ ਦਰਮਿਆਨ ਹੈ। ਫੜ੍ਹੇ ਗਏ ਪੰਜਾਬੀ ਗੈਂਗਸਟਰਾਂ ਦਾ ਸਬੰਧ ਜਲੰਧਰ ਤੇ ਲੁਧਿਆਣਾ ਨਾਲ ਹੈ। ਫੜੇ ਗਏ ਗੈਂਗਸਟਰਾਂ ਦੀ ਸੂਚੀ ਸੁਮੀਤ ਕੰਗ-26 ਸਾਲ, ਗੈਰੀ ਕੰਗ-22 ਸਾਲ, ਰਣਬੀਰ ਕੰਗ-48 ਸਾਲ, ਮਨਬੀਰ ਕੰਗ-50 ਸਾਲ, ਗੁਰਚਰਨ ਕੰਗ-68 ਸਾਲ, ਪਰਮਿੰਦਰ ਬੋਪਾਰਾਏ-29 ਸਾਲ, ਮਨਵੀਰ ਵੜੈਚ-30 ਸਾਲ, ਕੇਲ ਲੇਟੀਮਰ-27 ਸਾਲ, ਕੇਗ ਲੇਟੀਮਰ-55 ਸਾਲ, ਕਸੋਨਗੋਰ ਸਜੂਸ-29 ਸਾਲ, ਐਂਡਿਊਲ ਪਿਕਨਟਿਊ-22 ਸਾਲ, ਜੋਕਬ ਪ੍ਰੇਰਾ-25 ਸਾਲ, ਜੀਤੇਸ਼ ਵਾਘ-37 ਸਾਲ, ਕ੍ਰਿਸਟੋਫਰ ਘੁਮਾਨ-21 ਸਾਲ।

ਸਥਾਨਕ ਗੈਂਗਵਾਰ ਦਾ ਸ਼ਿਕਾਰ ਬਣੇ ਲਗਪਗ ਸਾਰੇ ਪੰਜਾਬੀ ਨੌਜਵਾਨ ਕੈਨੇਡਾ ਦੇ ਜੰਮਪਲ ਸਨ ਤੇ ਉਨ੍ਹਾਂ ਵਿਚੋਂ ਬਹੁਤੇ ਨਸ਼ਾ ਪ੍ਰਸਤੀ ਧੜ੍ਹੇਬੰਦੀ ਵਿਚ ਸਰਗਰਮ ਸਨ। ਉਕਤ ਪੰਜਾਬੀਆਂ ਤੋਂ ਇਲਾਵਾ ਇਸ ਹਾਲਾਤ ਦੀ ਬਲੀ ਚੜ੍ਹੇ ਲੋਕਾਂ ਵਿਚ ਚੀਨੇ, ਗੋਰੇ ਤੇ ਅਸਮਾਈਲੀ ਸ਼ਾਮਲ ਹਨ। ਗੈਂਗਵਾਰ 'ਤੇ ਰੋਕਥਾਮ ਵਿਚ ਪੁਲਿਸ ਦੀ ਲਾਚਾਰੀ ਦਾ ਮੁੱਖ ਕਾਰਨ ਧੜਿਆਂ ਵਲੋਂ ਆਪਣੀ ਦੁਸ਼ਮਣੀ ਆਪੇ ਨਜਿੱਠਣ ਦੀ ਹਿਰਸ ਹੈ ਤੇ ਬਹੁਤੀ ਵਾਰ ਹਮਲਾਵਰ 'ਤੇ ਸ਼ੱਕ ਹੋਣ ਦੇ ਬਾਵਜੂਦ ਪੁਲਿਸ ਨੂੰ ਦੱਸਿਆ ਨਹੀਂ ਜਾਂਦਾ। ਪੁਲਿਸ ਵਲੋਂ ਧੜੇਬਾਜ਼ੀ ਵਿਚ ਸ਼ਾਮਿਲ ਨੌਜਵਾਨਾਂ ਦੀ ਪਛਾਣ ਮਗਰੋਂ ਉਨ੍ਹਾਂ ਦੀਆਂ ਤਸਵੀਰਾਂ ਜਨਤਕ ਕੀਤੀਆਂ ਜਾਂਦੀਆਂ ਹਨ ਤੇ ਆਮ ਲੋਕਾਂ ਨੂੰ ਉਨ੍ਹਾਂ ਤੋਂ ਪਾਸੇ ਰਹਿਣ ਦੀ ਹਦਾਇਤ ਕੀਤੀ ਜਾਂਦੀ ਹੈ।

## ਕੈਨੇਡਾ ਪੁਲਿਸ ਵੱਲੋਂ ਪੰਜਾਬੀ ਨੌਜਵਾਨ ਤੋਂ ਬਚ ਕੇ ਰਹਿਣ ਦੀ ਚੇਤਾਵਨੀ

**ਐਬਟਸਫੋਰਡ/ਬਿਊਰੋ ਨਿਊਜ਼ :** ਪੰਜਾਬੀ ਗੱਭਰੂ ਵਰਿੰਦਰਪਾਲ ਸਿੰਘ ਗਿੱਲ-ਉਮਰ 19 ਸਾਲ-ਕੱਦ 6'2" ਇੰਚ, ਕੈਨੇਡਾ ਦੇ ਐਬਟਸਫੋਰਡ ਸ਼ਹਿਰ ਦੀ ਪੁਲਿਸ ਲਈ ਸਿਰਦਰਦੀ ਬਣਿਆ ਹੋਇਆ ਹੈ। ਕੈਨੇਡਾ ਦੀ ਪੁਲਿਸ ਨੇ ਆਮ



ਲੋਕਾਂ ਨੂੰ ਇਸ ਪੰਜਾਬੀ ਨੌਜਵਾਨ ਤੋਂ ਬਚ ਕੇ ਰਹਿਣ ਸਬੰਧੀ ਚੇਤਾਵਨੀ ਜਾਰੀ ਕੀਤੀ ਹੈ। ਪੁਲਿਸ ਦਾ ਮੰਨਣਾ ਹੈ ਕਿ ਇਸ ਨੌਜਵਾਨ ਦੀ ਕਿਤੇ ਵੀ ਮੌਜੂਦਗੀ ਦੂਜੇ ਲੋਕਾਂ ਲਈ ਗੰਭੀਰ ਖ਼ਤਰਾ ਬਣ ਸਕਦੀ ਹੈ। ਵਰਿੰਦਰਪਾਲ ਗਿੱਲ ਨੂੰ ਮੁੰਡਿਆਂ ਵਿਚ ਵੀਪੀ ਨੂੰ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਪੁਲਿਸ ਦਾ ਕਹਿਣਾ ਹੈ ਕਿ ਵੀਪੀ ਐਬਟਸਫੋਰਡ ਅਤੇ ਲੋਅਰ ਮੇਨਲੈਂਡ ਵਿਚ ਜਾਰੀ ਗੈਂਗਵਾਰ ਵਿਚ ਸ਼ਾਮਿਲ ਹੈ।

ਪੁਲਿਸ ਵੱਲੋਂ ਜਾਰੀ ਇਕ ਪ੍ਰੈਸ ਰਿਲੀਜ਼ ਵਿਚ ਦੱਸਿਆ ਗਿਆ ਹੈ ਕਿ, ਜ਼ਿਆਦਾਤਰ ਗੋਲ਼ੀ ਚੱਲਣ ਦੀਆਂ ਵਾਰਦਾਤਾਂ ਜਨਤਕ ਥਾਵਾਂ 'ਤੇ ਹੀ ਹੁੰਦੀਆਂ ਹਨ, ਇਸੇ ਲਈ ਵਰਿੰਦਰਪਾਲ ਗਿੱਲ ਦੀ ਕਿਤੇ ਵੀ ਮੌਜੂਦਗੀ ਲੋਕਾਂ ਦੀ ਸੁਰੱਖਿਆ ਨੂੰ ਖ਼ਤਰੇ ਵਿਚ ਪਾ ਸਕਦੀ ਹੈ। ਐਬਟਸਫੋਰਡ ਪੁਲਿਸ ਦਾ ਇਹ ਵੀ ਮੰਨਣਾ ਹੈ ਕਿ ਗਿੱਲ ਕਰਕੇ ਹੋਰ ਗੈਂਗ ਦੇ ਲੋਕਾਂ ਲਈ ਵੀ ਖ਼ਤਰਾ ਹੈ ਅਤੇ ਉਹ ਖੁਦ ਵੀ ਖ਼ਤਰੇ ਦਾ ਸਾਹਮਣਾ ਕਰ ਰਿਹਾ ਹੈ। ਜ਼ਿਕਰਯੋਗ ਹੈ ਕਿ ਕੈਨੇਡਾ ਵਿੱਚ ਗੈਂਗਵਾਰ ਦੀਆਂ ਘਟਨਾਵਾਂ ਵਧ ਰਹੀਆਂ ਹਨ ਤੇ ਇਨ੍ਹਾਂ ਵਿਚ ਪੰਜਾਬੀਆਂ ਦੀ ਸ਼ਮੂਲੀਅਤ ਵੀ ਕਾਫੀ ਵਧ ਗਈ ਹੈ।

ਅੰਮ੍ਰਿਤਸਰ ਟਾਈਮਜ਼
AMRITSAR TIMES
22 ਅਗਸਤ 2018 ਤੋਂ 28 ਅਗਸਤ 2018

### ਬੇਅਦਬੀ ਕਾਂਡ

## ਹੁਣ ਦੋਸ਼ੀਆਂ ਨੂੰ ਸਜਾਵਾਂ ਦੇਣ ਦਾ ਮੌਕਾ

ਪੰਜਾਬ ਵਿਚ ਬੀਤੇ ਸਮੇਂ ਦੌਰਾਨ ਹੋਈਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੀਆਂ ਘਟਨਾਵਾਂ ਦਾ ਕਾਫੀ ਸਾਰਾ ਭੇਦ ਖੁੱਲ੍ਹ ਕੇ ਬਾਹਰ ਆ ਗਿਆ ਹੈ। ਇਸ ਦੇ ਵਿਰੋਧ ਵਿਚ ਸ਼ਾਂਤਮਈ ਰੋਸ ਪ੍ਰਦਰਸ਼ਨ ਕਰਨ ਵਾਲੀਆਂ ਸਿੱਖ ਸੰਗਤਾਂ ਉਤੇ ਬਹਿਬਲ ਕਲਾਂ ਤੇ ਕੋਟਕਪੂਰਾ ਵਿਚ ਗੋਲੀਆਂ ਚਲਾਉਣ ਦੀਆਂ ਘਟਨਾਵਾਂ ਬਾਰੇ ਵੀ ਕਾਫੀ ਕੁਝ ਲੋਕਾਂ ਦੀ ਕਚਹਿਰੀ ਵਿਚ ਆ ਗਿਆ ਹੈ। ਪੰਜਾਬ ਦੀ ਮੌਜੂਦਾ ਸਰਕਾਰ ਦੁਆਰਾ ਇਸ ਸਮੁੱਚੇ ਕਾਂਡ ਦੀ ਸਮਾਂਬੱਧ ਜਾਂਚ ਵਾਸਤੇ ਕਾਇਮ ਕੀਤੇ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਇਸੇ ਹਫਤੇ ਪੰਜਾਬ ਵਿਧਾਨ ਸਭਾ ਵਿਚ ਪੇਸ਼ ਹੋਣ ਜਾ ਰਹੀ ਹੈ। ਉਂਝ ਇਸ ਰਿਪੋਰਟ ਦੇ ਇੰਟਰਨੈਟ ਉਤੇ ਪਹਿਲਾਂ ਹੀ ਲੀਕ ਹੋ ਜਾਣ ਕਰਕੇ ਇਸ ਵਿਚ ਦਰਜ ਸਾਰੇ ਤੱਥ ਸਾਡੇ ਸਭ ਦੇ ਸਾਹਮਣੇ ਹਨ। ਹੁਣ ਸਾਰਾ ਮਾਮਲਾ ਇਕ ਤਰ੍ਹਾਂ ਨਾਲ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੇ ਉਨ੍ਹਾਂ ਦੀ ਸਰਕਾਰ ਦੇ ਪਾਲੇ ਵਿਚ ਹੈ। ਜੇ ਉਹ ਦਿਆਨਤਦਾਰੀ ਨਾਲ ਕਥਿਤ ਦੋਸ਼ੀਆਂ ਖਿਲਾਫ ਕਾਨੂੰਨੀ ਅਮਲ ਸ਼ੁਰੂ ਕਰਵਾਉਂਦੇ ਹਨ, ਤਾਂ ਇਨ੍ਹਾਂ ਪਾਪੀਆਂ ਨੂੰ ਇਸ ਘਿਨਾਉਣੇ ਅਪਰਾਧ ਦੀ ਬਣਦੀ ਸਜਾ ਜ਼ਰੂਰ ਮਿਲੇਗੀ, ਭਾਵੇਂ ਕਿ ਉਹ ਕਿੰਨੇ ਵੀ ਵੱਡੇ ਤੇ ਸਿਆਸੀ ਅਸਰ ਰਸੂਖ ਵਾਲੇ ਹੀ ਕਿਉਂ ਨਾ ਹੋਣ।

ਸਿਆਣਿਆਂ ਦਾ ਕਥਨ ਹੈ ਕਿ ਝੂਠੇ ਅਤੇ ਬੇਸ਼ਰਮ ਨੂੰ ਭਾਵੇਂ ਲੱਖ ਮਿਹਣੇ ਮਾਰ ਲਵੋ, ਉਸ ਦੀ ਸਿਹਤ ਉਤੇ ਕੋਈ ਅਸਰ ਨਹੀਂ ਹੁੰਦਾ। ਬਾਦਲਾਂ ਦੀ ਬਿੱਲੀ ਤਾਂ ਕਦੋਂ ਦੀ ਥੈਲੇ ਵਿਚੋਂ ਬਾਹਰ ਆ ਚੁੱਕੀ ਹੈ। ਬਾਦਲਾਂ ਦੀਆਂ ਗ਼ੁਲਾਮ ਬਣ ਚੁੱਕੀਆਂ ਸਿੱਖਾਂ ਦੀਆਂ ਸਰਵਉੱਚ ਧਾਰਮਿਕ ਸੰਸਥਾਵਾਂ ਦੀ ਹਾਲਤ ਵੀ ਨਿਤਾਣੀ ਬਣ ਚੁੱਕੀ ਹੈ। ਇਕ ਪਾਸੇ ਮੀਡੀਆ ਉਤੇ ਬੇਹੱਦ ਸ਼ਰਮਨਾਕ ਖ਼ਬਰਾਂ ਆ ਰਹੀਆਂ ਹਨ ਕਿ ਸਿੱਖਾਂ ਦੇ ਆਦਿ-ਜੁਗਾਦਿ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੀਆਂ ਘਟਨਾਵਾਂ ਸਿਰਸੇਵਾਲੇ ਸਾਧ ਦੇ ਚੇਲੇ ਇਸ ਕਰਕੇ ਅੰਜਾਮ ਦੇ ਸਕੇ ਹਨ ਕਿ ਡੇਰਾ ਮੁਖੀ ਨੂੰ ਮਨ-ਆਈਆਂ ਕਰਨ ਦੀ ਬਾਦਲਾਂ ਵੱਲੋਂ ਅੰਦਰਖਾਤੇ ਪੂਰੀ ਸ਼ਹਿ ਮਿਲ ਰਹੀ ਸੀ ਤੇ ਪੰਜਾਬ ਦੀ ਪੁਲਿਸ ਉਨ੍ਹਾਂ ਦੀ ਹਵਾ ਵੱਲ ਵੀ ਨਾ ਝਾਕ ਸਕੀ। ਸ਼੍ਰੋਮਣੀ ਕਮੇਟੀ ਦੀ ਕਿਸੇ ਬੈਠਕ ਵਿਚ ਇਸ ਸ਼ਰਮਨਾਕ ਕਾਰੇ ਉਤੇ ਕਿਸੇ ਨੇ ਨਾ ਤਾਂ ਇਕ ਸ਼ਬਦ ਮੂੰਹੋਂ ਕੱਢਿਆ ਅਤੇ ਨਾ ਹੀ ਇਸ ਸਬੰਧੀ ਕੋਈ ਵਿਚਾਰ ਕੀਤੀ। ਖ਼ਬਰ ਇਹ ਵੀ ਪ੍ਰਕਾਸ਼ਿਤ ਹੁੰਦੀ ਹੈ ਕਿ ਬਹਿਬਲ ਕਲਾਂ ਤੇ ਕੋਟਕਪੂਰਾ ਗੋਲੀ ਕਾਂਡ ਵਿਚ ਬਾਦਲਾਂ ਦੇ ਖਾਸਮਖਾਸ ਬਦਨਾਮ ਡੀਜੀਪੀ ਰਹੇ ਸੁਮੇਧ ਸੈਣੀ ਦਾ ਨਾਮ ਸਾਹਮਣੇ ਆ ਰਿਹਾ ਹੈ ਪਰ ਸ਼੍ਰੋਮਣੀ ਕਮੇਟੀ ਅਨੁਸਾਰ ਕਾਰਜਕਰਨੀ ਦੀਆਂ ਬੈਠਕਾਂ ਦਾ ਏਜੰਡਾ ਪਹਿਲਾਂ ਤੈਅ ਹੁੰਦਾ ਹੈ। ਇਸ ਕਰਕੇ ਇਹ ਵਿਚਾਰ ਤਾਂ ਏਜੰਡੇ ਵਿਚ ਹੀ ਨਹੀਂ ਆਉਂਦਾ। ਇਸ ਮਾਮਲੇ ਵਿਚ ਜਿਹੜੀ ਖੇਹ ਸ਼੍ਰੀ ਅਕਾਲ ਤਖ਼ਤ ਸਾਹਿਬ ਦੇ ਸ਼੍ਰੋਮਣੀ ਕਮੇਟੀ ਵਲੋਂ ਨਿਯੁਕਤ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਹੁਣ ਤਕ ਉਡਾਈ ਹੈ, ਉਸ ਤੋਂ ਪੰਥਕ ਸਿਧਾਂਤਾਂ, ਪ੍ਰੰਪਰਾਵਾਂ ਅਤੇ ਰਹਿਤ ਮਰਿਆਦਾ ਦੀ ਰਾਖੀ ਦੀ ਤਾਂ ਉਮੀਦ ਹੀ ਨਹੀਂ ਕੀਤੀ ਜਾ ਸਕਦੀ।

ਆਪਣੇ ਆਪ ਉਤੇ ਧਰਮ ਦਾ ਮੁਖੌਟਾ ਪਾ ਕੇ ਰੱਖਣ ਵਾਲਾ ਜੇ ਕੋਈ ਬਹਿਰੂਪੀਆ ਅਜਿਹਾ ਘਿਨਾਉਣਾ ਗੁਨਾਹ ਕਰਦਾ ਹੈ ਤਾਂ ਉਸ ਲਈ ਕੋਈ ਮਾਫ਼ੀ ਨਹੀਂ ਹੋ ਸਕਦੀ। ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਨੂੰ ਰੱਦ ਕਰ ਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਇਸ ਗੁਨਾਹ ਉਤੇ ਮਿੱਟੀ ਪਾਉਣ ਦੀ ਨਾਕਾਮ ਕੋਸ਼ਿਸ਼ ਜਾ ਰਹੀ ਹੈ। ਉਹ ਵੀ ਕੁਰਸੀ ਦੇ ਲਾਲਚ ਵਿਚ ਬਾਦਲਾਂ ਦੇ ਇਸ ਪਾਪ ਦਾ ਭਾਈਵਾਲ ਬਣ ਰਿਹਾ ਹੈ।

ਪੰਜਾਬ ਸਰਕਾਰ ਤੇ ਬਾਦਲਾਂ ਦਾ ਦੁੰਮ-ਛੱਲਾ ਬਣ ਕੇ ਵਿਚਰ ਰਹੀਆਂ ਸਿੱਖ ਸੰਸਥਾਵਾ ਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਸਿੱਖ ਕੌਮ ਦੇ ਸਬਰ ਦਾ ਹੁਣ ਹੋਰ ਇਮਤਿਹਾਨ ਨਹੀਂ ਲਿਆ ਜਾ ਸਕਦਾ। ਪਹਿਲਾ ਹੀ ਕੌਮ ਦੀਆਂ ਸ਼ਾਨਦਾਰ ਪ੍ਰੰਪਰਾਵਾਂ ਅਤੇ ਰਵਾਇਤਾਂ ਦਾ ਘਾਣ ਕੀਤਾ ਜਾ ਚੁੱਕਾ ਹੈ। ਜ਼ਾਲਮਾਂ ਨੂੰ "ਸੋਧਾ ਲਾਉਣ" ਦੇ ਗੁਰੂ ਸਾਹਿਬਾਨ ਤੇ ਗੁਰਬਾਣੀ ਦੇ ਸਪੱਸ਼ਟ ਤੇ ਸਖ਼ਤ ਆਦੇਸ਼ ਹਨ। ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਦੀ ਗੁਰੂ ਘਰ ਤੇ ਸੰਗਤਾਂ ਦੇ ਦੋਖੀ ਬਣੇ ਮਸੰਦਾਂ ਖਿਲਾਫ ਕੀਤੀ ਸਖਤ ਕਾਰਵਾਈ ਖਾਲਸਾ ਪੰਥ ਦੇ ਜਾਗਦੇ ਹਿੱਸੇ ਵਿਚ ਤਰੋਤਾਜ਼ਾ ਹੈ। ਇਸ ਲਈ ਕੌਮ ਅਜਿਹੇ ਪਾਪ ਤੇ ਪਾਪੀ ਨੂੰ ਮਾਫ਼ ਨਹੀਂ ਕਰੇਗੀ।

ਸਿੱਖਾਂ ਵਾਸਤੇ " ਗੁਰੂ ਤੋਂ ਪਰ੍ਹੇ ਸਭ ਉਜਾੜ " ਵਾਲੀ ਕਹਾਵਤ ਸਦੀਵੀ ਸੱਚ ਹੈ। ਕੌਮ ਦੇ ਗੁਰੂ ਸਾਹਿਬਾਨ ਦਾ ਅਪਮਾਨ ਕੀਤਾ ਗਿਆ ਹੈ , ਕੌਮ ਨੂੰ ਡਾਂਗਾਂ -ਗੋਲੀਆਂ ਮਾਰੀਆਂ ਗਈਆਂ ਤੇ ਪਿੱਠ ਵਿਚ ਛੁਰਾ ਘੋਪਿਆ ਗਿਆ ਹੈ। ਜੋ ਸਖਸ਼ ਪੰਥ ਦੇ ਨਾਮ ਉਤੇ ਸਿਆਸਤ ਕਰਕੇ ਪੰਜ ਵਾਰ ਮੁੱਖ ਮੰਤਰੀ ਦੀ ਉਚ ਰੁਤਬੇ ਵਾਲੀ ਕੁਰਸੀ ਤਕ ਪਹੁੰਚਿਆ ਹੋਵੇ ਤਾਂ ਉਸ ਕੋਲੋਂ ਅਜਿਹੀ ਉਮੀਦ ਤਾਂ ਸੁਪਨੇ ਵਿਚ ਵੀ ਸੋਚੀ ਨਹੀਂ ਜਾ ਸਕਦੀ। ਕੌਮ ਦੇ ਅੰਤਰਮਨ ਵਿਚਲੀ ਟੀਸ ਦੇ ਰੋਹ ਦਾ ਜਵਾਲਾਮੁਖੀ ਜਿਸ ਦਿਨ ਫੁੱਟ ਪਿਆ, ਇਸ ਦਾ ਸੇਕ ਜਥੇਦਾਰ ਅਕਾਲ ਤਖ਼ਤ, ਸ਼੍ਰੋਮਣੀ ਕਮੇਟੀ ਅਤੇ ਬਾਦਲਕਿਆਂ ਨੂੰ ਜ਼ਰੂਰ ਲੱਗੇਗਾ।। ਪੰਜਾਬ ਦੇ ਮੌਜੂਦਾ ਹਾਕਮਾਂ ਸਿਰ ਇਤਿਹਾਸ ਦਾ ਕਰਜ਼ ਉਤਾਰਨ ਦਾ ਮੌਕਾ ਆਣ ਖੜ੍ਹਿਆ ਹੈ। ਕਾਂਗਰਸ ਜਮਾਤ ਦੇ ਬੀਤੇ ਵਿਚ ਸਿੱਖ ਕੌਮ ਉਤੇ ਕੀਤੇ ਗਏ ਜ਼ੁਲਮਾਂ ਨੂੰ ਕੋਈ ਭੁਲਾ ਤਾਂ ਨਹੀਂ ਸਕਦਾ ਪਰ ਮੌਜੂਦਾ ਦੌਰ ਵਿਚ ਕਥਿਤ ਆਪਣਿਆਂ ਦੀਆਂ ਗਦਾਰੀਆਂ ਤੋਂ ਆਹਤ ਹੋਈ ਸਿੱਖ ਕੌਮ ਵਾਸਤੇ ਜੇ ਕਾਂਗਰਸ ਸਰਕਾਰ ਕੋਲ ਦੇਣ ਨੂੰ ਕੁਝ ਹੈ, ਤਾਂ ਇਹ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਰਨ ਵਾਲਿਆਂ ਨੂੰ ਕਟਹਿਰੇ ਵਿਚ ਖੜ੍ਹਾ ਕਰ ਕੇ ਸਜਾਵਾਂ ਦਿਵਾਉਣ ਦਾ ਹੈ। ਇਸ ਸਾਜਿਸ਼ ਦਾ ਮੁਕੰਮਲ ਪਰਦਾਫਾਸ਼ ਕਰ ਕੇ ਹੀ ਲੋਕਾਂ ਦੇ ਰੋਹ ਨੂੰ ਸ਼ਾਂਤ ਕੀਤਾ ਜਾ ਸਕੇਗਾ। ਜਿਹੜੀਆਂ ਤਾਕਤਾਂ ਨੇ ਇਹ ਕੁਕਰਮ ਪਿੱਛੇ ਰਹਿ ਕੇ ਕਰਵਾਇਆ ਹੈ, ਉਹਨਾਂ ਦੀ ਨਿਸ਼ਾਨਦੇਹੀ ਵੀ ਅਤਿ ਜ਼ਰੂਰੀ ਹੈ। ਸਿੱਖ ਕੌਮ ਨੂੰ ਵੀ ਇਸ ਸਮੇਂ ਹੋਰ ਵਧੇਰੇ ਸੁਚੇਤ ਰਹਿਣ ਦੀ ਲੋੜ ਹੈ। ਸਿੱਖ ਕੌਮ ਨੂੰ ਉਸ ਦੀ ਆਪਣੀ ਸਰਜ਼ਮੀਨ ਉਤੇ ਹੀ ਵੱਡੀ ਚੁਣੌਤੀ ਮਿਲੀ ਹੈ। ਸਮੇਂ ਦੇ ਹਾਕਮਾਂ ਨੂੰ ਵੀ ਸਮਝ ਲੈਣਾ ਚਾਹੀਦਾ ਹੈ ਕਿ ਕੌਮ ਦੇ ਬਾਪੂ ਦੀ ਪੱਗ ਰੋਲਣ ਦੀ ਕਿਸੇ ਵੀ ਘਿਨਾਉਣੀ ਹਰਕਤ ਦਾ ਮੂੰਹ ਤੋੜਵਾਂ ਜਵਾਬ ਦੇਣ ਜੋਗੀ ਤਾਕਤ ਸਿੱਖ ਕੌਮ ਵਿਚ ਹਮੇਸ਼ਾ ਰਹੇਗੀ। ਦੁਸ਼ਟ ਤਾਕਤਾਂ ਦੇ ਮਨਾਂ ਵਿਚ ਅਜਿਹਾ ਭੈਅ ਪੈਦਾ ਕਰਨ ਦੀ ਵੱਡੀ ਲੋੜ ਹੈ ਕਿ ਉਹ ਭਵਿੱਖ ਵਿਚ ਅਜਿਹਾ ਕਾਰਾ ਕਰਨ ਤੋਂ ਪਹਿਲਾਂ ਸੌ ਵਾਰ ਨਹੀ ਸਗੋਂ ਹਜ਼ਾਰ ਵਾਰੀ ਸੋਚਣ ਕਿ ਇਸ ਪਾਪ ਦੀ, ਇਸ ਗੁਨਾਹ ਦੀ ਸਜਾ ਤੋਂ ਉਹ ਕਿਵੇਂ ਵੀ ਬਚ ਨਹੀਂ ਸਕਣਗੇ। ਇਤਿਹਾਸ ਗਵਾਹ ਹੈ ਕਿ ਵੱਖ-ਵੱਖ ਸਮੇਂ ਦੀਆਂ ਜਾਬਰ ਸਰਕਾਰਾਂ ਵੀ ਕੌਮ ਦੇ ਦੋਖੀਆਂ ਨੂੰ ਸੌ ਘੁਰਨਿਆਂ ਵਿਚ ਵਾੜ ਕੇ ਵੀ ਉਹਨਾਂ ਦੀ ਸੁਰੱਖਿਆ ਨਹੀਂ ਕਰ ਸਕੀਆਂ। ਕੌਮ ਦੇ ਆਗੂਆਂ ਨੂੰ ਵੀ ਅਹਿਸਾਸ ਕਰਨਾ ਹੋਵੇਗਾ ਕਿ ਆਖਰ ਜੇ ਕੌਮ ਆਪ ਮੁਹਾਰੀ ਹੋ ਗਈ ਤਾਂ ਫਿਰ ਉਹਨਾਂ ਦੀ ਸਿਆਸੀ ਹੋਂਦ ਉਤੇ ਵੀ ਸਵਾਲੀਆ ਚਿੰਨ ਲੱਗ ਜਾਵੇਗਾ। ਦੁਨੀਆ ਦੀ ਇਕਲੌਤੀ ਸਿੱਖ ਕੌਮ ਹੈ ਜਿਹੜੀ ਆਪਣੇ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ "ਪ੍ਰਗਟ ਗੁਰਾਂ ਕੀ ਦੇਹ" ਮੰਨਦੀ ਹੈ ਅਤੇ ਪ੍ਰਵਾਨ ਕਰਦੀ ਹੈ। ਹੁਣ ਜਦੋਂ ਗੱਲ ਗੁਰੂ ਦੀ ਆ ਗਈ ਹੈ ਤਾਂਸਮਾਂ ਦੋ ਟੁੱਕ ਫੈਸਲਾ ਲੈਣ ਦਾ ਆ ਗਿਆ ਹੈ।

# ਹਮ ਮਿਲੇ, ਮਿਲੇ ਭੀ ਤੋ ਕਯਾ ਮਿਲੇ, ਵਹੀ ਦੂਰੀਆਂ ਵਹੀ ਫਾਸਲੇ...

**ਕੇਜਰੀਵਾਲ-ਵਰਤਾਰੇ ਨਾਲ ਜੁੜਨ ਵਾਲੇ ਲੱਖਾਂ ਮੁੰਡੇ-ਕੁੜੀਆਂ ਆਪਣੇ ਮਾਪਿਆਂ ਤੇ ਬਜ਼ੁਰਗਾਂ ਤੋਂ ਬਾਗੀ ਹੋ ਗਏ ਸਨ ਅਤੇ ਇਹ ਉਹ ਨੌਜਵਾਨ ਸਨ ਜਿਨ੍ਹਾਂ ਦੇ ਧੁਰ ਅੰਦਰ ਜੁਝਾਰੂ ਲਹਿਰ ਦੀ ਅਣਦਿਸਦੀ ਤੇ ਅਣਪਛਾਤੀ ਹਮਾਇਤ ਤੇ ਹਮਦਰਦੀ ਦਾ ਹੜ੍ਹ ਆ ਗਿਆ ਸੀ। ਉਸ ਵੱਡੇ ਹੜ੍ਹ ਨੂੰ ਪਛਾਨਣਾ ਸ਼ਾਇਦ ਕੇਜਰੀਵਾਲ ਦੀ ਤਕਦੀਰ ਵਿਚ ਨਹੀਂ ਸੀ। ਆਪਾਂ ਪੰਡੋਰੀ ਸਮਾਗਮ ਵੱਲ ਫਿਰ ਵਾਪਸ ਮੁੜਦੇ ਹਾਂ। ਕੀ ਤੁਸਾਂ ਨਹੀਂ ਵੇਖਿਆ ਕਿ ਉਹ ਵਿਅਕਤੀ ਜਿਸ ਨੂੰ ਵੇਖਣ ਤੇ ਸੁਣਨ ਲਈ ਹਜ਼ਾਰਾਂ ਦੀ ਭੀੜ ਉਮੜ ਪੈਂਦੀ ਸੀ ਅਤੇ ਜਿਸ ਦੀ ਆਵਾਜ਼ ਰਸੋਈਆਂ ਤੱਕ ਪਹੁੰਚ ਗਈ ਸੀ, ਉਸ ਭੀੜ ਨੇ ਐਤਵਾਰ ਵਾਲੇ ਦਿਨ ਕੇਜਰੀਵਾਲ ਤੋਂ ਦੂਰੀ ਬਣਾਈ ਹੋਈ ਸੀ। ਇਹ ਕੈਸੇ ਹਨ ਪੰਜਾਬ ਦੇ ਲੋਕ ਜੋ ਬੰਦਿਆਂ ਨੂੰ ਫੜਨ ਤੇ ਛੱਡਣ ਵਿਚ ਬਹੁਤੀ ਦੇਰੀ ਨਹੀਂ ਲਾਉਂਦੇ। ਐਤਵਾਰ ਵਾਲੇ ਦਿਨ ਹੁਣ ਉਨ੍ਹਾਂ ਲੋਕਾਂ ਨੂੰ ਕੇਜਰੀਵਾਲ ਵਿਚ ਕੋਈ ਦਿਲਚਸਪੀ ਹੀ ਨਹੀਂ ਸੀ। ਕੇਵਲ ਉਹੀ ਲੋਕ ਹੁਣ ਉਥੇ ਆਏ ਸਨ ਜਿਨ੍ਹਾਂ ਨੂੰ ਮੂੰਹ ਰੱਖਣ ਲਈ ਆਉਣਾ ਹੀ ਪੈਣਾ ਸੀ। ਬਿਕਰਮ ਸਿੰਘ ਮਜੀਠੀਆ ਤੋਂ ਮੁਆਫੀ ਮੰਗਣ ਦੀ ਘਟਨਾ ਪਿਛੋਂ ਹੁਣ ਕੇਜਰੀਵਾਲ ਦੇ ਚਿਹਰੇ 'ਤੇ ਨਾ ਪਹਿਲਾਂ ਵਾਲੀ ਰੌਣਕ ਸੀ ਤੇ ਨਾ ਉਹ ਜਾਹੋ-ਜਲਾਲ ਜੋ ਇਕ ਸਮੇਂ ਪੰਜਾਬ ਦੀ ਧਰਤੀ 'ਤੇ ਉਸ ਨੇ ਮਾਣਿਆ ਸੀ।**

**ਕਰਮਜੀਤ ਸਿੰਘ**
(ਸੰਪਰਕ : 99150-91063)

**ਇੱਕ ਸਵਾਲ :** ਕੀ ਕੇਜਰੀਵਾਲ ਸਾਹਿਬ 'ਆ ਰਹੇ ਹਨ' ਜਾਂ 'ਜਾ ਰਹੇ ਹਨ'? ਪੰਡੋਰੀ ਦੇ ਇਰਦ ਗਿਰਦ ਰਾਜਨੀਤਕ ਪਤਝੜ ਛਾਈ ਹੋਈ ਸੀ, ਨਾ ਉਹ ਪਹਿਲਾਂ ਵਾਲਾ ਜਾਹੋ-ਜਲਾਲ ਤੇ ਨਾ ਹੀ ਰੌਣਕਾਂ।



ਉਹ ਸਾਰੇ ਇਕੋ ਹੀ ਸਮਾਗਮ ਵਿਚ ਬੈਠੇ ਸਨ, ਪਰ ਆਪੋ ਆਪਣੇ ਧੜੇ ਦੇ ਰੂਪ ਵਿਚ ਇਕ ਦੂਜੇ ਤੋਂ ਦੂਰ-ਦੂਰ, ਵੱਖਰੇ-ਵੱਖਰੇ। ਦਿਲਾਂ ਤੋਂ ਵੀ ਦੂਰ ਅਤੇ ਸਰੀਰਾਂ ਤੋਂ ਵੀ ਦੂਰ। ਦੋ ਤਰ੍ਹਾਂ ਦੇ ਦੁੱਖ-ਅਫਸੋਸ ਉਨ੍ਹਾਂ ਦੇ ਚਿਹਰਿਆਂ ਤੋਂ ਪੜ੍ਹੇ-ਬੁੱਝੇ ਜਾ ਸਕਦੇ ਸੀ। ਇਕ, ਪੰਡੋਰੀ ਸਾਹਿਬ ਦੇ ਪਿਤਾ ਦੇ ਵਿਛੋੜੇ ਦਾ ਅਫਸੋਸ ਜੋ ਇਕ ਤਰ੍ਹਾਂ ਨਾਲ ਰਸਮੀ ਹੀ ਸੀ ਅਤੇ ਦੂਜਾ ਇਕੋ ਰਾਜਨੀਤਕ ਟੱਬਰ ਦੇ ਟੁੱਟਣ ਦਾ ਦੁੱਖ ਜੋ ਅਸਲੀ ਸੀ ਅਤੇ ਜਿਸ ਨੂੰ ਪਾਰਟੀ ਦਾ ਸੁਪਰੀਮੋ ਅਰਵਿੰਦ ਕੇਜਰੀਵਾਲ 19 ਅਗਸਤ ਦੀ ਸ਼ਾਮ ਨੂੰ ਇਕ 'ਪਰਿਵਾਰ ਦਾ ਝਗੜਾ' ਕਹਿ ਕੇ ਖਹਿੜਾ ਛੁਡਾਉਣਾ ਚਾਹੁੰਦਾ ਸੀ। ਸਿਆਸਤ ਦੀ ਮਾੜੀ ਮੋਟੀ ਸਮਝ ਰੱਖਣ ਵਾਲਾ ਬੰਦਾ ਵੀ ਕਹਿ ਸਕਦਾ ਸੀ ਕਿ ਕੇਜਰੀਵਾਲ ਸਾਹਿਬ ਨੂੰ ਕਿੰਨਾ ਵੱਡਾ ਝੂਠ ਬੋਲਣਾ ਪੈ ਰਿਹਾ ਹੈ।

ਮੈਨੂੰ ਦਾਸਤੋਵਸਕੀ ਦਾ ਸੰਸਾਰ ਪ੍ਰਸਿੱਧ ਨਾਵਲ 'ਕੈਰਮਾਜ਼ੋਵ ਭਰਾ' ਦੇ ਉਹ ਦ੍ਰਿਸ਼ ਚੇਤੇ ਆ ਗਏ ਜਦੋਂ ਇਕੋ ਟੱਬਰ ਦੇ ਭਰਾ ਅਤੇ ਉਨ੍ਹਾਂ ਦਾ ਪਿਓ ਜਾਇਦਾਦ ਦੀ ਵੰਡ ਦੇ ਸਵਾਲ 'ਤੇ ਵਾਰ-ਵਾਰ ਮਿਲਦੇ-ਵਿਛੜਦੇ ਤੇ ਝਗੜਦੇ ਸਨ। ਪਰ ਆਮ ਆਦਮੀ ਪਾਰਟੀ ਦੇ ਲੀਡਰਾਂ ਦਾ ਬੀਤੇ ਐਤਵਾਰ ਨੂੰ ਮਿਲਣ ਅਸਲ ਮਿਲਣ ਨਹੀਂ ਕਿਹਾ ਜਾ ਸਕਦਾ। ਜਦੋਂ ਮੈਂ ਆਪਣੇ ਇਕ ਦੋਸਤ ਪੱਤਰਕਾਰ ਨੂੰ; ਜਿਸ ਨੂੰ ਪੰਜਾਬ ਦੀ ਸਿਆਸਤ ਦੇ ਉਤਰਾਵਾਂ-ਚੜ੍ਹਾਵਾਂ ਦਾ ਚੋਖਾ ਅਨੁਭਵ ਹੈ, ਪੁੱਛਿਆ ਕਿ ਤੁਸੀਂ ਪੰਡੋਰੀ ਦੇ ਇਕੱਠ ਦੀ ਕਿਸ ਤਰ੍ਹਾਂ ਵਿਆਖਿਆ ਕਰੋਗੇ ਤਾਂ ਉਸ ਦਾ ਸੰਖੇਪ ਜਵਾਬ ਸੱਚਮੁੱਚ ਹੀ ਦਿਲਚਸਪ ਤੇ ਹਕੀਕੀ ਜਾਪਿਆ : "ਇਹ ਇਕੱਠ ਟੁੱਟਣ ਤੋਂ ਪਹਿਲਾਂ ਦਾ ਮਿਲਣ ਸੀ।"

ਜਦੋਂ ਮੈਂ ਇਹ ਸਤਰਾਂ ਲਿਖ ਰਿਹਾ ਸਾਂ ਤਾਂ ਮੈਨੂੰ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੀ ਉਹ ਪ੍ਰੈਸ ਕਾਨਫਰੰਸ ਯਾਦ ਆ ਗਈ ਜਦੋਂ ਵਿਚੋਲਿਆਂ ਦੇ ਦਬਾਅ ਹੇਠ ਉਨ੍ਹਾਂ ਨੰ ਪ੍ਰਕਾਸ਼ ਸਿੰਘ ਬਾਦਲ ਨਾਲ ਸਮਝੌਤਾ ਕਰਨਾ ਪਿਆ ਸੀ। ਸਮਝੌਤੇ ਤੋਂ ਪਿੱਛੋਂ ਜਦੋਂ ਉਹ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰ ਰਹੇ ਸਨ ਤਾਂ ਮੈਂ ਉਨ੍ਹਾਂ ਦੇ ਮੱਥੇ ਤੋਂ ਮਜਬੂਰੀਆਂ ਦੀ ਦਾਸਤਾਨ ਪੜ੍ਹ ਸਕਦਾ ਸੀ। ਪ੍ਰੈਸ ਕਾਨਫਰੰਸ ਵਿਚ ਸਵਾਲ ਜਵਾਬ ਕਰਨ ਦਾ ਮੇਰਾ ਕੋਈ ਸੁਭਾਅ ਨਹੀਂ ਪਰ ਪ੍ਰੈਸ ਕਾਨਫਰੰਸ ਤੋਂ ਪਿੱਛੋਂ ਜਦੋਂ ਮੈਂ ਉਨ੍ਹਾਂ ਨੂੰ ਸਵਾਲ ਕੀਤਾ ਕਿ ਕੀ ਪ੍ਰਧਾਨ ਜੀ (ਉਨ੍ਹਾਂ ਨੂੰ ਅਕਸਰ ਪ੍ਰਧਾਨ ਜੀ ਕਿਹਾ ਜਾਂਦਾ ਸੀ) ਏਕਤਾ ਹੋ ਗਈ ਹੈ? ਉਨ੍ਹਾਂ ਨੇ ਮੇਰੇ ਮੋਢਿਆਂ 'ਤੇ ਹੱਥ ਰੱਖਿਆ ਤੇ ਉਦਾਸ ਹਾਸੇ ਵਿਚ ਇਹ ਸ਼ੇਅਰ ਸੁਣਾ ਕੇ ਮੈਨੂੰ ਚੁੱਪ ਕਰਾ ਦਿੱਤਾ : "ਹਮ ਮਿਲੇ, ਮਿਲੇ ਭੀ ਤੋ ਕਯਾ ਮਿਲੇ, ਵਹੀ ਦੂਰੀਆਂ ਵਹੀ ਫਾਸਲੇ।"

ਪਿਛਲੀ ਸਦੀ ਵਿਚ ਦੋ ਆਗੂ ਗੁਰਚਰਨ ਸਿੰਘ ਟੌਹੜਾ ਤੇ ਦੂਜਾ ਮਾਸਟਰ ਤਾਰਾ ਸਿੰਘ ਸਨ ਜਿਨ੍ਹਾਂ ਨੂੰ ਸਿੱਖਾਂ ਦੀ ਬੇਬਸੀ ਦਾ ਦਰਦਨਾਕ ਪ੍ਰਤੀਕ ਕਿਹਾ ਜਾ ਸਕਦਾ ਹੈ। ਉਹ ਦੋਵੇਂ ਇਕੋ ਸਮੇਂ ਆਪਣੀ ਕੌਮ ਨੂੰ ਆਜ਼ਾਦ ਹੁੰਦਾ ਵੀ ਵੇਖਣਾ ਚਾਹੁੰਦੇ ਸਨ ਪਰ ਨਾਲ ਹੀ ਹਾਲਤਾਂ ਦੀ ਬੇਵਸੀ ਤੇ ਮਜਬੂਰੀਆਂ ਦੀ ਕੈਦ ਵੀ ਭੋਗ ਰਹੇ ਸਨ। ਜਿਥੋਂ ਤੱਕ ਸੰਤ ਜਰਨੈਲ ਸਿੰਘ ਦਾ ਸਬੰਧ ਹੈ, ਉਹ ਰਾਜਨੀਤੀ ਦੀਆਂ ਘੁੰਮਣਘੇਰੀਆਂ ਵਿਚੋਂ ਅਜੇ ਨਹੀਂ ਸਨ ਲੰਘੇ। ਉਹ ਤਾਂ ਇਕ ਵੱਡੇ ਟੁੱਟਦੇ ਤਾਰੇ ਵਾਂਗ ਸਨ ਜੋ ਖਾਲਸਾ ਪੰਥ ਦੇ ਆਕਾਸ਼ 'ਤੇ ਤੇਜ਼ ਰੌਸ਼ਨੀ ਸੁੱਟ ਕੇ ਅਲੋਪ ਹੋ ਗਏ। ਅਕਾਲ ਤਖਤ ਦੇ ਪੈਰਾਂ ਹੇਠ ਹੋਈ ਉਨ੍ਹਾਂ ਦੀ ਮਹਾਨ ਸ਼ਹਾਦਤ ਬਾਰੇ ਇਹ ਕਿਹਾ ਜਾ ਸਕਦਾ ਹੈ ਕਿ ਉਨ੍ਹਾਂ ਨੇ ਇਤਿਹਾਸ ਦੇ ਲੀਵਰ ਨੂੰ ਇੰਨੀ ਜ਼ੋਰ ਨਾਲ ਖਿਚਿਆ ਕਿ ਧਰਤੀ ਅਜੇ ਵੀ ਕੰਬਦੀ ਹੈ।

ਖਾਲਿਸਤਾਨ ਦੇ ਟੁੱਟ ਚੁੱਕੇ ਸੁਪਨੇ ਨੂੰ ਮੁੜ-ਮੁੜ ਪੈਰਾਂ 'ਤੇ ਖੜ੍ਹਾ ਕਰਨ ਅਤੇ ਮੁੜ-ਮੁੜ ਜੋੜਨ ਦੇ ਪੀੜਾਂ ਮੱਲੇ ਅਤੇ ਕੰਡਿਆਲੇ ਰਾਹਾਂ ਉਤੇ ਜੇ ਕੋਈ ਅਜੇ ਵੀ ਤੁਰ ਰਿਹਾ ਹੈ ਤਾਂ ਉਹ ਸਿਮਰਨਜੀਤ ਸਿੰਘ ਮਾਨ ਹੀ ਹੈ। ਪਿਛਲੇ ਸਾਲ ਅਤੇ ਉਸ ਤੋਂ ਵੀ ਪਿਛਲੇ ਸਾਲ ਫਤਿਹਗੜ੍ਹ ਸਾਹਿਬ ਦੀ ਸ਼ਹੀਦੀ ਕਾਨਫਰੰਸ ਦੇ ਅਖੀਰ 'ਤੇ ਜਦੋਂ ਉਹ ਤਕਰੀਰ ਕਰ ਰਹੇ ਸਨ ਤਾਂ ਉਸ ਸਮੇਂ ਸੈਂਕੜੇ ਲੋਕ ਸੜਕ ਉਤੇ ਖਲੋਤੇ ਹੋਏ ਵੀ ਉਸ ਨੂੰ ਸੁਣ ਰਹੇ ਸਨ। ਜਦੋਂ ਮਾਨ ਸਾਹਿਬ ਨੇ ਉਨ੍ਹਾਂ ਨੂੰ ਵੰਗਾਰਿਆ ਕਿ ਸੜਕ ਉਤੇ ਖਲੋਤੇ ਭਰਾਵੋ! ਖਾਲਿਸਤਾਨ ਦਾ ਤੁਹਾਨੂੰ ਵੀ ਫਾਇਦਾ ਹੋਵੇਗਾ ਅਤੇ ਮੇਰੇ ਨਾਲ ਤੁਸੀਂ ਵੀ ਇਹ ਨਾਅਰਾ ਲਾਓ ਤਾਂ ਸੈਂਕੜੇ ਲੋਕਾਂ ਦੀਆਂ ਖੜ੍ਹੀਆਂ ਬਾਹਾਂ ਨੇ ਜਿਸ ਜੋਸ਼ ਤੇ ਜਜ਼ਬੇ ਨਾਲ ਨਾਅਰੇ ਦਾ ਜਵਾਬ ਦਿੱਤਾ, ਉਹ ਜੋਸ਼ ਤਾਂ ਮੈਂ ਪੰਡਾਲ ਦੇ ਅੰਦਰ ਵੀ ਨਹੀਂ ਸੀ ਵੇਖਿਆ। ਇਹ ਕੈਸਾ ਅਜੀਬ ਮਾਜਰਾ ਹੈ ਕਿ ਪੰਜਾਬ ਦੇ ਲੋਕ ਕਿਤੇ 'ਧੁਰ ਅੰਦਰੋਂ' ਖਾਲਿਸਤਾਨ ਚਾਹੁੰਦੇ ਹਨ ਪਰ 'ਧੁਰ ਬਾਹਰੋਂ' ਖਾਮੋਸ਼ ਤੇ ਡੁੱਨ-ਵੱਟਾ ਹੀ ਬਣੇ ਰਹਿੰਦੇ ਹਨ। ਪਰ ਮਾਨ ਸਾਹਿਬ ਦਾ ਸੰਘਰਸ਼ ਵੀ ਜਾਰੀ ਹੈ ਕਿਉਂਕਿ ਉਨ੍ਹਾਂ ਦੀਆਂ ਉਡੀਕਾਂ ਨੇ ਅਜੇ ਦਮ ਨਹੀਂ ਤੋੜਿਆ। ਜੇਕਰ ਜੁਝਾਰੂ ਲਹਿਰ ਨੂੰ ਬੌਧਿਕ ਤੇ ਵਿਵੇਕ ਲੀਹਾਂ 'ਤੇ ਤੋਰਨ, ਲਹਿਰ ਨੂੰ ਹਰ ਹਾਲ ਵਿਚ ਇਖਲਾਕੀ ਦਿਸ਼ਾ ਦੇਣ ਅਤੇ ਗੁਰਬਾਣੀ ਅਤੇ ਸਿੱਖ ਇਤਿਹਾਸ ਦੇ ਨੇੜੇ-ਨੇੜੇ ਰੱਖਣ ਦਾ ਬੋਝ, ਜ਼ਿੰਮੇਵਾਰੀ ਅਤੇ ਦਰਦ ਜੋ ਸਭ ਤੋਂ ਵੱਧ ਕਿਸੇ ਦੇ ਮੋਢਿਆਂ 'ਤੇ ਆਇਆ ਅਤੇ ਜਿਸ ਨੇ ਉਸ ਨੂੰ ਕਾਮਯਾਬੀ ਦੀ ਮੰਜ਼ਿਲ ਤੱਕ ਪਹੁੰਚਾਇਆ ਤਾਂ ਇਹ ਸਿਹਰਾ ਭਾਈ ਦਲਜੀਤ ਸਿੰਘ ਨੂੰ ਹੀ ਜਾਂਦਾ ਹੈ। ਕਿਸੇ ਉਚੇ ਟਿੱਲੇ ਉਤੇ ਬੈਠੇ ਇਸ ਜੁਝਾਰੂ ਦੀ ਖਾਮੋਸ਼ੀ ਜਿਵੇਂ ਸੰਤ ਰਾਮ ਉਦਾਸੀ ਦੀ ਇਹ ਮਸ਼ਹੂਰ ਸਤਰ ਦੁਹਰਾ ਰਹੀ ਹੋਵੇ : "ਅਜੇ ਨਾ ਆਈ ਮੰਜ਼ਿਲ ਸਾਡੀ ਅਜੇ ਹਨੇਰਾ ਗਾੜ੍ਹਾ ਹੈ।" ਉਸ ਨੂੰ ਖਾਲਸਾ-ਚੇਤਨਾ ਨਾਲ ਵੱਡੇ ਛਲ ਕਰਨ ਵਾਲੀਆਂ ਤਾਕਤਾਂ ਅਤੇ ਵਿਅਕਤੀ ਸ਼ਾਇਦ ਨਜ਼ਰ ਆ ਰਹੇ ਹਨ। ਇਉਂ ਲੱਗਦਾ ਹੈ ਜਿਵੇਂ ਅਸੀਂ 19ਵੀਂ ਸਦੀ ਦੇ ਪਹਿਲੇ ਅੱਧ ਵਿਚ ਵਿਚਰ ਰਹੇ ਹਾਂ ਜਦੋਂ ਵਿਸ਼ਵ ਪ੍ਰਸਿੱਧ ਚਿੰਤਕ ਵਿਲ ਡਿਉਰਾਂ ਨੇ 'ਫਿਲਾਸਫੀ ਦੀ ਕਹਾਣੀ' ਅੰਦਰ ਉਸ ਦੌਰ ਦੇ ਉਦਾਸ ਫਿਲਾਸਫਰ ਸ਼ਾਪਨਹਾਰ ਅਤੇ ਨਿਤਸ਼ੇ ਦਾ ਜ਼ਿਕਰ ਕਰਦਿਆਂ ਉਸ ਦੌਰ ਨੂੰ ਇੰਜ ਬਿਆਨ ਕੀਤਾ : "ਬਾਲੋਨ ਤੋਂ ਲੈ ਕੇ ਮਾਸਕੋ ਅਤੇ ਮਿਸਰ ਦੇ ਮਿਨਾਰਾਂ ਤੱਕ ਹਰੇਕ ਸੈਨਿਕ ਕਬਰ ਉਦਾਸੀਨ ਤਾਰਿਆਂ ਪਾਸੋਂ ਕੋਈ ਖਾਮੋਸ਼ ਸਵਾਲ ਕਰ ਰਹੀ ਸੀ..."। ਇਹ ਦੁਖਾਂਤ ਵੀ ਇਹੋ ਜਿਹਾ ਸੀ ਜਦੋਂ ਉਸ ਦੌਰ ਵਿਚ ਵਿਚਰਨ ਵਾਲਿਆਂ ਦੇ ਹਾਸੇ ਹੰਝੂਆਂ ਨਾਲ ਭਰੇ ਹੋਏ ਸੀ। ਕੀ ਅਸੀਂ ਅੱਜ ਉਸੇ ਦੌਰ ਵਿਚੋਂ ਤਾਂ ਨਹੀਂ ਲੰਘ ਰਹੇ?

ਦਰਅਸਲ ਮੈਂ ਪੰਡੋਰੀ ਭੋਗ ਸਮਾਗਮ ਦੀ ਗੱਲ ਕਰਦਿਆਂ ਬਹੁਤ ਦੂਰ ਨਿਕਲ ਗਿਆ ਸੀ ਕਿਉਂਕਿ ਕੇਜਰੀਵਾਲ-ਵਰਤਾਰੇ ਨਾਲ ਜੁੜਨ ਵਾਲੇ ਲੱਖਾਂ ਮੁੰਡੇ-ਕੁੜੀਆਂ ਆਪਣੇ ਮਾਪਿਆਂ ਤੇ ਬਜ਼ੁਰਗਾਂ ਤੋਂ ਬਾਗੀ ਹੋ ਗਏ ਸਨ ਅਤੇ ਇਹ ਉਹ ਨੌਜਵਾਨ ਸਨ ਜਿਨ੍ਹਾਂ ਦੇ ਧੁਰ ਅੰਦਰ ਜੁਝਾਰੂ ਲਹਿਰ ਦੀ ਅਣਦਿਸਦੀ ਤੇ ਅਣਪਛਾਤੀ ਹਮਾਇਤ ਤੇ ਹਮਦਰਦੀ ਦਾ ਹੜ੍ਹ ਆ ਗਿਆ ਸੀ। ਉਸ ਵੱਡੇ ਹੜ੍ਹ ਨੂੰ ਪਛਾਨਣਾ ਸ਼ਾਇਦ ਕੇਜਰੀਵਾਲ ਦੀ ਤਕਦੀਰ ਵਿਚ ਨਹੀਂ ਸੀ। ਆਪਾਂ ਪੰਡੋਰੀ ਸਮਾਗਮ ਵੱਲ ਫਿਰ ਵਾਪਸ ਮੁੜਦੇ ਹਾਂ। ਕੀ ਤੁਸਾਂ ਨਹੀਂ ਵੇਖਿਆ ਕਿ ਉਹ ਵਿਅਕਤੀ ਜਿਸ ਨੂੰ ਵੇਖਣ ਤੇ ਸੁਣਨ ਲਈ ਹਜ਼ਾਰਾਂ ਦੀ ਭੀੜ ਉਮੜ ਪੈਂਦੀ ਸੀ ਅਤੇ ਜਿਸ ਦੀ ਆਵਾਜ਼ ਰਸੋਈਆਂ ਤੱਕ ਪਹੁੰਚ ਗਈ ਸੀ, ਉਸ ਭੀੜ ਨੇ ਐਤਵਾਰ ਵਾਲੇ ਦਿਨ ਕੇਜਰੀਵਾਲ ਤੋਂ ਦੂਰੀ ਬਣਾਈ ਹੋਈ ਸੀ। ਇਹ ਕੈਸੇ ਹਨ ਪੰਜਾਬ ਦੇ ਲੋਕ ਜੋ ਬੰਦਿਆਂ ਨੂੰ ਫੜਨ ਤੇ ਛੱਡਣ ਵਿਚ ਬਹੁਤੀ ਦੇਰੀ ਨਹੀਂ ਲਾਉਂਦੇ। ਐਤਵਾਰ ਵਾਲੇ ਦਿਨ ਹੁਣ ਉਨ੍ਹਾਂ ਲੋਕਾਂ ਨੂੰ ਕੇਜਰੀਵਾਲ ਵਿਚ ਕੋਈ ਦਿਲਚਸਪੀ ਹੀ ਨਹੀਂ ਸੀ। ਕੇਵਲ ਉਹੀ ਲੋਕ ਹੁਣ ਉਥੇ ਆਏ ਸਨ ਜਿਨ੍ਹਾਂ ਨੂੰ ਮੂੰਹ ਰੱਖਣ ਲਈ ਆਉਣਾ ਹੀ ਪੈਣਾ ਸੀ। ਬਿਕਰਮ ਸਿੰਘ ਮਜੀਠੀਆ ਤੋਂ ਮੁਆਫੀ ਮੰਗਣ ਦੀ ਘਟਨਾ ਪਿਛੋਂ ਹੁਣ ਕੇਜਰੀਵਾਲ ਦੇ ਚਿਹਰੇ 'ਤੇ ਨਾ ਪਹਿਲਾਂ ਵਾਲੀ ਰੌਣਕ ਸੀ ਤੇ ਨਾ ਉਹ ਜਾਹੋ-ਜਲਾਲ ਜੋ ਇਕ ਸਮੇਂ ਪੰਜਾਬ ਦੀ ਧਰਤੀ 'ਤੇ ਉਸ ਨੇ ਮਾਣਿਆ ਸੀ। ਪੰਡੋਰੀ ਦੇ ਇਰਦ-ਗਿਰਦ ਰਾਜਨੀਤਕ ਪੱਤਝੜ ਛਾਈ ਹੋਈ ਸੀ। ਸੁਖਪਾਲ ਸਿੰਘ ਖਹਿਰੇ ਨੂੰ ਜਿਵੇਂ ਉਸ ਨੇ ਵਿਰੋਧੀ ਧਿਰ ਦੇ ਨੇਤਾ ਵਜੋਂ ਹਟਾਉਣ ਲਈ ਵਿਧਾਇਕਾਂ ਨੂੰ ਮਜਬੂਰ ਕੀਤਾ, ਉਹ ਉਸ ਨੂੰ ਪਹਿਲੀ ਵਾਰ ਇੰਨਾ ਮਹਿੰਗਾ ਸਾਬਿਤ ਹੋਇਆ ਕਿ ਉਸ ਤੋਂ ਪਿੱਛੋਂ ਸਭ ਕੁਝ ਬਦਲ ਗਿਆ ਸੀ। ਉਹ ਹਾਰ ਗਿਆ ਸੀ ਅਤੇ ਆਪਣੀ ਹਾਰ ਨੂੰ ਲੁਕਾਉਣ ਲਈ ਹੀ ਹੁਣ ਹੱਥ ਪੈਰ ਮਾਰ ਰਿਹਾ ਸੀ। ਨਾਇਕਾਂ ਨੂੰ ਚੜ੍ਹਦਿਆਂ ਤਾਂ ਹਰ ਕੋਈ ਵੇਖਦਾ ਹੈ ਪਰ ਡਿੱਗਦੇ ਹੋਏ ਨੂੰ ਵੇਖਣਾ ਤੇ ਵੇਖ ਸਕਣਾ ਕਿਸੇ-ਕਿਸੇ ਨੂੰ ਹੀ ਨਸੀਬ ਹੁੰਦਾ ਹੈ। ਐਤਵਾਰ ਨੂੰ ਇਹ ਨਜ਼ਾਰਾ ਹਰ ਕਿਸੇ ਨੇ ਵੇਖਿਆ। ਜਿਹੜੇ ਲੋਕ ਵੀ ਹੁਣ ਕੇਜਰੀਵਾਲ ਦੇ ਟਾਹਣ 'ਤੇ ਬੈਠੇ ਹਨ, ਉਨ੍ਹਾਂ ਨੂੰ ਅੰਦਰੋਂ ਇਹ ਪਤਾ ਹੈ ਕਿ ਇਸ ਟਾਹਣ ਵਿਚ ਹੁਣ ਪਹਿਲਾਂ ਵਾਲੀ ਨਾ ਹੀ ਜਾਨ ਹੈ ਅਤੇ ਨਾ ਹੀ ਮਜ਼ਬੂਤੀ। ਇਹ ਕਾਗਜ਼ ਦੀ ਬੇੜੀ ਹੁਣ ਰੁੜ੍ਹਦੀ ਨਜ਼ਰ ਆ ਰਹੀ ਹੈ। ਪ੍ਰੈਸ ਕਾਨਫਰੰਸ ਦੌਰਾਨ ਵੀ ਉਸ ਨੂੰ ਰਣਜੀਤ ਸਿੰਘ ਕਮਿਸ਼ਨ ਬਾਰੇ ਗਹਿਰ ਗੰਭੀਰ ਤੇ ਡੂੰਘੀ ਜਾਣਕਾਰੀ ਨਹੀਂ ਸੀ ਤੇ ਤੱਥਾਂ ਨੂੰ ਪੇਸ਼ ਕਰਨ ਲਈ ਉਸ ਨੂੰ ਨਾਲ ਦਿਆਂ ਦੇ ਸਹਾਰੇ ਦੀ ਲੋੜ ਸੀ। ਅਰਵਿੰਦ ਕੇਜਰੀਵਾਲ ਭਾਵੇਂ ਪਾਰਟੀ ਦੇ ਸੰਕਟ ਨੂੰ ਪਰਿਵਾਰ ਦਾ ਝਗੜਾ ਆਖ ਰਹੇ ਸਨ ਪਰ ਸੁਖਪਾਲ ਖਹਿਰਾ ਨੇ ਝਟਪਟ ਇਸ ਵਿਚਾਰ ਦਾ ਖੰਡਨ ਕਰਦਿਆਂ ਉਸ ਨੂੰ 'ਪੰਜਾਬ ਦਾ ਝਗੜਾ' ਕਹਿ ਦਿੱਤਾ। ਇਹ ਪਤਾ ਕਰਨਾ ਔਖਾ ਨਹੀਂ ਸੀ ਕਿ ਦੋਵਾਂ ਦੇ ਵਿਚਾਰਾਂ ਵਿਚ ਜ਼ਮੀਨ-ਅਸਮਾਨ ਦਾ ਫਰਕ ਸੀ। ਸੁਨਾਮ ਵਿਚ ਬੰਦ ਕਮਰੇ ਅੰਦਰ ਜਿਹੜੇ ਵਿਧਾਇਕਾਂ ਤੇ ਲੀਡਰਾਂ ਦੀ ਮੀਟਿੰਗ ਚੱਲ ਰਹੀ ਸੀ, ਉਸ ਵਿਚ ਕੇਜਰੀਵਾਲ ਦਾ ਧੜਾ ਹੀ ਸੀ ਅਤੇ 'ਬਾਗੀ ਪਰਿਵਾਰ' ਨੂੰ ਉਸ ਬੰਦ ਕਮਰੇ ਵਿਚ ਆਉਣ ਲਈ ਨਹੀਂ ਸੀ ਆਖਿਆ ਗਿਆ ਅਤੇ ਜੇ ਰਸਮੀ ਤੌਰ 'ਤੇ ਆਖਿਆ ਵੀ ਗਿਆ ਸੀ ਤਾਂ ਉਨ੍ਹਾਂ ਨੇ ਜਾਣਾ ਠੀਕ ਨਹੀਂ ਸਮਝਿਆ। ਦੋਵੇਂ ਪਾਸੇ ਸੋਚਦੇ ਕੁਝ ਹੋਰ ਹਨ ਤੇ ਬੋਲਦੇ ਕੁਝ ਹੋਰ ਹਨ। ਜਦੋਂ ਮੈਂ ਆਪਣੇ ਦੋਸਤ ਨੂੰ ਸਵਾਲ ਕੀਤਾ ਕਿ ਕੀ ਕੇਜਰੀਵਾਲ 'ਜਾ ਰਿਹਾ ਹੈ' ਜਾਂ 'ਆ ਰਿਹਾ ਹੈ'? ਉਸ ਦਾ ਜਵਾਬ ਸੁਣਨ ਹੀ ਵਾਲਾ ਸੀ ਕਿ ਖਹਿਰਾ ਧੜੇ ਲਈ ਉਹ 'ਜਾ ਰਿਹਾ ਹੈ' ਜਦਕਿ ਦਿੱਲੀ ਵਾਲੇ ਧੜੇ ਲਈ ਉਹ 'ਆ ਰਿਹਾ ਹੈ' ਜਦਕਿ ਦੋਵੇਂ ਫਿਲਹਾਲ ਕਿਸੇ ਖ਼ੂਬਸੂਰਤ ਭਰਮ ਦਾ ਅਨੰਦ ਮਾਣ ਰਹੇ ਹਨ।

# ਭਗਵੀਆਂ ਹਿੰਸਕ ਭੀੜਾਂ ਕਾਰਨ ਨਰਕ ਬਣਿਆ ਭਾਰਤ

- **109 ਘਟਨਾਵਾਂ ਵਿਚੋਂ 82 ਘਟਨਾਵਾਂ ਭਾਜਪਾ ਦੀ ਅਗਵਾਈ ਵਾਲੇ ਰਾਜਾਂ ਵਿਚ ਹੋਈਆਂ, 9 ਸਮਾਜਵਾਦੀ ਪਾਰਟੀ ਦੇ ਰਾਜਕਾਲ ਦੌਰਾਨ, 5 ਕਾਂਗਰਸੀ ਸਰਕਾਰਾਂ ਵਾਲੇ ਰਾਜਾਂ ਵਿਚ ਤੇ 4 ਤ੍ਰਿਣਮੂਲ ਕਾਂਗਰਸ ਦੇ ਰਾਜ ਬੰਗਾਲ ਵਿਚ**
- **ਭਗਵੇਂ ਰਾਸ਼ਟਰਵਾਦੀਆਂ ਵਲੋਂ ਸੰਵਿਧਾਨ ਨੂੰ ਅੱਗ ਲਾਉਣੀ ਇਸੇ ਸਾਜ਼ਿਸ਼ੀ ਨੀਤੀ ਦਾ ਨਤੀਜਾ**



ਭਾਰਤ ਵਿਚ ਮੁਸਲਮਾਨਾਂ, ਮੂਲਨਿਵਾਸੀਆਂ ਤੇ ਹੋਰ ਘੱਟ ਗਿਣਤੀ ਕੌਮਾਂ, ਹਿੰਸਕ ਭਗਵੀਆਂ ਭੀੜਾਂ ਦਾ ਸ਼ਿਕਾਰ ਬਣ ਰਹੀਆਂ ਹਨ। ਇਹ ਭੀੜਾਂ ਨਫ਼ਰਤ ਨਾਲ ਭਰੀਆਂ ਹੁੰਦੀਆਂ ਹਨ ਤੇ ਦੂਸਰੀਆਂ ਕੌਮਾਂ ਨੂੰ ਮਨੁੱਖ ਨਹੀਂ ਸਮਝਦੀਆਂ। ਪਰੰਪਰਿਕ ਤੇ ਸ਼ੋਸ਼ਲ ਮੀਡੀਆ ਤੇ ਘ੍ਰਿਣਾ ਭਰਪੂਰ ਪ੍ਰਚਾਰ ਇਨ੍ਹਾਂ ਭੀੜਾਂ ਨੂੰ ਉਤਸ਼ਾਹਿਤ ਕਰ ਰਿਹਾ ਹੈ। ਲਵ ਜਿਹਾਦ, ਗਊ-ਰੱਖਿਆ ਅਤੇ ਜਾਤੀ ਤੋਂ ਬਾਹਰ ਪ੍ਰੇਮ ਵਿਆਹ ਵਰਗੇ ਮੁੱਦਿਆਂ ਨੂੰ ਲੈ ਕੇ ਭੀੜਾਂ ਰਾਹੀਂ ਹਿੰਸਾ ਨੂੰ ਸੱਤਾਧਾਰੀ ਹੀ ਉਤਸ਼ਾਹਿਤ ਕਰ ਰਹੇ ਹਨ। ਕੇਂਦਰੀ ਗ੍ਰਹਿ ਮੰਤਰਾਲੇ ਦੁਆਰਾ ਇਕੱਠੇ ਅੰਕੜਿਆਂ ਦੇ ਅਨੁਸਾਰ ਸੰਨ 2014 ਤੋਂ ਲੈ ਕੇ 3 ਮਾਰਚ 2018 ਦੇ ਵਿਚਾਲੇ ਦੇਸ ਵਿਚ ਭੀੜਾਂ ਦੀ ਹਿੰਸਾ ਨਾਲ ਜੁੜੀਆਂ 40 ਘਟਨਾਵਾਂ ਹੋਈਆਂ, ਜਿਨ੍ਹਾਂ ਵਿਚ 45 ਲੋਕ ਮਾਰੇ ਗਏ। 'ਦ ਹਿੰਦੂ, ਦਾ ਟਾਈਮਜ਼ ਆਫ ਇੰਡੀਆ ਤੇ ਇੰਡੀਅਨ ਐਕਸਪ੍ਰੈੱਸ ਵਿਚ ਛਪੀਆਂ ਖ਼ਬਰਾਂ ਦੇ ਅਨੁਸਾਰ ਜਨਵਰੀ 2014 ਤੋਂ ਲੈ ਕੇ 31 ਜੁਲਾਈ 2018 ਦੇ ਵਿਚਾਲੇ ਭਾਰਤ ਵਿਚ ਹਿੰਸਾ ਦੀਆਂ 109 ਘਟਨਾਵਾਂ ਹੋਈਆਂ। ਇਨ੍ਹਾਂ ਵਿਚ ਗਊ ਰੱਖਿਆ, ਲਵ ਜਿਹਾਦ, ਬੱਚਾ ਚੋਰੀ ਆਦਿ ਨਾਲ ਜੁੜੀਆਂ ਘਟਨਾਵਾਂ ਤੋਂ ਇਲਾਵਾ ਮੁਸਲਮ ਵਿਰੋਧੀ ਤੇ ਹਿੰਦੂ ਸ਼੍ਰੇਸ਼ਠਵਾਦੀ ਨਾਅਰੇ ਲਗਾਉਣ ਦੇ ਲਈ ਲੋਕਾਂ ਨੂੰ ਮਜ਼ਬੂਰ ਕੀਤੇ ਜਾਣ ਨਾਲ ਜੁੜੀਆਂ ਘਟਨਾਵਾਂ ਸ਼ਾਮਲ ਹਨ। ਇਨ੍ਹਾਂ 109 ਘਟਨਾਵਾਂ ਵਿਚੋਂ 22 ਮਹਾਂਰਾਸ਼ਟਰ ਵਿਚ ਹੋਈਆਂ 19 ਉੱਤਰ ਪ੍ਰਦੇਸ਼ ਵਿਚ ਹੋਈਆਂ ਤੇ 10 ਝਾਰਖੰਡ ਵਿਚ। ਇਹ ਤਿੰਨੇ ਹੀ ਰਾਜ ਭਾਜਪਾ ਨਾਲ ਸੰਬੰਧਿਤ ਹਨ। ਇਨ੍ਹਾਂ 109 ਘਟਨਾਵਾਂ ਵਿਚ 78 ਲੋਕ ਮਾਰੇ ਗਏ ਤੇ 174 ਲੋਕ ਜ਼ਖ਼ਮੀ ਹੋਏ। 78 ਮਰੇ ਵਿਅਕਤੀਆਂ ਵਿਚ 32 ਮੁਸਲਮਾਨ, 21 ਹਿੰਦੂ, 6 ਦਲਿਤ ਤੇ 2 ਆਦੀਵਾਸੀ ਸ਼ਾਮਲ ਸਨ। 70 ਮਾਮਲਿਆਂ ਵਿਚ ਅਖ਼ਬਾਰਾਂ ਦੀਆਂ ਖ਼ਬਰਾਂ ਤੋਂ ਇਹ ਸਪੱਸ਼ਟ ਨਹੀਂ ਸੀ ਕਿ ਭੀੜਾਂ ਦੇ ਸ਼ਿਕਾਰ ਵਿਅਕਤੀ ਕਿਸ ਧਰਮ ਨਾਲ ਜਾਂ ਜਾਤ ਨਾਲ ਸੰਬੰਧਿਤ ਸਨ। ਜੋ 174 ਲੋਕ ਜ਼ਖ਼ਮੀ ਹੋਏ ਉਨ੍ਹਾਂ ਵਿਚੋਂ 64 ਮੁਸਲਮਾਨ, 42 ਦਲਿਤ, 21 ਹਿੰਦੂ, 6 ਆਦਿਵਾਸੀ ਸਨ। ਜਦ ਕਿ 41 ਮਾਮਲਿਆਂ ਵਿਚ ਸੰਬੰਧਿਤ ਵਿਅਕਤੀਆਂ ਦੀ ਸਾਮਾਜਿਕ ਤੇ ਧਾਰਮਿਕ ਪਛਾਣ ਸਪੱਸ਼ਟ ਨਹੀਂ ਸੀ। ਇਨ੍ਹਾਂ ਅੰਕੜਿਆਂ ਤੋਂ ਸਾਫ਼ ਹੈ ਕਿ ਭੀੜਾਂ ਦੀ ਹਿੰਸਾ ਦਾ ਸ਼ਿਕਾਰ ਹੋਣ ਵਾਲਿਆਂ ਵਿਚ ਮੁਸਮਲਾਨਾਂ ਤੇ ਦਲਿਤਾਂ ਦੀ ਸੰਖਿਆ ਕਾਫੀ ਜ਼ਿਆਦਾ ਹੈ। ਸਰਵੇਖਣ ਵਿਚ ਇਹ ਵੀ ਪਤਾ ਲੱਗਿਆ ਹੈ ਕਿ ਸੰਨ 2014 ਦੌਰਾਨ ਭੀੜਾਂ ਦੀ ਹਿੰਸਾ ਨਾਲ ਸੰਬੰਧਿਤ ਘਟਨਾਵਾਂ ਵਿਚ ਵਾਧਾ ਹੋ ਰਿਹਾ ਹੈ। ਪ੍ਰਧਾਨ ਮੰਤਰੀ ਮੋਦੀ ਦੁਆਰਾ ਓਪਰੇ ਢੰਗ ਨਾਲ ਇਨ੍ਹਾਂ ਘਟਨਾਵਾਂ ਦੀ ਨਿੰਦਾ ਕੀਤੇ ਜਾਣ ਦਾ ਕੋਈ ਅਸਰ ਨਹੀਂ ਹੋਇਆ। ਇਸੇ ਕਾਰਨ ਪ੍ਰਸ਼ਾਸ਼ਣ ਵਲੋਂ ਭੀੜਾਂ ਵਿਰੁਧ ਕਰੜੀ ਕਾਰਵਾਈ ਨਹੀਂ ਕੀਤੀ ਗਈ, ਜਿਸ ਦਾ ਨਤੀਜਾ ਇਹ ਹੈ ਕਿ ਭੀੜਾਂ ਦੀ ਹਿੰਸਾ ਲਗਾਤਾਰ ਜਾਰੀ ਹੈ ਤੇ ਇਹ ਭੀੜਾਂ ਦੀ ਹਿੰਸਾ ਸਭ ਤੋਂ ਵਧ ਭਾਜਪਾ ਦੇ ਰਾਜਾਂ ਵਿਚ ਹੋ ਰਹੀ ਹੈ।

ਇਹ ਸਥਿਤੀ ਬਹੁਤ ਖਤਰਨਾਕ ਹੈ। ਹੈਰਾਨੀ ਵਾਲੀ ਗੱਲ ਇਹ ਹੈ ਕਿ 109 ਘਟਨਾਵਾਂ ਵਿਚੋਂ 82 ਘਟਨਾਵਾਂ ਭਾਜਪਾ ਦੀ ਅਗਵਾਈ ਵਾਲੇ ਰਾਜਾਂ ਵਿਚ ਹੋਈਆਂ, 9 ਸਮਾਜਵਾਦੀ ਪਾਰਟੀ ਦੇ ਰਾਜਕਾਲ ਦੌਰਾਨ, 5 ਕਾਂਗਰਸੀ ਸਰਕਾਰਾਂ ਵਾਲੇ ਰਾਜਾਂ ਵਿਚ ਤੇ 4 ਤ੍ਰਿਣਮੂਲ ਕਾਂਗਰਸ ਦੇ ਰਾਜ ਬੰਗਾਲ ਵਿਚ। ਭਾਰਤ ਵਿਚ ਭੀੜਾਂ ਦੀ ਹਿੰਸਾ ਬਾਰੇ ਸੁਪਰੀਮ ਕੋਰਟ ਨੇ 17 ਜੁਲਾਈ 2018 ਨੂੰ ਤਹਿਸੀਨ ਪੂਨਾਵਾਲਾ ਬਨਾਮ ਭਾਰਤੀ ਸੰਘ ਕਾਂਡ ਵਿਚ ਆਪਣੇ ਫੈਸਲੇ ਦੌਰਾਨ ਭੀੜਾਂ ਦੀ ਹਿੰਸਾ ਬਾਰੇ ਕਰੜੀ ਨਿੰਦਾ ਕਰਦੇ ਹੋਏ ਅਜਿਹੀਆਂ ਘਟਨਾਵਾਂ ਨੂੰ ਰੋਕਣ ਤੇ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਲਈ ਇਕ ਤੰਤਰ ਦੀ ਸਥਾਪਨਾ ਕਰਨ ਦਾ ਉਪਦੇਸ਼ ਦਿੱਤਾ। ਨਿਰਣੈ ਵਿਚ ਇਹ ਕਿਹਾ ਗਿਆ ਕਿ ਅਜਿਹੀਆਂ ਘਟਨਾਵਾਂ ਦੀ ਰੋਕਥਾਮ ਕੀਤੀ ਜਾਣੀ ਚਾਹੀਦੀ ਹੈ ਤੇ ਜੇਕਰ ਉਹ ਹੁੰਦੀਆਂ ਹਨ ਤਾਂ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਦਾ ਪ੍ਰਬੰਧ ਹੋਣਾ ਚਾਹੀਦਾ ਹੈ। ਸੁਪਰੀਮ ਕੋਰਟ ਨੇ ਇਹ ਵੀ ਕਿਹਾ ਕਿ ਇਹ ਭੀੜਾਂ ਦੀ ਹਿੰਸਾ ਲੋਕਤੰਤਰ ਤੇ ਬਹੁਲਤਾਵਾਦ ਸਭਿਆਚਾਰ ਦੇ ਲਈ ਖਤਰਾ ਤੇ ਦੇਸ਼ ਨੂੰ ਤੋੜਨ ਵਾਲੀ ਕਾਰਵਾਈ ਹੈ। ਇਨ੍ਹਾਂ ਘਟਨਾਵਾਂ ਨੂੰ ਸਖਤੀ ਨਾਲ ਰੋਕਿਆ ਜਾਣਾ ਚਾਹੀਦਾ ਹੈ। ਕਾਨੂੰਨ ਦਾ ਉਲੰਘਣ ਕਰਨ ਦੀ ਇਜਾਜ਼ਤ ਕਿਸੇ ਨੂੰ ਵੀ ਨਹੀਂ ਦੇਣੀ ਚਾਹੀਦੀ। ਪਟੀਸ਼ਨ ਪਾਉਣ ਵਾਲੀ ਵਕੀਲ ਇੰਦਰਾ ਜੈ ਸਿੰਘ ਨੇ ਇਸ ਗੱਲ 'ਤੇ ਚਿੰਤਾ ਦਾ ਪ੍ਰਗਟਾਵਾ ਕੀਤਾ ਸੀ ਕਿ ਭੀੜਾਂ ਦੀ ਹਿੰਸਾ ਦੌਰਾਨ ਅਜਿਹੇ ਨਾਗਰਿਕਾਂ ਨੂੰ ਸ਼ਿਕਾਰ ਬਣਾਇਆ ਜਾ ਰਿਹਾ ਹੈ, ਜੋ ਘੱਟ ਗਿਣਤੀਆਂ ਤੇ ਮੂਲਨਿਵਾਸੀਆਂ ਨਾਲ ਸੰਬੰਧਿਤ ਹਨ। ਉਨ੍ਹਾਂ ਨੇ ਕਿਹਾ ਸੀ ਕਿ ਕੇਂਦਰ ਤੇ ਰਾਜ ਸਰਕਾਰਾਂ ਨੂੰ ਇਨ੍ਹਾਂ ਭੀੜਾਂ ਨੂੰ ਸਖ਼ਤੀ ਨਾਲ ਕੁਚਲਣਾ ਚਾਹੀਦਾ ਹੈ।

ਸੁਪਰੀਮ ਕੋਰਟ ਦਾ ਫੈਸਲਾ ਸੁਆਗਤਯੋਗ ਹੈ, ਪਰੰਤੂ ਉਹ ਇਸ ਵਿਸ਼ੇ 'ਤੇ ਕੁਝ ਨਹੀਂ ਕਹਿੰਦਾ ਕਿ ਭੀੜਾਂ ਦੀ ਹਿੰਸਾ ਕਿਉਂ ਹੋ ਰਹੀਆਂ ਹਨ ਤੇ ਇਸ ਪਿੱਛੇ ਕਿਹੜੀਆਂ ਤਾਕਤਾਂ ਕੰਮ ਕਰ ਰਹੀਆਂ ਹਨ? ਪਿਛਲੇ ਮਹੀਨੇ ਕੇਂਦਰੀ ਮੰਤਰੀ ਜੇਅੰਤ ਸਿਨਹਾ ਨੇ ਉਨ੍ਹਾਂ ਭਗਵੇਂ ਅੱਤਵਾਦੀਆਂ ਨੂੰ ਹਾਰ ਪੁਆ ਕੇ ਸੁਆਗਤ ਕੀਤਾ ਜਿਨ੍ਹਾਂ ਨੇ ਪਿਛਲੇ ਸਾਲ ਝਾਰਖੰਡ ਵਿਚ ਓਲਾਮੋਦੀਨ ਅਨਸਾਰੀ ਨੂੰ ਕੁਟ ਕੁਟ ਕੇ ਮਾਰ ਦਿੱਤਾ ਸੀ। ਅੰਸਾਰੀ 'ਤੇ ਭਗਵੇਂ ਅੱਤਵਾਦੀਆਂ ਨੇ ਦੋਸ਼ ਲਗਾਇਆ ਸੀ ਕਿ ਉਹ ਗਾਂ ਦੀ ਤਸਕਰੀ ਕਰ ਰਿਹਾ ਸੀ। ਇਕ ਹੋਰ ਕੇਂਦਰੀ ਮੰਤਰੀ ਅਰਜੁਨ ਰਾਮਮੇਘਵਾਲ ਨੇ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਜਿਉਂ ਜਿਉਂ ਹਰਮਨ ਪਿਆਰੇ ਹੁੰਦੇ ਜਾਣਗੇ, ਤਿਉਂ ਤਿਉਂ ਅਜਿਹੀਆਂ ਘਟਨਾਵਾਂ ਵਿਚ ਵਾਧਾ ਹੁੰਦਾ ਜਾਵੇਗਾ। ਮੰਤਰੀ ਦੇ ਇਨ੍ਹਾਂ ਬਿਆਨਾਂ ਤੋਂ ਸਪੱਸ਼ਟ ਹੁੰਦਾ ਹੈ ਕਿ ਇਨ੍ਹਾਂ ਭੀੜਾਂ ਦੀ ਹਿੰਸਾ ਪਿੱਛੇ ਮੋਦੀ ਦਾ ਹੀ ਹੱਥ ਹੈ। ਪ੍ਰਧਾਨ ਮੰਤਰੀ ਮੋਦੀ ਨੇ ਇਨ੍ਹਾਂ ਆਪਣੇ ਬੰਦਿਆਂ ਦੇ ਬਿਆਨਾਂ ਦਾ ਹਾਲੇ ਤੱਕ ਖੰਡਨ ਨਹੀਂ ਕੀਤਾ, ਜੋ ਕਿ ਕਾਨੂੰਨ ਤੇ ਸੰਵਿਧਾਨ ਵਿਰੋਧੀ ਗੁੰਡਿਆਂ ਵਾਲੀ ਬੋਲੀ ਬੋਲ ਰਹੇ ਹਨ। ਸਮੁੱਚੇ ਤੌਰ 'ਤੇ ਕਿਹਾ ਜਾ ਸਕਦਾ ਹੈ ਕਿ ਮੋਦੀ ਸਰਕਾਰ ਭੀੜਾਂ ਦੀ ਹਿੰਸਾ ਰੋਕਣ ਦੇ ਲਈ ਸੁਹਿਰਦ ਨਹੀਂ ਹੈ। ਭੀੜਾਂ ਦੀ ਹਿੰਸਾ ਨੂੰ ਰੋਕਣ ਲਈ ਜਿੰਨੇ ਮਰਜ਼ੀ ਕਾਨੂੰਨ ਬਣਾ ਲਏ ਜਾਣ, ਉਹ ਕੋਈ ਅਰਥ ਨਹੀਂ ਰੱਖਦੇ, ਜੇਕਰ ਕਾਨੂੰਨ ਰੱਖਿਅਕ, ਪ੍ਰਸ਼ਾਸ਼ਣ ਤੇ ਸੱਤਾਧਾਰੀ ਕਾਨੂੰਨ ਦੀ ਪਾਲਣਾ ਕਰਨ ਲਈ ਦ੍ਰਿੜ ਤੇ ਸੁਹਿਰਦ ਨਹੀਂ ਹਨ। ਪੁਲੀਸ ਸੱਤਾਧਾਰੀ ਧਿਰਾਂ ਦੀ ਗੁਲਾਮ ਹੈ। ਇਸ ਲਈ ਉਹ ਉਨ੍ਹਾਂ ਦੇ ਦਿਸ਼ਾ ਨਿਰਦੇਸ਼ ਅਨੁਸਾਰ ਚੱਲੇਗੀ। ਜਦ ਸੱਤਾਧਾਰੀ ਧਿਰਾਂ ਭਗਵੇਂ ਗੁੰਡਿਆਂ, ਭਗਵੇਂ ਅੱਤਵਾਦੀਆਂ ਨੂੰ ਉਤਸ਼ਾਹਿਤ ਕਰਨਗੀਆਂ ਤਾਂ ਪ੍ਰਸ਼ਾਸ਼ਣ ਕਿੱਥੋਂ ਇਨ੍ਹਾਂ ਭਗਵੀਆਂ ਭੀੜਾਂ ਦੀ ਹਿੰਸਾ ਦੇ ਜਨਮ ਦਾਤਿਆਂ ਨੂੰ ਕਾਬੂ ਕਰ ਲਵੇਗਾ? ਅਸਲ ਵਿਚ ਪੁਲੀਸ ਪ੍ਰਸ਼ਾਸਣ ਦਾ ਵੀ ਭਗਵਾਂਕਰਨ ਹੋ ਚੁੱਕਾ ਹੈ। ਇਹ ਸਾਰਾ ਕੁਝ ਭਗਵੀਂ ਸਿਆਸਤ ਦੀ ਖੇਡ ਹੈ ਤਾਂ ਜੋ ਮੁਸਲਮਾਨਾਂ ਤੇ ਮੂਲ-ਨਿਵਾਸੀਆਂ ਵਿਰੁਧ ਨਫ਼ਰਤ ਫੈਲਾ ਕੇ ਪੱਛੜਿਆਂ ਤੇ ਉੱਚ ਜਾਤਾਂ ਨੂੰ ਆਪਣੇ ਵਲ ਖਿੱਚ ਕੇ 2019 ਦੌਰਾਨ ਦਿੱਲੀ ਤਖ਼ਤ 'ਤੇ ਮੁੜ ਕਬਜ਼ਾ ਕੀਤਾ ਜਾ ਸਕੇ। ਇਹ ਹਿੰਦੂ ਰਾਸ਼ਟਰਵਾਦ ਦਾ ਵੱਡਾ ਏਜੰਡਾ ਹੈ। ਬੀਤੇ ਦਿਨ ਜੋ ਲੰਡਨ ਵਿਚ 2020 ਦਾ ਖਾਲਿਸਤਾਨ ਰੈਫਰੈਂਡਮ ਬਾਰੇ ਸਮਾਗਮ ਹੋਇਆ ਉਸ ਬਾਰੇ ਜੋ ਰੌਲਾ ਰੱਪਾ ਭਾਰਤੀ ਮੀਡੀਆ ਵਿਚ ਪਾਇਆ ਗਿਆ ਤੇ ਇਸ ਨੂੰ ਅੱਤਵਾਦ ਦਾ ਪ੍ਰਮੁਖ ਏਜੰਡਾ ਕਰਾਰ ਦਿੱਤਾ ਗਿਆ, ਉਹ ਭਗਵੇਂ ਰਾਸ਼ਟਰਵਾਦ ਦੀ ਚਾਣਕੀਆ ਚਾਲ ਹੈ। ਸਿੱਖਾਂ ਨੂੰ ਬਦਨਾਮ ਕਰਨਾ ਇਨ੍ਹਾਂ ਦਾ ਕਰਮ ਹੈ। ਸੰਨ 1947 ਤੋਂ ਲੈ ਕੇ ਇਹ ਭਗਵੇਂ ਰਾਸ਼ਟਰਵਾਦੀ ਇਹੀ ਕਰਮ ਕਰਦੇ ਆਏ ਹਨ ਕਿ ਕਦੇ ਸਿੱਖਾਂ ਨੂੰ ਜਰਾਇਮ ਪੇਸ਼ਾ ਕਰਾਰ ਦਿੱਤਾ ਤੇ ਕਦੇ ਅੱਤਵਾਦੀ ਕਰਾਰ ਦੇ ਦਿੱਤਾ। ਹਾਲਾਂ ਕਿ ਕਿਸੇ ਦੇ ਵੀ ਇਸ ਰੈਫਰੈਂਡਮ ਨਾਲ ਮਤਭੇਦ ਹੋ ਸਕਦੇ ਹਨ, ਪਰ ਬਿਨਾਂ ਸਬੂਤਾਂ ਤੋਂ ਇਹ ਕਹਿ ਦੇਣਾ ਕਿ ਇਹ ਅੱਤਵਾਦੀ ਕਾਰਵਾਈ ਹੈ, ਗਲਤ ਨਜ਼ਰੀਆ ਹੈ। ਰੈਫਰੈਂਡਮ ਜਮਹੂਰੀਅਤ ਦਾ ਢੰਗ ਹਨ, ਜਿਸ ਦਾ ਵਿਰੋਧ ਵਿਕਸਤ ਦੇਸ ਤੇ ਯੂਐਨਓ ਵੀ ਨਹੀਂ ਕਰਦਾ। ਅਸਲ ਵਿਚ ਰੈਫਰੈਂਡਮ ਦਾ ਵਿਰੋਧ ਵੀ ਹਿੰਦੂ ਰਾਸ਼ਟਰਵਾਦੀਆਂ ਦੀ ਇਕ ਚਾਲ ਹੈ ਤਾਂ ਜੋ ਪੰਜਾਬ ਵਿਚ ਸਿੱਖਾਂ 'ਤੇ ਤਸ਼ੱਦਦ ਕਰਕੇ ਹਿੰਦੂ ਭਾਈਚਾਰੇ ਨੂੰ ਡਰਾਇਆ ਜਾ ਸਕੇ ਤੇ ਆਪਣੀ ਸੱਤਾ ਕਾਇਮ ਰੱਖੀ ਜਾ ਸਕੇ। ਹਾਲਾਂ ਕਿ ਹੁਣੇ ਜਿਹੇ ਮੁੰਬਈ ਵਿਚ ਭਗਵਾਂ ਅੱਤਵਾਦੀ ਗ੍ਰਿਫ਼ਤਾਰ ਕੀਤਾ ਗਿਆ ਹੈ, ਜਿਸ ਕੋਲ 13 ਬੰਬ ਤੇ ਹੋਰ ਬਾਰੂਦ ਬਰਾਮਦ ਕੀਤਾ ਗਿਆ ਹੈ, ਜਿਸ ਦਾ ਨਿਸ਼ਾਨਾ ਮੁਸਲਮਾਨਾਂ ਤੇ ਦਲਿਤਾਂ ਦੀਆਂ ਬਸਤੀਆਂ ਸਨ। ਭਗਵੇਂ ਰਾਸ਼ਟਰਵਾਦੀਆਂ ਵਲੋਂ ਸੰਵਿਧਾਨ ਨੂੰ ਅੱਗ ਲਾਉਣੀ ਇਸੇ ਸਾਜ਼ਿਸ਼ੀ ਨੀਤੀ ਦਾ ਨਤੀਜਾ ਹੈ। ਇਹ ਸਭ ਕੁਝ ਆਰ ਐਸ ਐਸ ਵਾਲੇ ਗੁਰੂ ਗੋਲਵਲਕਰ ਦੀ ਪੁਸਤਕ 'ਬੰਚ ਆਫ ਥਾਟ' ਵਿਚ ਨਿਰਧਾਰਿਤ ਫਿਲਾਸਫੀ ਕਿ ਭਾਰਤ ਸਿਰਫ ਹਿੰਦੂਆਂ ਲਈ ਹੈ ਤੇ ਬਾਕੀ ਕੌਮਾਂ ਦਾ ਬੀਜ ਨਾਸ਼ ਕਰ ਦੇਣਾ ਚਾਹੀਦਾ ਹੈ, ਜਿਵੇਂ ਹਿਟਲਰ ਨੇ ਜਰਮਨ ਵਿਚ ਕੀਤਾ ਸੀ, ਦੇ ਸੁਪਨੇ ਨੂੰ ਸੱਚ ਵਿਚ ਸਿਰਜਣ ਦੇ ਲਈ ਇਹ ਖ਼ੂਨੀ ਖੇਡਾਂ ਖੇਡੀਆਂ ਜਾ ਰਹੀਆਂ ਹਨ। ਨਫ਼ਰਤ ਦੀ ਇਸ ਰਾਜਨੀਤੀ ਦਾ ਤਾਂ ਹੀ ਮੁਕਾਬਲਾ ਕੀਤਾ ਜਾ ਸਕਦਾ ਹੈ, ਜੇਕਰ ਅਸੀਂ ਗੁਰਬਾਣੀ ਦੇ ਮਾਡਲ ਅਨੁਸਾਰ ਸਰਬੱਤ ਦੇ ਭਲੇ 'ਤੇ ਪਹਿਰਾ ਦੇਵਾਂਗੇ। ਦੇਸਾਂ-ਵਿਦੇਸ਼ਾਂ ਵਿਚ ਵਸਦੇ ਨਿਰਪੱਖ ਹਿੰਦੂਆਂ, ਖੱਬੇ ਪੱਖੀਆਂ, ਸਿੱਖਾਂ, ਮੁਸਲਮਾਨਾਂ, ਇਸਾਈਆਂ, ਦਲਿਤਾਂ, ਪੱਛੜਿਆਂ ਸਭ ਨੂੰ ਇਨ੍ਹਾਂ ਭੀੜਾਂ ਦੀ ਹਿੰਸਾ ਨਫ਼ਰਤ ਦੀ ਸਿਆਸਤ ਦਾ ਕਰੜੇ ਰੂਪ ਵਿਚ ਵਿਰੋਧ ਕਰਨਾ ਚਾਹੀਦਾ ਹੈ।

## ਅੱਤਵਾਦੀ ਸੰਗਠਨ ਹੈ ਸਨਾਤਨ ਸੰਸਥਾ: ਕਾਂਗਰਸ

ਮਹਾਰਾਸ਼ਟਰ ਕਾਂਗਰਸ ਦੇ ਸੂਬਾ ਪ੍ਰਧਾਨ ਅਸ਼ੋਕ ਚਵਾਨ ਨੇ ਕਿਹਾ, "ਇਹ ਤਾਂ ਪਹਿਲਾਂ ਦੀ ਸਾਫ਼ ਹੋ ਚੁੱਕਾ ਹੈ ਕਿ ਸਨਾਤਨ ਅੱਤਵਾਦੀ ਸੰਗਠਨ ਹੈ, ਇਸ ਦੀ ਬੰਬ ਧਮਾਕਿਆ ਤੇ ਹਿੰਸਕ ਸੋਚ ਸਮੇਂ ਸਮੇਂ ਸਾਹਮਣੇ ਆਉਂਦੀ ਰਹੀ ਹੈ। ਇਸ ਲਈ ਸਨਾਤਨ ਨੂੰ ਅੱਤਵਾਦੀ ਸੰਗਠਨ ਐਲਾਨਿਆ ਜਾਣਾ ਚਾਹੀਦਾ ਹੈ। ਵੈਭਵ ਸਨਾਤਨ ਨਾਲ ਸਿੱਧਾ ਜੁੜਿਆ ਹੋਇਆ ਹੈ।" ਸਨਾਤਨ ਸੰਸਥਾ ਉਹੀ ਸੰਗਠਨ ਹੈ ਜਿਸ ਦੇ ਕਾਰਕੁਨ ਪਹਿਲਾਂ ਗਡਕਰੀ ਰੰਗਾਆਇਤਨਾ, ਮਾਰਗੋ ਬਲਾਸਟ , ਡੋਭਾਲਕਰ ਕਤਲ ਕੇਸ ਅਤੇ ਪਨਸਾਰੇ ਕਤਲ ਕੇਸ ਵਿਚ ਗ੍ਰਿਫ਼ਤਾਰ ਹੋ ਚੁੱਕੇ ਹਨ। ਪੁਲਿਸ ਨੂੰ ਸ਼ੱਕ ਹੈ ਕਿ ਕੌਰੇਗਾਓਂ ਭੀਮਾ ਵਿਚ ਹਿੰਸਾ ਭੜਕਾਉਂਣ ਵਿਚ ਹੀ ਸੰਭਾਜੀ ਭਿੜੇ ਦੀ ਸੰਸਥਾ ਸ਼ਿਵਪ੍ਰਤਿਸ਼ਠਾਨ ਦਾ ਹੱਥ ਹੈ। ਪਰ ਉਦੋਂ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਨੇ ਇਸ ਤੋਂ ਇਨਕਾਰ ਕੀਤਾ ਸੀ।

## ਭਗਵੇਂ ਅੱਤਵਾਦੀਆਂ ਦੀ ਮਹਾਰਾਸ਼ਟਰ ਵਿਚ ਬੰਬ ਧਮਾਕੇ ਕਰਨ ਦੀ ਸਾਜ਼ਿਸ਼ ਬੇਨਕਾਬ

- **ਵੈਭਵ ਰਾਊਟ ਦੇ ਘਰੋਂ 22 ਕਰੂਡ ਬੰਬ ਅਤੇ ਜਿਲੇਟਿਨ ਛੜਾਂ ਕੀਤੀਆਂ ਬਰਾਮਦ**
- **ਭਗਵੇਂ ਅੱਤਵਾਦੀ ਖਤਰਨਾਕ ਹਥਿਆਰਾਂ, ਤੇਜ਼ਾਬੀ ਬੰਬਾਂ ਤੇ ਘਾਤਕ ਸਮੱਗਰੀ ਨਾਲ ਲੈੱਸ ਤੇ ਦੰਗੇ ਕਰਾਉਣ ਲਈ ਹੋਏ ਸਰਗਰਮ**

ਏਟੀਐਸ-ਮਹਾਰਾਸ਼ਟਰ ਅੱਤਵਾਦ ਵਿਰੋਧੀ ਦਸਤੇ ਨੇ ਹਿੰਦੂਤਵ ਸੰਗਠਨਾਂ ਨਾਲ ਜੁੜੇ ਤਿੰਨ ਵਿਅਕਤੀਆਂ ਨੂੰ ਗ੍ਰਿਫਤਾਰ ਕਰਨ ਤੇ ਸੂਬੇ ਵਿੱਚ ਵੱਖ-ਵੱਖ ਥਾਵਾਂ ਤੇ ਹਮਲੇ ਕਰਨ ਦੀ ਸਾਜ਼ਿਸ਼ ਨੂੰ ਬੇਨਕਾਬ ਕਰਨ ਦਾ ਦਾਅਵਾ ਕੀਤਾ ਹੈ। ਪੁਲਿਸ ਨੇ ਵੈਭਵ ਰਾਊਤ, ਸ਼ਰਦ ਕਲਾਸਕਰ ਅਤੇ ਸੁਧਨਾ ਗੋਂਢਾਲੇਕਰ ਨਾਂ ਦੇ ਇਨ੍ਹਾਂ ਵਿਅਕਤੀਆਂ ਨੂੰ ਮੁੰਬਈ ਦੀ ਵਿਸ਼ੇਸ਼ ਅਦਾਲਤ ਵਿੱਚ ਪੇਸ਼ ਕਰਕੇ, ਇਨ੍ਹਾਂ ਦਾ 18 ਅਗਸਤ ਤੱਕ ਪੁਲਿਸ ਰਿਮਾਂਡ ਹਾਸਲ ਕਰ ਲਿਆ ਹੈ। ਏਟੀਐੱਸ ਵੱਲੋ ਦਿੱਤੀ ਗਈ ਜਾਣਕਾਰੀ ਮੁਤਾਬਕ ਵੈਭਵ ਰਾਊਟ ਦੇ ਘਰੋਂ 22 ਕਰੂਡ ਬੰਬ ਅਤੇ ਜਿਲੇਟਿਨ ਛੜਾਂ ਬਰਾਮਦ ਕੀਤੀਆਂ ਹਨ। ਇਹ ਘਰ ਮੁੰਬਈ ਦੇ ਨਾਲਾਸੋਪਾਰਾ ਵਿੱਚ ਹੈ। ਯਾਦ ਰਹੇ ਕਿ ਇਹੋ ਜਿਹੇ ਭਗਵੇਂ ਅੱਤਵਾਦੀ ਗਿਰੋਹ ਪੂਰੇ ਭਾਰਤ ਵਿਚ ਹਿੰਦੂ ਰਾਸ਼ਟਰ ਦੀ ਸਥਾਪਨਾ ਦੇ ਲਈ ਸਰਗਰਮ ਹੋ ਚੁੱਕੇ ਹਨ। ਇਨ੍ਹਾਂ ਨੂੰ ਘਰ ਫੂਕਣ, ਸੰਪਤੀ ਦਾ ਨੁਕਸਾਨ ਪਹੁੰਚਾਉਣ ਤੇ ਦੰਗੇ ਕਰਾਉਣ ਦੀ ਤੇ ਘਾਤਕ ਹਥਿਆਰ ਚਲਾਉਣ ਦੀ ਪੂਰੇ ਟਰੇਨਿੰਗ ਦਿੱਤੀ ਜਾ ਚੁੱਕੀ ਹੈ। ਇਹ ਖਤਰਨਾਕ ਹਥਿਆਰਾਂ ਤੇ ਤੇਜ਼ਾਬੀ ਬੰਬਾਂ ਨਾਲ ਲੈਸ ਹਨ।

ਵੈਭਵ ਰਾਊਤ ਸਨਾਤਨ ਸੰਸਥਾ ਦਾ ਮੈਂਬਰ ਹੁੰਦਾ ਸੀ ਪਰ ਸਨਾਤਨ ਸੰਸਥਾ ਨੇ ਦਾਅਵਾ ਕੀਤਾ ਹੈ ਕਿ ਉਹ ਉਨ੍ਹਾਂ ਦਾ ਮੈਂਬਰ ਨਹੀਂ ਹੈ। ਸੰਸਥਾ ਦੇ ਸੁਨੀਲ ਘਾਨਵਤ ਨੇ ਕਿਹਾ ਕਿ ਉਹ ਹਿੰਦੂ ਗਊਵੰਸ਼ ਰਕਸ਼ਾ ਸਮਿਤੀ ਦਾ ਮੈਂਬਰ ਹੈ। ਉਹ ਹਿੰਦੂ ਸੰਗਠਨਾਂ ਦੀਆਂ ਗਤੀਵਿਧੀਆਂ ਵਿਚ ਸ਼ਾਮਲ ਹੁੰਦਾ ਰਹਿੰਦਾ ਸੀ ਅਤੇ ਉਹ ਹਿੰਦੂਆਂ ਦੀ ਭਲਾਈ ਲਈ ਕੰਮ ਕਰਨ ਵਾਲੀ ਹਿੰਦੂ ਜਨਜਾਗ੍ਰਿਤੀ ਸੰਮਤੀ ਨਾਲ ਜੁੜਿਆ ਹੋਇਆ ਸੀ। ਪਰ ਪਿਛਲੇ ਕੁਝ ਮਹੀਨਿਆਂ ਤੋਂ ਉਹ ਹਿੰਦੂ ਸੰਗਠਨਾਂ ਦੀਆਂ ਗਤੀਵਿਧੀਆਂ ਵਿਚ ਸ਼ਾਮਲ ਨਹੀਂ ਹੋ ਰਿਹਾ ਸੀ। ਹਿੰਦੂ ਜਨਜਾਗ੍ਰਿਤੀ ਸਨਾਤਨ ਸੰਸਥਾ ਦਾ ਸੰਗਠਨ ਹੈ। ਵੈਭਵ ਦੇ ਵਕੀਲ ਸੰਜੀਵ ਪੂਨਾਲੇਕਰ ਨੇ ਕਿਹਾ ਕਿ ਵੈਭਵ ਹਿੰਦੂਤਵੀ ਕਾਰਕੁਨ ਹੈ, ਇਸ ਲਈ ਉਸਨੂੰ ਹਰ ਤਰ੍ਹਾਂ ਦੀ ਮਦਦ ਮੁਹੱਈਆ ਕਰਵਾਈ ਜਾਵੇਗੀ। ਪੂਨਾਲੇਕਰ ਨੇ ਕਿਹਾ, "ਵੈਭਵ ਗਊਰੱਖਿਅਕ ਹੈ ਅਤੇ ਉਹ ਈਦ ਮੌਕੇ ਜਾਨਵਰਾਂ ਦੀ ਬਲੀ ਦਿੱਤੇ ਜਾਣ ਦਾ ਵਿਰੋਧ ਕਰਦਾ ਹੈ। ਉਸ ਨੂੰ ਹਰ ਸਾਲ ਜ਼ਿਲ੍ਹੇ ਤੋਂ ਬਾਹਰ ਭੇਜਿਆ ਜਾਂਦਾ ਸੀ ਅਤੇ ਹੁਣ ਸਰਕਾਰ ਉਸਦੀ ਜ਼ਿੰਦਗੀ ਤਬਾਹ ਕਰਨਾ ਚਾਹੁੰਦੀ ਹੈ।"

ਸਨਾਤਮ ਸੰਸਥਾ ਦੇ ਕਾਨੂੰਨੀ ਸਲਾਹਕਾਰ ਪੂਨਾਲੇਕਰ ਨੇ ਕਿਹਾ ਕਿ ਵੈਭਵ ਸਨਾਤਨ ਦਾ ਮੈਂਬਰ ਨਹੀਂ ਹੈ ਬਲਕਿ ਉਹ ਹਿੰਦੂਤਵ ਕਾਰਕੁਨ ਹੈ ਇਸ ਲਈ ਉਸ ਦੀ ਕਾਨੂੰਨੀ ਸਹਾਇਤਾ ਕੀਤੀ ਜਾਵੇਗੀ।

ਸੁਧਨਾ ਗੋਂਢਾਲੇਕਰ ਸੰਭਾਜੀ ਭਿੜੇ ਦੀ ਸੰਸਥਾ ਸ਼ਿਵਪ੍ਰਤਿਸ਼ਠਾਨ ਦਾ ਮੈਂਬਰ ਹੈ। ਸ਼ਿਵਪ੍ਰਤਿਸ਼ਠਾਨ ਦੇ ਮੈਂਬਰ ਨਿਤਿਨ ਚੌਗਲੇ ਨੇ ਦੱਸਿਆ ਕਿ ਉਹ ਪਹਿਲਾਂ ਇਸ ਸੰਸਥਾ ਨਾਲ ਜੁੜਿਆ ਹਇਆ ਸੀ ਪਰ ਪਿਛਲੇ ਸਾਲ ਤੋਂ ਉਸ ਦਾ ਸੰਗਠਨ ਨਾਲ ਕੋਈ ਵੀ ਸਬੰਧ ਨਹੀਂ ਹੈ।



Sikh Gurdwara of Los Angeles Lankershim
Celebrating
Barsi Of Sant Baba Isher Singh Ji (Rara Sahib Wale)
Barsi of Sant Baba Meehan Singh Ji (Siahar Wale)
On
August 26, 2018 [Sunday]
ਸਮਾਂ 10 ਵਜੇ ਤੋਂ 2.00 ਵਜੇ
Fri-Sat From 6.30pm - 8.30pm
Sant Isher Singh Ji
Program Details as Follows:
Friday (Aug 24) Aarambh Shri Akhand Path Sahib ji 10:00 am
Sunday: (Aug 26) Bhog Shri Akhand Path Sahib ji 9:00 am
Sant Meehan Singh Ji
You are requested to join us with your family and friends and recieve Guru's Blessings
Guru ka langar Seva By: Manjit S pandher and family
Dhadi Jatha Sukhwinder Singh Ji
For More Information contact Manjit Singh Pandher At 818-398 9262
Sant Baba Amreek Singh Ji
Sikh Gurdwara Of Los Angeles
7640 Lankershim BLVD
North Hollywood, CA 91605
www.lankershimgurdwara.com
Mukhtiar S Kamboj (626)-893-5959
Manjit S Pandher (818) 398-9262
Karamjit S Rathor (818) 625-6370
Harjit S Saini (323)-321-1679
Kuldeep S Brar (818) -645-3098
Ravi Grewal (310) 748-1348
Harmander S. Grewal (818) 606 7894
Gurdwara Sahib (818) 765-9399




TRANS-ALLIANCE
TOGETHER WE SAVE
SAVE UPTO 24¢
PER GALLON ON DIESEL
1243 6756 7698 3421
TRANS EXPRESS
FUEL CARD
Our Over The Road (OTR) Fuel Card replaces cash and credit cards for fuel and maintenance - with low transaction fees - at over 6,600 truck stops across the country. We offer line of credit - $10,000 to $100,000.
FACTORING
Fleet One introduces aggressive factoring program for Trans-Alliance members. We can beat any price to get your piece of business.
ਪੰਜਾਬੀ ਵਿਚ ਜਾਣਕਾਰੀ ਲਈ 1.855.641.6955
888.795.7035
sales@trans-alliance.com
www.trans-alliance.com
PETRO Stopping Centers
TA TravelCenters of America
Love's




ਅਮਰੀਕਾ ਵਿਚ ਇੰਡੀਅਨ ਗਰੋਸਰੀ ਦੇ ਨੰਬਰ ਵਨ ਹੋਲਸੇਲਰ 1
MDH
SHAH
ASHOKA
ਅਸੀਂ ਇੰਡੀਅਨ ਸਟੋਰਸ, ਰੈਸਟੋਰੈਂਟਸ, ਹੋਟਲ ਅਤੇ ਕੇਟਰਿੰਗ ਨੂੰ ਇੰਡੀਅਨ ਗਰੋਸਰੀ, ਬਰਤਨ, ਦਾਲਾਂ, ਰਾਈਸ, ਸਪਾਈਸਿਜ਼ ਅਤੇ ਔਰਗੈਨਿਕ ਫੂਡ ਸਪਲਾਈ ਕਰਦੇ ਹਾਂ
Kulwant Singh (Shah)
Punjab Trading Inc
4710 B ST NW #103 Auburn, WA 98001
Phone:206-778-1823
shahbrands@gmail.com

# Valley Real Estate Center



Better Deal will be given from New Builders to Book New home in Mountain House, Tracy, Manteca and lathrop

For agriculture and almond Farm,office building, Farm House and for Truck Yard in Tracy, Manteca, Lathrop and Stockton

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing



**New Home for Sale:**
1830 William Moss Stockton
3 Bed, 2 Bath 1250 square foot
**$299,900**



**Truck Yard for Sale:**
3779 S El Dorado Road Stockton, 3.70 Acres,
60 Truck trailer parking in Permitted Truck parking Zone
**$1,250,000**

Two Acres Truck Yard with small shop Available in Manteca asking for **$950,000**



Ranjit S Mangat
(Lic: 01922089)

**ਨਵੀਂ ਜਾਂ ਪੁਰਾਣੀ ਜਾਇਦਾਦ ਖਰੀਦਣ ਜਾਂ ਵੇਚਣ ਲਈ ਕਾਲ ਕਰੋ**

## Ranjit S Mangat

**Valley Real Estate Center (Office Lic.: 01392267)**
**68 E 11th Street Ste 109, Tracy, CA 95376**
**Office: 209-956-1000 Cell : 408-355-5700**
**gbsingh84@gmail.com**

# ਸੈਨ ਫਰਾਂਸਿਸਕੋ ਦੇ ਭਾਰਤੀ ਦੂਤਾਵਾਸ ਅੱਗੇ ਸਿੱਖਾਂ ਵੱਲੋਂ ਜ਼ੋਰਦਾਰ ਮੁਜ਼ਾਹਰਾ

***ਬਰਗਾੜੀ ਮੋਰਚੇ ਦੀ ਹਮਾਇਤ, ਬਹਿਬਲ ਕਲਾਂ ਵਿਚ ਸ਼ਹੀਦ ਹੋਏ ਸਿੰਘਾਂ ਲਈ ਇਨਸਾਫ ਤੇ ਗੁਰੂ ਸਾਹਿਬ ਦੀ ਬੇਅਦਬੀ ਦੇ ਦੋਸ਼ੀਆਂ ਨੂੰ ਸਜ਼ਾਵਾਂ ਦੁਆਉਣ ਦੀ ਮੰਗ***





**ਸੈਨ ਫਰਾਂਸਿਸਕੋ/ਬਲਵਿੰਦਰਪਾਲ ਸਿੰਘ ਖਾਲਸਾ:** ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਕੈਲੀਫੋਰਨੀਆ ਯੂਨਿਟ ਨੇ ਦੂਜੀਆਂ ਪੰਥਕ ਜਥੇਬੰਦੀਆਂ ਨਾਲ ਸਹਿਯੋਗ ਕਰਦਿਆਂ ਸੈਨ ਫਰਾਂਸਿਸਕੋ ਦੇ ਭਾਰਤੀ ਦੂਤਾਵਾਸ ਅੱਗੇ ਭਾਰੀ ਰੋਸ ਮੁਜ਼ਾਹਰਾ ਕੀਤਾ, ਜਿਸ ਵਿਚ ਕੈਲੀਫੋਰਨੀਆਂ ਦੇ ਮਡੇਰਾ, ਬੇਕਰਜ਼ਫੀਲਡ, ਟਰੇਸੀ, ਮਨਟੀਕਾ, ਫਰਿਜ਼ਨੋ, ਟੂਲੈਰੀ ਤੇ ਗਰੇਟਰ ਬੇਅ ਏਰੀਏ ਦੇ ਪ੍ਰਮੁੱਖ ਸ਼ਹਿਰਾਂ ਵਿਚੋਂ ਸਿੱਖ ਸੰਗਤਾਂ ਪਹੁੰਚੀਆਂ। ਇਸ ਮੁਜ਼ਾਹਰੇ ਦਾ ਉਦੇਸ਼ ਰਲ-ਮਿਲ ਕੇ ਬਰਗਾੜੀ ਮੋਰਚੇ ਦੀ ਹਮਾਇਤ ਕਰਨਾ, ਬਹਿਬਲ ਕਲਾ ਗੋਲੀ ਕਾਂਡ ਦੇ ਸ਼ਹੀਦਾਂ ਭਾਈ ਕਰਿਸ਼ਨ ਭਗਵਾਨ ਸਿੰਘ ਤੇ ਭਾਈ ਗੁਰਜੀਤ ਸਿੰਘ ਨੂੰ ਸ਼ਹੀਦ ਕਰਨ ਵਾਲੇ ਪੁਲਿਸ ਅਧਿਕਾਰੀਆਂ ਦੀ ਗ੍ਰਿਫਤਾਰੀ ਲਈ ਦਬਾਅ ਬਣਾਉਣਾ ਸੀ। ਸਿੱਖਾਂ ਨੇ ਮੰਗ ਕੀਤੀ ਕਿ ਬਰਗਾੜੀ 'ਚ ਸਿੰਘਾਂ ਨੂੰ ਸ਼ਹੀਦ ਕਰਨ ਲਈ ਹੁਕਮ ਦੇਣ ਵਾਲੇ ਬਾਦਲ ਪਿਉ-ਪੁੱਤਰ ਵਿਰੁੱਧ ਕਤਲ ਦਾ ਮੁਕੱਦਮਾ ਦਰਜ ਹੋਵੇ ਅਤੇ ਜੇਲ੍ਹਾਂ ਵਿਚ ਕੈਦ ਉਨਾਂ ਸਿੰਘਾਂ ਦੀ ਰਿਹਾਈ ਕੀਤੀ ਜਾਵੇ ਜੋ ਆਪਣੀ ਸਜ਼ਾ ਪੂਰੀ ਕਰ ਚੁੱਕੇ ਹਨ।

ਇਸ ਮੁਜ਼ਾਹਰੇ ਨੂੰ ਦੂਰੋਂ-ਨੇੜਿਓਂ ਆਏ ਬਹੁਤ ਸਾਰੇ ਬੁਲਾਰਿਆਂ ਨੇ ਸੰਬੋਧਨ ਕੀਤਾ ਤੇ ਸੰਗਤਾਂ ਨਾਲ ਆਪਣੇ ਵਿਚਾਰ ਸਾਂਝੇ ਕੀਤੇ। ਬੁਲਾਰਿਆਂ ਵਿਚ ਬਲਵਿੰਦਰਪਾਲ ਸਿੰਘ ਖਾਲਸਾ ਖਾਲਿਸਤਾਨ ਦੇ ਸ਼ਹੀਦ ਪਰਿਵਾਰ, ਅਮਰਦੀਪ ਸਿੰਘ ਵਰਲਡ ਸਿੱਖ ਪਾਰਲੀਮੈਂਟ, ਖੁਸ਼ਵਿੰਦਰ ਸਿੰਘ ਅਮਰੀਕੀ ਵਿਦਿਆਰਥੀ, ਦਰਬਾਰਾ ਸਿੰਘ ਕਨਕਰਡ ਅਕਾਲੀ ਦਲ ਮਾਨ ਸਕੱਤਰ, ਜਰਨੈਲ ਸਿੰਘ ਮਨਟੀਕਾ, ਜਥੇਦਾਰ ਲਖਵਿੰਦਰ ਸਿੰਘ ਦਮਦਮੀ ਟਕਸਾਲ, ਗੁਲਜ਼ਾਰ ਸਿੰਘ ਟੂਲੈਰੀ ਅਕਾਲੀ ਦਲ ਮਾਨ, ਅਮਰੀਕ ਸਿੰਘ ਬੇਕਰਜ਼ਫੀਲਡ ਅਕਾਲੀ ਦਲ ਮਾਨ, ਸਰਬਜੀਤ ਸਿੰਘ ਦਿੱਲੀ ਅਕਾਲੀ ਦਲ ਮਾਨ, ਅਰਵਿੰਦਰ ਸਿੰਘ ਯੂਥ ਅਕਾਲੀ ਦਲ ਮਾਨ, ਜਥਦਾਰ ਸੁਰਿੰਦਰ ਸਿੰਘ, ਜਸਪ੍ਰੀਤ ਸਿੰਘ ਲਵਲਾ ਕੈਲੀਫੋਰਨੀਆ ਗੱਤਕਾ ਦਲ, ਨਕੋਦਰ ਬੇਅਦਬੀ ਕਾਂਡ ਵਿਚ ਸ਼ਹੀਦ ਹੋਣ ਵਾਲੇ ਭਾਈ ਰਵਿੰਦਰ ਸਿੰਘ ਦੇ ਭਰਾਤਾ ਡਾਕਟਰ ਹਰਿੰਦਰ ਸਿੰਘ, ਜਸਵਿੰਦਰ ਸਿੰਘ ਜੰਡੀ ਸੁਪਰੀਮ ਕੌਂਸਲ ਮੈਂਬਰ ਗੁਰਦੁਆਰਾ ਸਾਹਿਬ ਫਰੀਮਾਂਟ, ਡਾ: ਪ੍ਰਿਤਪਾਲ ਸਿੰਘ ਕੋਆਰਡੀਨੇਟਰ ਏਜੀਪੀਸੀ, ਸੰਤ ਸਿੰਘ ਹੋਠੀ ਪ੍ਰਧਾਨ ਏਜੀਪੀਸੀ ਤੇ ਕੁਲਵੰਤ ਸਿੰਘ ਸਿੱਖ ਯੂਥ ਆਫ ਅਮਰੀਕਾ ਸਨ। ਯੂਬਾ ਸਿਟੀ ਤੋਂ ਜਾਹਨ ਸਿੰਘ ਗਿੱਲ ਵਿਸ਼ੇਸ਼ ਤੌਰ 'ਤੇ ਪਹੁੰਚੇ। ਅਖੀਰ ਵਿਚ ਸ਼੍ਰੋਮਣੀ ਅਕਾਲੀ ਕੈਲੀਫੋਰਨੀਆ ਦੇ ਪ੍ਰਧਾਨ ਭਾਈ ਤਰਸੇਮ ਸਿੰਘ ਟੂਲੈਰੀ ਨੇ ਸਭ ਸੰਗਤਾਂ ਤੇ ਜਥੇਬੰਦੀਆਂ ਦਾ ਮੁਜ਼ਾਹਰੇ ਵਿਚ ਆਉਣ ਲਈ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਸਾਡੀ ਵੱਡੀ ਮੰਗ ਲੋਕਤੰਤਰੀ ਢੰਗਾਂ ਨਾਲ ਸਾਡਾ ਦੇਸ਼ ਖਾਲਿਸਤਾਨ ਬਣਾਉਣਾ ਹੀ ਹੀ ਹੈ ਤੇ ਸਿੱਖ ਕੌਮ ਨਾਲ ਹੋਣ ਵਾਲੇ ਹਰ ਵਿਤਕਰੇ ਤੇ ਜ਼ੁਲਮ ਵਿਰੁੱਧ ਆਵਾਜ਼ ਉਠਾ ਕੇ ਇਨਸਾਫ ਲਈ ਜੱਦੋ-ਜਹਿਦ ਕਰਦੇ ਰਹਾਂਗੇ। ਸਭ ਬੁਲਾਰਿਆਂ ਨੇ ਸਾਂਝੇ ਤੌਰ ਤੇ ਭਾਰਤ ਸਰਕਾਰ ਦੀ ਸਿੱਖ ਕੌਮ ਨੂੰ ਇਨਸਾਫ ਨਾ ਦੇਣ ਦੀ ਨਿਖੇਧੀ ਕੀਤੀ।ਪੂਰਾ ਮਾਹੌਲ ਖਾਲਿਸਤਾਨ ਜ਼ਿੰਦਾਬਾਦ ਦੇ ਨਾਹਰਿਆਂ ਨਾਲ ਗੂੰਜਦਾ ਰਿਹਾ। ਖਾਲਿਸਤਾਨੀ ਤੇ ਅਮੀਰੀਕੀ ਝੰਡੇ ਝੂਲਦੇ ਰਹੇ। ਸਟੇਜ ਸਕੱਤਰ ਦੀ ਸੇਵਾ ਭਾਈ ਜਤਿੰਦਰ ਸਿੰਘ ਨੇ ਬਾਖੂਬੀ ਨਿਭਾਈ। ਮੁਜ਼ਾਹਰੇ ਲਈ ਲੰਗਰ ਤੇ ਚਾਹ ਪਾਣੀ ਦੀਆਂ ਸੇਵਾਵਾਂ ਗੁਰਦੁਆਰਾ ਸਾਹਿਬ ਫਰੀਮਾਂਟ ਤੋਂ ਭਾਈ ਜਗਤਾਰ ਸਿੰਘ ਅਨੰਦਪੁਰੀ ਲੈ ਕੇ ਪਹੁੰਚੇ।

# ਕੈਲੀਫੋਰਨੀਆ ਵਿਧਾਨ ਸਭਾ ਮੈਂਬਰ ਕੈਂਸਨ ਚੂ ਨੇ ਫਰੀਮਾਂਟ ਵਿਚ ਸਿੱਖ ਭਾਈਚਾਰੇ ਨਾਲ ਕੀਤੀ ਮੀਟਿੰਗ

***ਕੈਂਸਨ ਚੂ ਨੇ ਸਿੱਖਾਂ ਨੂੰ ਦਰਪੇਸ਼ ਮੁਸ਼ਕਿਲਾਂ ਨੂੰ ਹੱਲ ਕਰਨ ਦਾ ਦਿੱਤਾ ਭਰੋਸਾ***



**ਫਰੀਮਾਂਟ/ਬਿਊਰੋ ਨਿਊਜ਼ :** ਅਮਰੀਕਨ ਸਿੱਖ ਕਾਕਸ ਕਮੇਟੀ ਦੇ ਉਦਮ ਸਦਕਾ ਫਰੀਮਾਂਟ ਵਿਚ ਸਟੇਟ ਅਸੰਬਲੀ ਕੈਲੀਫੋਰਨੀਆ ਦੇ ਨੇਤਾ ਕੈਂਸਨ ਚੂ ਨੇ ਸਿੱਖ ਭਾਈਚਾਰੇ ਨਾਲ ਇਕ ਮੀਟਿੰਗ ਕੀਤੀ। ਮੀਟਿੰਗ ਵਿਚ ਸਿੱਖਾਂ ਨੂੰ ਪੇਸ਼ ਆ ਰਹੀਆਂ ਮੁਸ਼ਕਿਲਾਂ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ। ਵਿਦੇਸ਼ਾਂ ਵਿਚ ਸਿੱਖਾਂ ਨਾਲ ਹੋ ਰਹੇ ਨਸਲੀ ਵਿਤਕਰੇ ਅਤੇ ਧੱਕੇਸ਼ਾਹੀ ਦੇ ਮਾਮਲਿਆਂ 'ਤੇ ਵੀ ਵਿਚਾਰ ਪ੍ਰਗਟ ਕੀਤੇ ਗਏ। ਗੌਰਤਲਬ ਹੈ ਕਿ ਅਮਰੀਕਾ 'ਚ ਰਹਿੰਦੇ ਸਿੱਖਾਂ 'ਤੇ ਨਸਲੀ ਹਮਲੇ ਅਤੇ ਨਸਲੀ ਟਿੱਪਣੀਆਂ ਦਿਨੋਂ-ਦਿਨ ਵਧਦੀਆਂ ਜਾ ਰਹੀਆਂ ਹਨ। ਉਨ੍ਹਾਂ ਉਤੇ ਲਗਾਤਾਰ ਹਮਲੇ ਹੋ ਰਹੇ ਨੇ, ਜੋ ਕਿ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ। ਪਿਛਲੇ ਦਿਨੀਂ ਅਮਰੀਕਾ 'ਚ 2 ਸਿੱਖਾਂ ਨੂੰ ਨਿਸ਼ਾਨਾ ਬਣਾਇਆ ਗਿਆ। ਕੈਲੀਫੋਰਨੀਆ ਦੇ ਸ਼ਹਿਰ ਮਨਟੀਕਾ ਵਿਚ ਪਿਛਲੇ ਦਿਨੀਂ 71 ਸਾਲਾ ਬਜ਼ੁਰਗ ਸਿੱਖ 'ਤੇ ਬੇਰਹਿਮੀ ਨਾਲ ਹਮਲਾ ਹੋਇਆ।

ਅਮਰੀਕੀ ਸਿੱਖ ਕੌਕਸ ਕਮੇਟੀ ਦੇ ਡਾਇਰੈਕਟਰ ਹਰਪ੍ਰੀਤ ਸਿੰਘ ਸੰਧੂ ਨੇ ਕੈਂਸਨ ਚੂ ਨੂੰ ਸਿੱਖਾਂ ਦੀ ਪਹਿਚਾਣ ਤੇ ਸੁਰੱਖਿਆ ਨੂੰ ਯਕੀਨੀ ਬਣਾਉਣ ਦੀਆਂ ਮੰਗਾਂ ਬਾਰੇ ਜਾਣੂ ਕਰਵਾਇਆ। ਸਟੇਟ ਅਸੰਬਲੀ ਕੈਲੀਫੋਰਨੀਆ ਦੇ ਨੇਤਾ ਕੈਂਸਨ ਚੂ ਨੇ ਸਿੱਖਾਂ ਦੇ ਇਨ੍ਹਾਂ ਮਸਲਿਆਂ ਨੂੰ ਗੰਭੀਰਤਾ ਨਾਲ ਸੁਣਿਆ ਤੇ ਉਨ੍ਹਾਂ ਨੂੰ ਭਰੋਸਾ ਦਿਵਾਇਆ ਕਿ ਉਹ ਅਮਰੀਕਾ ਵਿਚ ਸਿੱਖਾਂ 'ਤੇ ਹੋ ਰਹੇ ਹਮਲਿਆਂ ਲਈ ਤੇ ਉਨ੍ਹਾਂ ਦੀ ਪਹਿਚਾਣ ਦੇ ਮਸਲਿਆਂ ਦੇ ਹੱਲ ਲਈ ਯਤਨ ਕਰਨਗੇ। ਉਹ ਮਨੁੱਖੀ ਅਧਿਕਾਰਾਂ ਅਤੇ ਸਿੱਖਾਂ ਦੀ ਸੁਰੱਖਿਆ ਲਈ ਕੰਮ ਕਰਨਗੇ ਤੇ ਉਨ੍ਹਾਂ ਦੀ ਆਵਾਜ਼ ਬਣਨਗੇ। ਇਸ ਮੀਟਿੰਗ ਵਿਚ ਅਮਰੀਕਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਸਮੇਤ ਕਈ ਸਿੱਖ ਸੰਸਥਾਵਾਂ ਸ਼ਾਮਲ ਹੋਈਆਂ। ਕਾਕਸ ਕਮੇਟੀ ਦੇ ਬੁਲਾਰੇ ਹਰਪਰੀਤ ਸਿੰਘ ਸੰਧੂ ਸਮੇਤ ਸਭ ਨੇ ਕੈਂਸਨ ਚੂ ਦਾ ਧੰਨਵਾਦ ਕਰਦਿਆਂ ਉਨ੍ਹਾਂ ਨੂੰ ਸਨਮਾਨਿਤ ਵੀ ਕੀਤਾ। ਇਹ ਮੀਟਿੰਗ ਏਜੀਪੀਸੀ ਦੇ ਕੋਆਰਡੀਨੇਟਰ ਡਾ: ਪ੍ਰਿਤਪਾਲ ਸਿੰਘ ਹੁਰਾਂ ਦੇ ਗ੍ਰਹਿ ਵਿਖੇ ਕੀਤੀ ਗਈ।







Partly sponsored by: DCA DEPARTMENT OF CULTURAL AFFAIRS City of Los Angeles

# INDIA ASSOCIATION OF LOS ANGELES

A Registered 501(c) 3 Non-profit Organization

19th Annual

San Fernando Valley Presents

# INDIA INDEPENDENCE DAY Celebration

**BIRMINGHAM HIGH SCHOOL** 17000 Haynes St, Van Nuys, CA 91406

Saturday, August 25th 2018 . 3:00 PM-10:00 PM

★ *FREE ADMISSION & AMPLE PARKING* ★

## CULTURAL SHOW

**5:30 PM - 10:00 PM**

*For Cultural show info. contact:*

| | |
|---|---|
| Kavita Puri: | 818-271-9690 |
| Manjeet Wahi: | 661-309-7543 |
| Nina Bawa: | 714-803-1751 |
| Aishveryaa Nidhi: | 747-238-1566 |
| Nalini Natarajan: | 818-987-6915 |

For more information please visit our website
www. IndiaAssociationLA.org
or call us at 818-600-1495

## GUESTS OF HONOR



Congressman Brad Sherman
U.S. Representative (30th District)



Eitan Weiss
Dy. Consul General, Israel



Swarna Gunaratne
Consul General, Sri Lanka

## FREE EYE CHECK UP

by Lions Club of Northridge
and
Tzu Chi Foundation

## BOOTHS

Discounted Booth Pricing Available for Limited Time

CONTACT

Pramesh Shah 310-597-2078

For Booklet Advertisement & Sponsorship contact

| | |
|---|---|
| Manmohan Chopra: | 818-335-8454 |
| Sunil Agrawal | 310-343-9471 |
| Raman Chadha | 818-458-5595 |
| Vinod Manchhani | 310-261-8816 |
| Bob Bawa | 626-705-2174 |
| Ravi Grewal | 310-748-1348 |
| Iqbal Samra | 818-219-3090 |

## FREE HEALTH FAIR (5pm-7pm)

**Attend the Celebrations and Consult with**

Physicians for health related problem
Blood sugar and blood pressure screening by nurses
Nutrition Educators/dietitians for preventing and managing cholesterol, diabetes, weight & other medical problem

For Health Fair, Contact: Deepi Singh 818-681-3337 • Dr. Bama Sridhar 818-437-1418

## GRAND SPONSOR

TURKISH AIRLINES

Media Partner TV ASIA

- ★ Jumpers for Kids
- ★ Food Booths With Delicious Indian Cuisine
- ★ Many Information Booths & Much Much More
- ★ Year's Biggest & Most Eagerly Awaited Family Event !
- ★ Traditional Indian Jewelry And Fashion Booths

## IALA Board of Directors

| | |
|---|---|
| Vinod Manchhani, *Chairman* | Raman Chadha |
| Inder Singh | Kumar Jawa |
| Vineet Puri | Sam Sidhu |
| Ranjit Joea | Bob Bawa |
| Satish Tomar | Ravi Grewal |
| Iqbal Samra | Jagdish Khangura |
| Suresh "Bobby" Sharma | Mukhtiar Kamboj |
| Ouseph Poulouse | |

## IALA 2017 Executive Committee

| | | | |
|---|---|---|---|
| President | Manmohan Chopra | Exec Vice President | Sunil Agrawal |
| Secretary | Aishveryaa Nidhi | Joint Secretary | Manjeet Wahi |
| Treasurer | Raj Thakkar | V.P. Finance | Kanaksinh Zala |
| VP Publicity | Ramesh Brahmarouthu | VP Cultural Affairs | Kavita Puri |
| VP Public Relations | Nalini Natarajan | VP Youth Affairs | Robin Paik |
| VP Health | Dr. Bama Sridhar | VP Health | Deepi Singh |
| Executive Member | Sunil Prabhakar | Executive Member | Pramesh Shah |
| Executive Member | Prem Seem | Executive Member | Hema Chopra |
| Executive Member | Yashpal Sharma | | |


First Punjabi Channel to go HD Worldwide
jus punjabi HD
IS NOW
HD
HIGH DEFINITION
Subscribe to the JUS Pack Today!
subscribe now
JUS Pack
has it all!
jus punjabi
JUS one
JUS 24X7
9X TASHAN
4 channels for only $14.99 on dish | sling
Call 1-888-246-6242 to Subscribe
For advertisement & more information call: +1-718-752-9290
www.jusbroadcasting.com


ਯੂਨਾਈਟਡ ਸਪੋਰਟਸ ਕਲੱਬ ਕੈਲੇਫੋਰਨੀਆਂ, ਅਮਰੀਕਾ
ਵਲੋਂ 14ਵਾਂ ਵਿਸ਼ਵ ਕਬੱਡੀ ਕੱਪ
ਮਿਤੀ 16 ਸਤੰਬਰ 2018
ਦਿਨ ਐਤਵਾਰ
(ਸਵੇਰ 9 ਤੋਂ ਸ਼ਾਮ 6 ਵਜੇ ਤੱਕ)
(James Logan High School 1800 H Street, Union City, California 94587) ਲੋਗਨ ਹਾਈ ਸਕੂਲ 1800 ਐਚ ਯੂਨੀਅਨ ਸਿਟੀ, ਕੈਲੀਫੋਰਨੀਆਂ 94587 ਦੀਆਂ ਗਰਾਊਂਡਾਂ ਵਿਚ ਕਰਵਾਇਆ ਜਾ ਰਿਹਾ ਹੈ
ਮੁੱਖ ਮਹਿਮਾਨ
ਸੰਤ ਸੇਵਾ ਸਿੰਘ
ਖਡੂਰ ਸਾਹਿਬ ਵਾਲੇ
Honor With Gold Medals
ਭਾਗ ਲੈਣ ਵਾਲੀਆਂ ਕਬੱਡੀ ਟੀਮਾਂ
1. ਸ਼ੇਰ-ਏ-ਪੰਜਾਬ ਸਪੋਰਟਸ ਕਲੱਬ, ਲਾਸ ਬੈਨਸ (ਲੱਛਰ ਭਰਾ)
2. ਰਾਇਲ ਕਿੰਗਜ਼ ਯੂ.ਐੱਸ.ਏ (ਸ਼ੌਂਕਾ ਬਿਆਤਾ)
3. ਮਿਡ ਵੈਸਟ ਕਬੱਡੀ ਟੀਮ (ਵਿੱਕੀ ਸੰਮੀਪੁਰੀਆ ਤੇ ਤਾਰੀ)
4. ਬੇ ਏਰੀਆ ਸਪੋਰਟਸ ਕਲੱਬ (ਬਲਜੀਤ ਸਿੰਘ ਸੰਧੂ)
5. ਕਨੇਡਾ ਕਬੱਡੀ ਟੀਮ (ਪੰਮਾ ਦਿਓਲ ਤੇ ਸੇਵਾ ਸਿੰਘ ਰੰਧਾਵਾ)
ਅੰਡਰ-25 ਉਮਰ ਵਰਗ ਦੀਆਂ ਕਬੱਡੀ ਟੀਮਾਂ
1. ਯੂਨਾਈਟਡ ਸਪੋਰਟਸ ਕਲੱਬ
2. ਯੂਬਾ ਬ੍ਰਦਰਜ਼
3. ਖਾਲਸਾ ਸਪੋਰਟਸ ਕਲੱਬ ਯੂਬਾ ਸਿਟੀ
4. ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਕਲੱਬ ਸੈਕਰਾਮੈਂਟੋ
ਐੱਸ ਅਸ਼ੋਕ ਭੌਰਾ
Phone: 510 415 3315,
Email: ashokbhaura@gmail.com
ਉਦਘਾਟਨ ਕਰਨ ਵਾਲੇ ਮਹਿਮਾਨ
ਸੁਰਜੀਤ ਸਿੰਘ ਟੁੱਟ
ਮਾਈਕ ਬੋਪਾਰਾਏ
ਜਸਪ੍ਰੀਤ ਸਿੰਘ ਅਟਵਾਲ
ਮੇਜਰ ਸਿੰਘ ਬੈਂਸ
ਪਹਿਲੇ ਇਨਾਮ ਦੇ ਸਪਾਂਸਰ
DIAMOND TRANSPORTATION
ਡਾਇਮੰਡ ਟਰੱਕਿੰਗ ਸਟਾਕਟਨ ਦੇ ਕੁਲਵਿੰਦਰ ਸਿੰਘ ਗਾਖਲ, ਨੇਕੀ ਅਟਵਾਲ 'ਤੇ ਪਿੰਕੀ ਅਟਵਾਲ
ਦੂਜੇ ਇਨਾਮ ਦੇ ਸਪਾਂਸਰ
ਸਹੋਤਾ ਪਰਿਵਾਰ ਦੇ ਜੁਗਰਾਜ ਸਿੰਘ ਸਹੋਤਾ 'ਤੇ ਨਰਿੰਦਰ ਸਿੰਘ ਸਹੋਤਾ
(ਪਿਤਾ ਸ. ਕਸ਼ਮੀਰ ਸਿੰਘ ਸਹੋਤਾ ਦੀ ਯਾਦ ਨੂੰ ਸਮਰਪਿਤ)
Sponsor of Under-25 First Prize
Sponsored byTakhar faimly in memory of late santokh s Takhar Apna punjab& Northern California club
TUTT BROTHERS, AMAN SINGH LAKHA SINGH ATL TRUCK LINE, JASPREET S ATORNY, GN TIRE & LUBE, RANA ATWAL, TIRATH S GAKHAL, PAMMA LUDHAR. SIKH PANCHYAT, SANTOKH S. JUDGE, BOB DHILLON. MANN INSURANCE BROKERS, SURINDER S. ATWAL, S. HARWINDER SINGH ATWAL. RANDHIR S. NIJJAR. JASWANT SINGH HOTHI, KASHMIR S DHOOT, SUNRISE TRUCKING, INDERJIT S THIND, BILLA SANGHERA, KULDEEP S. DHALIWAL, SUKHJIT S SANDHU. PARGAN SINGH. OCEAN TRANSPORT. INDIAN GOURMET, BHUPINDER S PARMAR , MANJIT SINGH, MEHNGA S. SARPANCH, AVTAR S BAINS. RAM SINGH, MANJINDER SANDHU, SURJIT SINGH BAINS, RAMA BHANDAL, CHARNJIT SINGH DHALIWAL, SARBJIT SINGH DHALIWAL. AMARITPAL S. DHILLON, BALIHAR SINGH SARPANCH
MIKE BOPARAI, TARLOCHAN S. LASHAR, KULWANT S. LASHAR, JASWINDER S. LASHAR, MANNY GREWAL, SAMEER S PANNU, RAJ BHANOT, BALJIT S. SAHOTA, AMARJIT S. SANGHA, MANGAL S. BHANDAL, KULWANT S. NIJJAR, SUKHDEV S. BANIWAL, PRITAM S. GREWAL, HARDEV S. TAKHAR, SUKHBIR S. NIJJAR, KULWANT S KHERA, SUKHWANT S KHERA, BAY STAR TRANSPORT, MEHFIL INDIAN RESTAURANT, SHAHID BHAGAT S CRICKET CLUB. GARRY S COMMISSIONER, RAM MURTI SAROYE, LAKHBIR S PATWARI, KARAN THIARA, AMRIK CHAND CPA, TIRATH S. SALH. PCA, DHANNA SINGH KABADI COACH, BALJINDER SINGH KLAIR, SUKHWANT SINGH KLAIR, BALRAJ SINGH. SARBJIT SABHI.
KINGS SPORTS CLUB, CENTRAL VALLEY SPORTS CLUB, SAN JOSE MELA CLUB, GURU INC. SAN JOSE, RSI INSURANCE, NATOMOUS LIQUOR. GURNAM SINGH. PUNJAB TENT HOUSE, JAGTAR SINGH, AVTAR S SRA, HARBHAJAN S GAKHAL. ALVARADO B P SERVICE. LACHHMAN S MANGAT, BILL BAINS CPA. MAJOR S GAKHAL, SOHAN S GAKHAL,JARNAIL S MANN,JASVIR S TAKHAR,SURINDER S DHANOA,SHANKAR SINGH,JASBIR S NAHAL,CAR WASH GILLROY,RANA KAHLON,BOMBY PIZZA CHICAGO PIZZA,SUCHA RAM BHARTA,SHASHI PAUL,HARWINDER S DHALIWAL,MAJOR S GILL,JACK RAM,PAUL RAM,SEWA SINGH,JASSI SHERGILL,MALAGHAR S KHERA,BITTU RAI,BALWINDER VIRK, JASWANT UPPAL, KULDEEP S MANN, JOGA SINGH, JASSI GILL, NACHHATTAR KHABRA, H.S. BHAJAN, CHARAN SINGH BHANDAL, KIRPAL SINGH ATWAL, JAGJIT SINGH, GURBAX SINGH DHILLON.
ਪੰਜਾਬੀਆਂ ਦੀ ਮਾਂ ਖੇਡ ਕਬੱਡੀ ਨੂੰ ਨੇੜਿਓਂ ਤੱਕਣ ਲਈ ਦਰਸ਼ਕ ਜੇਮਸ ਲੋਗਨ ਹਾਈ ਸਕੂਲ ਵਿਚ ਹੁੰਮ ਹੁਮਾ ਕੇ ਪਹੁੰਚਣ.ਕਬੱਡੀ ਦੇ ਕੌਮਾਂਤਰੀ ਨਿਯਮ ਲਾਗੂ ਹੋਣਗੇ, ਅੰਤਿਮ ਫੈਸਲਾ ਯੂਨਾਈਟਡ ਸਪੋਰਟਸ ਕਲੱਬ ਦਾ ਹੋਵੇਗਾ


Serving Around the World Community Since 1994
We Specialize to Asia, Europe, Middle East, Africa, Australia & etc.
Special fares to :
SFO TO DEL
LAX TO DEL
SERVICE
TRUST
SKYWAY TRAVEL
DOMESTIC and INTERNATIONAL
ਦੋ ਜਾਂ ਦੋ ਤੋਂ ਵੱਧ ਟਿਕਟਾਂ ਖਰੀਦਣ 'ਤੇ ਇਕ ਭਾਰ ਤੋਲਣ ਵਾਲੀ ਮਸ਼ੀਨ ਮੁਫ਼ਤ ਦਿੱਤੀ ਜਾਵੇਗੀ।
Special fares to
Amritsar
& Delhi
Cst No. : 2054876-40
Book on line 24/7 : www.skywaytkt.com
Or Call (818) 762-9236
15549 Devonshire St., Ste. 206 Mission Hills, CA 91345


SINGH TRANSPORT INC
ਓਕਲੈਂਡ ਪੋਰਟ, ਲਾਸ ਏਂਜਲਸ ਪੋਰਟ ਅਤੇ ਲੋਂਗ ਬੀਚ ਪੋਰਟ 'ਤੇ ਕੰਮ ਕਰਨ ਲਈ ਏ ਕਲਾਸ ਡਰਾਈਵਰਾਂ ਅਤੇ ਓਨਰ ਆਪ੍ਰੇਟਰਾਂ ਦੀ ਲੋੜ ਹੈ।
STUDENT DRIVER WELCOM
ਅਸੀਂ ਲਾਇਸੰਸ ਲੈਣ ਲਈ ਤੁਹਾਡੇ ਸਕੂਲ ਦਾ ਖਰਚਾ ਵੀ ਦਿੰਦੇ ਹਾਂ।
ਫਰਿਜ਼ਨੋ ਵੈਲੀ ਏਰੀਏ ਵਿਚੋਂ ਡਰਾਈਵਰਾਂ ਦੀ ਸਖ਼ਤ ਲੋੜ
• ਡ੍ਰਾਈ ਵੈਨ ਡਰਾਈਵਰਾਂ ਦੀ ਲੋੜ
• ਵਰਕ ਪਰਮਿਟ ਹੋਲਡਰ ਨਵੇਂ ਡਰਾਈਵਰਾਂ ਦਾ ਸਵਾਗਤ
• ਨਵੇਂ ਲਾਇਸੰਸ ਡਰਾਈਵਰਾਂ ਦਾ ਸਵਾਗਤ
• ਟ੍ਰੇਨਿੰਗ ਉਪਲਬੱਧ
• Double Endorsement ਵਾਲੇ ਡਰਾਈਵਰਾਂ ਦੀ ਲੋੜ ਹੈ।
• LA ਤੋਂ Bay Area-Sacramento-LA ਵਾਸਤੇ Hook Drop ਲੋਡ ਚੁੱਕੋ।
• ਅਸੀਂ ਡਰਾਈਵਰਾਂ ਨੂੰ 55 Cent ਤੱਕ per mile ਦਿੰਦੇ ਹਾਂ।
• ਸੋਮਵਾਰ ਤੋਂ ਸ਼ੁੱਕਰਵਾਰ ਪੰਜ ਦਿਨ ਕੰਮ ਕਰ ਕੇ ਮਹੀਨੇ ਦਾ ਡਾਲਰ $6000 ਕਮਾਓ।
• ਕੰਮ ਕਰਨ ਲਈ ਵਧੀਆ ਅਤੇ ਆਰਾਮਦਾਇਕ ਮਾਹੌਲ।
• ਅਸੀਂ ਪੋਰਟ 'ਤੇ ਸਭ ਤੋਂ ਜ਼ਿਆਦਾ ਪੈਸੇ ਦਿੰਦੇ ਹਾਂ।
• ਅਸੀਂ ਬੋਨਸ ਵੀ ਦਿੰਦੇ ਹਾਂ।
• ਰੋਜ਼ਾਨਾ ਸ਼ਾਮ ਨੂੰ ਘਰ ਜਾਓ।
ਟਰੱਕ ਰਿਪੇਅਰ ਮਕੈਨਿਕ ਦੀ ਲੋੜ
ਸੰਪਰਕ:
ਸਤਨਾਮ ਸਿੰਘ ਖਹਿਰਾ (510) 543-3778, ਜਗਤਾਰ ਸਿੰਘ (510) 918-2439, (510) 943-9578

# ਕੇਰਲਾ 'ਚ ਹੜ੍ਹਾਂ ਦੀ ਮਾਰ ਹੇਠ ਆਏ ਮੁਸਲਮਾਨ ਤੇ ਦਲਿਤ





- ਖਾਲਸਾ ਏਡ ਲੋਕਾਂ ਦੀ ਮਦਦ ਲਈ ਪਹੁੰਚੀ
- ਕੇਂਦਰ ਸਰਕਾਰ ਨੇ 500 ਕਰੋੜ ਰੁਪਏ ਸਹਾਇਤਾ ਦੇਣ ਦਾ ਕੀਤਾ ਐਲਾਨ
- ਸ਼੍ਰੋਮਣੀ ਕਮੇਟੀ ਨੇ ਵੀ ਕੇਰਲਾ ਦੇ ਲੋਕਾਂ ਲਈ ਰਾਹਤ ਭੇਜਣ ਦਾ ਐਲਾਨ
- ਪੰਜਾਬ ਸਰਕਾਰ ਵਲੋਂ 10 ਕਰੋੜ ਰੁਪਏ ਦੇਣ ਦਾ ਐਲਾਨ

**ਤਿਰੂਵਨੰਤਪੁਰਮ/ਬਿਊਰੋ ਨਿਊਜ਼ :** ਹੜ੍ਹਾਂ ਦੀ ਮਾਰ ਹੇਠ ਆਏ ਕੇਰਲਾ ਦੇ ਲੋਕਾਂ ਦੀ ਮਦਦ ਲਈ ਸਿੱਖ ਅੱਗੇ ਆਏ ਹਨ। ਬੇਘਰ ਤੇ ਬੇਸਹਾਰਾ ਹੋ ਚੁੱਕੇ ਲੋਕਾਂ ਨੂੰ ਖਾਣਾ ਤੇ ਆਸਰਾ ਦੇਣ ਲਈ ਖ਼ਾਲਸਾ ਏਡ ਨਾਂ ਦੀ ਸਿੱਖ ਜਥੇਬੰਦੀ ਨੇ ਇਥੇ ਪਹੁੰਚ ਕੀਤੀ ਹੈ। ਸਿੱਖਾਂ ਵੱਲੋਂ ਕੇਰਲਾ ਵਿਚ ਬੇਘਰ ਹੋਏ ਲੋਕਾਂ ਲਈ ਲੰਗਰ ਦੀ ਸੇਵਾ ਕੀਤੀ ਜਾ ਰਹੀ ਹੈ। ਜਥੇਬੰਦੀ ਦਾ ਕਹਿਣਾ ਹੈ ਕਿ ਭੁੱਖੇ ਲੋਕਾਂ ਨੂੰ ਖਾਣਾ ਦੇਣ ਲਈ ਥਾਂ-ਥਾਂ ਲੰਗਰ ਲਾਏ ਗਏ ਹਨ। ਇਸ ਤੋਂ ਇਲਾਵਾ ਪਾਣੀ ਵਿਚ ਫਸੇ ਲੋਕਾਂ ਤੱਕ ਵੀ ਪਹੁੰਚ ਕੀਤੀ ਜਾ ਰਹੀ ਹੈ। ਜ਼ਿਕਰਯੋਗ ਹੈ ਕਿ ਖ਼ਾਲਸਾ ਏਡ ਨਾਂ ਦੀ ਜਥੇਬੰਦੀ ਬਿਪਤਾ ਮਾਰੇ ਲੋਕਾਂ ਦੀ ਮਦਦ ਕਰਨ ਲਈ ਜਾਣੀ ਜਾਂਦੀ ਹੈ। ਇਹ ਜਥੇਬੰਦੀ ਵੱਖ ਵੱਖ ਦੇਸ਼ਾਂ ਵਿਚ ਬਿਪਤਾ ਵਿਚ ਘਿਰੇ ਲੋਕਾਂ ਦੀ ਮਦਦ ਲਈ ਪੁੱਜਦੀ ਹੈ। ਇਸ ਤੋਂ ਪਹਿਲਾਂ ਮੀਆਂਮਾਰ ਵਿਚ ਰੋਹਿੰਗੀਆਂ ਦੀ ਮਦਦ ਲਈ ਇਸ ਜਥੇਬੰਦੀ ਨੇ ਵੱਡੇ ਉਪਰਾਲੇ ਕੀਤੇ ਸਨ। ਇਸ ਤੋਂ ਇਲਾਵਾ ਖਾਨਾਜੰਗੀ ਦੇ ਸ਼ਿਕਾਰ ਹੋਏ ਸੀਰੀਆ ਦੇ ਲੋਕਾਂ ਦੀ ਮਦਦ ਲਈ ਇਸ ਜਥੇਬੰਦੀ ਨੇ ਪਹੁੰਚ ਕੀਤੀ ਸੀ। ਇਸ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਨੇ ਵੀ ਕੇਰਲਾ ਦੇ ਲੋਕਾਂ ਲਈ ਰਾਹਤ ਭੇਜਣ ਦਾ ਐਲਾਨ ਕੀਤਾ ਹੈ। ਦੱਸ ਦਈਏ ਕਿ ਕੇਰਲ ਵਿੱਚ 15 ਦਿਨਾਂ ਤੋਂ ਭਾਰੀ ਬਾਰਸ਼ ਤੇ ਹੜ੍ਹ ਦੇ ਚੱਲਦੇ ਹਾਲਾਤ ਬਦਤਰ ਬਣੇ ਹੋਏ ਹਨ। ਜ਼ਮੀਨ ਖਿਸਕ ਰਹੀ ਹੈ ਤੇ ਹੜ੍ਹ ਕਾਰਨ ਹੁਣ ਤੱਕ 450 ਲੋਕਾਂ ਦੀ ਮੌਤ ਹੋ ਚੁੱਕੀ ਹੈ। ਕਰੀਬ 3 ਲੱਖ ਲੋਕ ਬੇਘਰ ਦੱਸੇ ਜਾ ਰਹੇ ਹਨ। ਇਨ੍ਹਾਂ ਵਿਚ ਬਹੁਗਿਣਤੀ ਮੁਸਲਮਾਨਾਂ ਤੇ ਦਲਿਤਾਂ ਦੀ ਹੈ। ਐਨਡੀਆਰਐਫ. ਤੋਂ ਇਲਾਵਾ ਤਿੰਨੇ ਸੈਨਾਵਾਂ ਦੇ ਜਵਾਨਾਂ ਨੇ ਛੱਤਾਂ 'ਤੇ ਅਤੇ ਹੋਰਨਾਂ ਸਥਾਨਾਂ 'ਤੇ ਫਸੇ ਲੋਕਾਂ ਨੂੰ ਬਚਾਉਣ ਲਈ ਅਪਰੇਸ਼ਨ ਸ਼ੁਰੂ ਕੀਤਾ। ਮੁੱਖ ਮੰਤਰੀ ਪਿਨਾਰਾਈ ਵਿਜਯਨ ਨੇ ਕਿਹਾ ਕਿ ਲੱਗਪੱਗ 5 ਹਜ਼ਾਰ ਲੋਕਾਂ ਨੂੰ ਏਰਨਾਕੁਲਮ ਅਤੇ ਪਠਾਨਾਮਥਿਲਾ ਜ਼ਿਲ੍ਹਿਆਂ ਵਿਚੋਂ ਬਚਾਇਆ ਗਿਆ ਸੀ। ਬੱਚਿਆਂ, ਔਰਤਾਂ ਅਤੇ ਬਜ਼ੁਰਗਾਂ ਸਮੇਤ ਸੈਂਕੜੇ ਲੋਕਾਂ ਨੂੰ ਕਿਸ਼ਤੀਆਂ ਅਤੇ ਹੈਲੀਕਾਪਟਰਾਂ ਦੀ ਮਦਦ ਨਾਲ ਪਾਣੀ ਵਾਲੇ ਸਥਾਨਾਂ ਵਿਚੋਂ ਕੱਢ ਕੇ ਸੁਰੱਖਿਅਤ ਸਥਾਨਾਂ 'ਤੇ ਪਹੁੰਚਾਇਆ ਗਿਆ।

ਮੁੱਖ ਮੰਤਰੀ ਨੇ ਕਿਹਾ ਕਿ ਹਾਲਾਤ ਖ਼ਰਾਬ ਹੋ ਰਹੇ ਹਨ, 1 ਲੱਖ ਤੋਂ ਜ਼ਿਆਦਾ ਪਰਿਵਾਰਾਂ ਦੇ 2.23 ਲੱਖ ਲੋਕਾਂ ਨੇ ਰਾਹਤ ਕੈਂਪਾਂ ਵਿਚ ਸ਼ਰਨ ਲਈ ਹੋਈ ਹੈ। ਕੈਂਪਾਂ ਵਿਚ ਲੋਕਾਂ ਨੇ ਭੋਜਨ ਅਤੇ ਪੀਣ ਵਾਲੇ ਪਾਣੀ ਦੀ ਕਮੀ ਦੀ ਸ਼ਿਕਾਇਤ ਕੀਤੀ। ਸੂਬੇ ਦੇ ਕਈ ਇਲਾਕੇ ਸੜਕਾਂ ਟੁੱਟਣ ਜਾਂ ਬੰਦ ਹੋਣ ਕਾਰਨ ਦੇਸ਼ ਦੇ ਹੋਰਨਾਂ ਹਿੱਸਿਆਂ ਨਾਲੋਂ ਕੱਟ ਗਏ ਹਨ। ਕਰੀਬ 2 ਲੱਖ 23 ਹਜ਼ਾਰ ਲੋਕਾਂ ਨੂੰ 1500 ਰਾਹਤ ਕੈਂਪਾਂ ਵਿੱਚ ਪਹੁੰਚਾਇਆ ਗਿਆ ਹੈ।

**ਕੇਂਦਰ ਤੇ ਰਾਜ ਸਰਕਾਰਾਂ ਵਲੋਂ ਸਹਾਇਤਾ :** ਕੇਂਦਰ ਸਰਕਾਰ ਵੱਲੋਂ ਹੜ੍ਹ ਪ੍ਰਭਾਵਿਤ ਕੇਰਲਾ ਸੂਬੇ ਨੂੰ 500 ਕਰੋੜ ਰੁਪਏ ਦੀ ਸਹਾਇਤਾ ਰਾਸ਼ੀ ਦੇਣ ਦਾ ਐਲਾਨ ਕੀਤਾ। ਸਰਕਾਰ ਨੇ 100 ਕਰੋੜ ਰੁਪਏ ਦੀ ਸਹਾਇਤਾ ਰਾਸ਼ੀ ਪਹਿਲਾਂ ਹੀ ਦੇ ਚੁੱਕੀ ਹੈ। ਇਸ ਦੇ ਨਾਲ ਹੀ ਪ੍ਰਧਾਨ ਮੰਤਰੀ ਮੋਦੀ ਨੇ ਪ੍ਰਧਾਨ ਮੰਤਰੀ ਕੌਮੀ ਰਾਹਤ ਫੰਡ ਵਿਚੋਂ ਸੂਬੇ ਵਿਚ ਹੜ੍ਹ ਕਾਰਨ ਮਾਰੇ ਗਏ ਲੋਕਾਂ ਦੀ ਪਰਿਵਾਰਾਂ ਨੂੰ ਦੋ ਲੱਖ ਰੁਪਏ ਅਤੇ ਜ਼ਖ਼ਮੀਆਂ ਨੂੰ 50 ਹਜ਼ਾਰ ਰੁਪਏ ਦੇ ਮੁਆਵਜ਼ੇ ਦਾ ਐਲਾਨ ਵੀ ਕੀਤਾ।

ਪ੍ਰਧਾਨ ਮੰਤਰੀ ਨੇ ਰਾਜਪਾਲ, ਮੁੱਖ ਮੰਤਰੀ ਅਤੇ ਰਾਜ ਦੇ ਉਚ ਅਧਿਕਾਰੀਆਂ ਨਾਲ ਜਾਇਜ਼ਾ ਵੀ ਲਿਆ। ਮੁੱਖ ਮੰਤਰੀ ਵਿਜਯਨ ਨੇ ਪ੍ਰਧਾਨ ਮੰਤਰੀ ਨੂੰ ਦੱਸਿਆ ਕਿ ਹੜ੍ਹਾਂ ਕਾਰਨ 20000 ਕਰੋੜ ਰੁਪਏ ਦਾ ਨੁਕਸਾਨ ਹੋਇਆ ਹੈ ਤੇ ਉਨ੍ਹਾਂ ਕੇਂਦਰ ਤੋਂ 2000 ਕਰੋੜ ਰੁਪਏ ਤੋਂ ਫੌਰੀ ਮਦਦ ਦੀ ਮੰਗ ਕੀਤੀ।

ਸੰਯੁਕਤ ਰਾਸ਼ਟਰ ਦੇ ਮੁਖੀ ਅੰਤੋਨੀਓ ਗੁਟੇਰੇਜ਼ ਨੇ ਵੀ ਕੇਰਲਾ ਵਿੱਚ ਹੜ੍ਹਾਂ ਕਾਰਨ ਹੋਈ ਤਬਾਹੀ 'ਤੇ ਗਹਿਰਾ ਦੁੱਖ ਪ੍ਰਗਟ ਕੀਤਾ ਹੈ। ਉੱਤਰ ਪ੍ਰਦੇਸ਼ ਸਰਕਾਰ ਵੱਲੋਂ ਕੇਰਲਾ ਲਈ 15 ਕਰੋੜ ਸਹਾਇਤਾ ਦਾ ਐਲਾਨ ਕੀਤਾ ਗਿਆ ਹੈ। ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਹੜ੍ਹ ਪ੍ਰਭਾਵਿਤ ਕੇਰਲਾ ਲਈ 10 ਕਰੋੜ ਰੁਪਏ ਰਾਹਤ ਰਾਸ਼ੀ ਦੇਣ ਦਾ ਐਲਾਨ ਕੀਤਾ। ਮਹਾਰਾਸ਼ਟਰ ਨੇ 20 ਕਰੋੜ ਰੁਪਏ ਅਤੇ ਹਰਿਆਣਾ, ਗੁਜਰਾਤ ਬਿਹਾਰ ਅਤੇ ਝਾਰਖੰਡ ਨੇ ਵੀ ਦਸ-ਦਸ ਕਰੋੜ ਰੁਪਏ ਦੀ ਮਦਦ ਦਾ ਐਲਾਨ ਕੀਤਾ ਹੈ। ਜੰਮੂ ਕਸ਼ਮੀਰ ਦੇ ਵਿਧਾਇਕ ਤੇ ਨੈਸ਼ਨਲ ਕਾਨਫਰੰਸ ਦੇ ਪ੍ਰਧਾਨ ਉਮਰ ਅਬਦੁੱਲਾ ਨੇ ਹੜ੍ਹ ਪੀੜਤਾਂ ਲਈ ਇਕ ਮਹੀਨੇ ਦੀ ਤਨਖ਼ਾਹ ਦੇਣ ਦਾ ਐਲਾਨ ਕੀਤਾ।

ਪੰਜਾਬ ਨੇ ਹੜ੍ਹ ਪ੍ਰਭਾਵਿਤ ਸੂਬੇ ਕੇਰਲ ਦਾ ਪੱਲਾ ਫੜਿਆ ਹੈ। ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੇਰਲ ਲਈ 10 ਕਰੋੜ ਰੁਪਏ ਫੌਰਨ ਮਦਦ ਦੇਣ ਦਾ ਐਲਾਨ ਕੀਤਾ ਹੈ।

## ਖ਼ਾਲਿਸਤਾਨ ਦੀ ਹਮਾਇਤ ਦੇ ਮੁੱਦੇ 'ਤੇ ਇੰਗਲੈਂਡ ਨੇ ਗੋਲਮੋਲ ਗੱਲਾਂ ਕੀਤੀਆਂ

**ਲੰਡਨ/ਬਿਊਰੋ ਨਿਊਜ਼,** ਬ੍ਰਿਟੇਨ ਸਰਕਾਰ ਨੇ ਪਿਛਲੇ ਹਫ਼ਤੇ ਲੰਡਨ ਦੇ ਟ੍ਰੈਫਾਲਗਰ ਸਕੁਏਰ ਵਿਚ ਗਰਮਖਿਆਲੀ ਸਿੱਖ ਧਿਰਾਂ ਵੱਲੋਂ ਕਰਵਾਈ ਖ਼ਾਲਿਸਤਾਨ ਪੱਖੀ ਰੈਲੀ ਦੇ ਮੁੱਦੇ ਦੀ ਸਿੱਧੀ ਹਮਾਇਤ ਨਾਲੋਂ ਖ਼ੁਦ ਨੂੰ ਵੱਖ ਕਰ ਲਿਆ ਹੈ। ਸਿੱਖਜ਼ ਫਾਰ ਜਸਟਿਸ ਵੱਲੋਂ 12 ਅਗਸਤ ਨੂੰ ਕਰਵਾਈ 'ਰੈਫਰੰਡਮ 2020 ਲਈ ਲੰਡਨ ਅਹਿਦਨਾਮਾ' ਰੈਲੀ ਤੋਂ ਪਹਿਲਾਂ ਭਾਰਤ ਨੇ ਬ੍ਰਿਟੇਨ ਸਰਕਾਰ ਨੂੰ ਖ਼ਬਰਦਾਰ ਕੀਤਾ ਸੀ ਕਿ ਹਿੰਸਾ, ਵੱਖਵਾਦ ਤੇ ਨਫ਼ਰਤ ਦਾ ਪ੍ਰਚਾਰ ਕਰਨ ਵਾਲੇ ਗਰੁੱਪਾਂ ਨੂੰ ਪ੍ਰਦਰਸ਼ਨ ਦੀ ਖੁੱਲ੍ਹ ਦੇਣ ਤੋਂ ਪਹਿਲਾਂ ਦੁਵੱਲੇ ਸਬੰਧਾਂ ਬਾਰੇ ਸੋਚ ਲੈਣਾ ਚਾਹੀਦਾ ਹੈ। ਯੂਕੇ ਸਰਕਾਰ ਦੇ ਇਕ ਸੂਤਰ ਨੇ ਦੱਸਿਆ " ਹਾਲਾਂਕਿ ਅਸੀਂ ਪ੍ਰਦਰਸ਼ਨ ਦੀ ਆਗਿਆ ਦਿੱਤੀ ਸੀ ਪਰ ਇਸ ਨੂੰ ਕਿਸੇ ਦੇ ਹੱਕ ਜਾਂ ਵਿਰੋਧ ਵਿੱਚ ਖੜੋਣ ਵਜੋਂ ਨਹੀਂ ਲਿਆ ਜਾਣਾ ਚਾਹੀਦਾ। ਅਸੀਂ ਇਸ ਪੱਖੋਂ ਸਪਸ਼ਟ ਹਾਂ ਕਿ ਇਹ ਲੋਕਾਂ ਤੇ ਭਾਰਤ ਸਰਕਾਰ ਵਿਚਕਾਰ ਸਬੰਧਾਂ ਦਾ ਸਵਾਲ ਹੈ। " ਇਸ ਤੋਂ ਪਹਿਲਾਂ ਐਸਐਫਜੇ ਨੇ ਯੂਕੇ ਫੌਰੇਨ ਐਂਡ ਕਾਮਨਵੈਲਥ ਆਫਿਸ ਐਫਸੀਓ ਨੂੰ ਪੱਤਰ ਲਿਖ ਕੇ 'ਸਿੱਖਾਂ ਦੇ ਜਨਮਤ ਸੰਗ੍ਰਹਿ ਦੀ ਮੁਹਿੰਮ' ਬਾਰੇ ਚਰਚਾ ਕਰਨ ਲਈ ਸਮਾਂ ਮੰਗਿਆ ਸੀ। ਐਫਸੀਓ ਨੇ ਕਿਹਾ ਕਿ ਉਹ ਸਾਰੀਆਂ ਸਬੰਧਤ ਧਿਰਾਂ ਨੂੰ ਕਿਸੇ ਵੀ ਤਰ੍ਹਾਂ ਦੇ ਮਤਭੇਦ ਗੱਲਬਾਤ ਰਾਹੀਂ ਸੁਲਝਾਉਣ ਲਈ ਹੱਲਾਸ਼ੇਰੀ ਦਿੰਦੀ ਹੈ। ਐਫਸੀਓ ਵੱਲੋਂ ਜਾਰੀ ਕੀਤੇ ਗਏ ਇਕ ਪੱਤਰ ਵਿੱਚ ਕਿਹਾ ਗਿਆ ਹੈ ਕਿ ਯੂਕੇ ਨੂੰ ਲੰਮੇ ਅਰਸੇ ਤੋਂ ਚਲੀ ਆ ਰਹੀ ਪਰੰਪਰਾ 'ਤੇ ਮਾਣ ਹੈ ਕਿ ਇਸ ਮੁਲਕ ਦੇ ਲੋਕ ਇਕੱਠੇ ਹੋ ਕੇ ਆਪਣੇ ਵਿਚਾਰ ਪ੍ਰਗਟਾ ਸਕਦੇ ਹਨ। ਇਸ ਵਿੱਚ ਕਿਹਾ ਗਿਆ " ਬ੍ਰਿਟੇਨ ਸਰਕਾਰ 1984 ਵਿੱਚ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਤੇ ਹੋਰਨੀਂ ਥਾਈਂ ਹੋਈਆਂ ਘਟਨਾਵਾਂ ਬਾਰੇ ਸਿੱਖ ਭਾਵਨਾਵਾਂ ਨੂੰ ਚੰਗੀ ਤਰ੍ਹਾਂ ਸਮਝਦੀ ਹੈ। ਅਸੀਂ ਸਾਰੇ ਰਾਜਾਂ ਨੂੰ ਇਸ ਗੱਲ ਵਾਸਤੇ ਹੱਲਾਸ਼ੇਰੀ ਦਿੰਦੇ ਹਾਂ ਕਿ ਉਹ ਇਹ ਯਕੀਨੀ ਬਣਾਉਣ ਕਿ ਉਨ੍ਹਾਂ ਦੇ ਘਰੇਲੂ ਕਾਨੂੰਨਾਂ ਨੂੰ ਕੌਮਾਂਤਰੀ ਮਨੁੱਖੀ ਅਧਿਕਾਰਾਂ 'ਤੇ ਪੂਰੇ ਉਤਰਨ। " ਦੂਜੇ ਪਾਸੇ ਸਿੱਖਜ਼ ਫਾਰ ਜਸਟਿਸ ਦੇ ਕਾਨੂੰਨੀ ਸਲਾਹਕਾਰ ਗੁਰਪਤਵੰਤ ਸਿੰਘ ਪੰਨੂ ਨੇ ਕਿਹਾ " ਖਾਲਿਸਤਾਨ ਦੇ ਹੱਕ ਵਿੱਚ ਹੋਈ ਰੈਲੀ ਬਾਰੇ ਯੂਕੇ ਦੇ ਵਿਦੇਸ਼ ਮੰਤਰਾਲੇ ਦਾ ਹੁੰਗਾਰਾ ਬਹੁਤ ਹੀ ਉਤਸ਼ਾਹਪੂਰਨ ਹੈ ਅਤੇ ਅਸੀਂ ਰਾਇਸ਼ੁਮਾਰੀ ਲਈ ਸਿੱਖਾਂ ਦੇ ਹੱਕ ਦੇ ਮੁੱਦੇ 'ਤੇ ਵਿਦੇਸ਼ੀ ਸਰਕਾਰਾਂ ਨਾਲ ਰਾਬਤਾ ਜਾਰੀ ਰੱਖਾਂਗੇ ਤੇ ਮੰਗ ਕਰਦੇ ਰਹਾਂਗੇ ਕਿ ਪੰਜਾਬ ਦੇ ਰੁਤਬੇ ਨੂੰ ਤੈਅ ਕਰਨ ਲਈ ਰਾਇਸ਼ੁਮਾਰੀ ਕਰਵਾਈ ਜਾਵੇ। "

## ਕਰਨਾਲ ਵਿਚ ਮੰਦਰ ਦੇ ਪੰਜ ਪੁਜਾਰੀਆਂ ਦੀ ਜੀਭ ਕੱਟੀ, ਦੋ ਦੀ ਮੌਤ

**ਕਰਨਾਲ/ਬਿਊਰੋ ਨਿਊਜ਼ :** ਕਰਨਾਲ ਦੇ ਗੋਵਿੰਦ ਧਾਮ ਮੰਦਰ ਵਿਚ 2 ਮਹੰਤਾਂ ਦੀ ਲਾਸ਼ ਮਿਲਣ ਨਾਲ ਸਨਸਨੀ ਫੈਲ ਗਈ। ਮੰਦਰ ਦੇ ਬਾਹਰ ਲੋਕਾਂ ਦੀ ਭੀੜ ਇਕੱਠੀ ਹੋ ਗਈ। ਮੌਕਾ-ਏ-ਵਾਰਦਾਤ 'ਤੇ ਪੁੱਜੀ ਪੁਲਸ ਨੂੰ ਇੱਥੇ ਦੋ ਲੋਕ ਅਜਿਹੇ ਵੀ ਮਿਲੇ, ਜਿਨ੍ਹਾਂ ਦੀ ਜੀਭ ਕੱਟੀ ਹੋਈ ਸੀ ਜਦਕਿ ਤਿੰਨ ਪੁਜਾਰੀ ਅਜਿਹੇ ਮਿਲੇ, ਜਿਨ੍ਹਾਂ ਦੇ ਹੱਥੇ ਪੈਰ ਬੰਨ੍ਹੇ ਹੋਏ ਸਨ। ਗੰਭੀਰ ਰੂਪ ਨਾਲ ਜ਼ਖ਼ਮੀ ਤਿੰਨਾਂ ਨੂੰ ਹਸਪਤਾਲ ਵਿਚ ਭਰਤੀ ਕਰਵਾਇਆ ਗਿਆ ਹੈ। ਮੰਦਰ ਵਿਚ ਸ਼ਰਾਬ ਦੀ ਪੇਟੀ ਅਤੇ ਬੋਤਲਾਂ ਵੀ ਮਿਲੀਆਂ ਹਨ। ਕਾਫੀ ਇਤਰਾਜ਼ਯੋਗ ਸਮਾਨ ਵੀ ਬਰਾਮਦ ਹੋਇਆ ਹੈ। ਪੁਲਸ ਮਾਮਲੇ ਦੀ ਜਾਂਚ ਕਰ ਰਹੀ ਹੈ। ਘਟਨਾ ਦਾ ਪਤਾ ਉਸ ਸਮੇਂ ਲੱਗਾ ਜਦੋਂ ਪਿੰਡ ਦਾ ਇਕ ਪਰਿਵਾਰ ਸਵੇਰ ਖੇਤਾਂ ਵਿਚ ਕੰਮ ਕਰਨ ਜਾਣ ਤੋਂ ਪਹਿਲਾਂ ਮੱਥਾ ਟੇਕਣ ਲਈ ਮੰਦਰ ਵਿਚ ਆਇਆ। ਪਰਿਵਾਰ ਦੀਆਂ ਔਰਤਾਂ ਅਤੇ ਬਜ਼ੁਰਗ ਮੰਦਰ ਵਿਚ ਮੱਥਾ ਟੇਕਣ ਪੁੱਜੇ ਤਾਂ ਬਾਹਰ ਤਾਲਾ ਲੱਗਾ ਸੀ। ਅੰਦਰ ਦੇਖਣ 'ਤੇ ਲੋਕਾਂ ਦੇ ਚੀਖਣ ਦੀ ਆਵਾਜ਼ ਆਈ। ਉਨ੍ਹਾਂ ਨੇ ਆਸਪਾਸ ਦੇ ਲੋਕਾਂ ਨੂੰ ਇਸ ਦੀ ਜਾਣਕਾਰੀ ਦਿੱਤੀ ਤਾਂ ਇਹ ਕਾਂਡ ਵਾਪਰਨ ਦਾ ਪਤਾ ਲੱਗਾ।

# ਬੇਅਦਬੀ ਕਾਂਡ : ਗਿਆਨੀ ਗੁਰਮੁਖ ਸਿੰਘ ਦਾ ਭਰਾ ਬਿਆਨਾਂ ਤੋਂ ਮੁੱਕਰਿਆ

**ਚੰਡੀਗੜ੍ਹ/ਬਿਊਰੋ ਨਿਊਜ਼ :** ਬਾਦਲਾਂ ਦੀ ਸੁੱਟੀ ਗਈ 'ਬੋਟੀ' ਕੰਮ ਕਰ ਗਈ ਹੈ ਤੇ ਪੰਥ ਦੇ ਨਾਂ ਉਤੇ "ਪੁਰੋਹਿਤੀ" ਕਰਨ ਵਾਲੇ ਇਕ ਹੋਰ "ਪੁਜਾਰੀ" ਦਾ ਭਰਾ ਬੇਅਦਬੀ ਕਾਂਡ ਬਾਰੇ ਜਾਂਚ ਕਰ ਰਹੇ ਸਰਕਾਰੀ ਕਮਿਸ਼ਨ ਨੂੰ ਦਿੱਤੀ ਆਪਣੀ ਗਵਾਹੀ ਤੋਂ ਬਦਲ ਗਿਆ ਹੈ। ਜਸਟਿਸ ਰਣਜੀਤ ਸਿੰਘ ਕਮਿਸ਼ਨ ਰਿਪੋਰਟ ਦਾ ਅਹਿਮ ਗਵਾਹ ਅਤੇ ਅਕਾਲ ਤਖ਼ਤ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਗੁਰਮੁਖ ਸਿੰਘ ਦਾ ਭਰਾ ਹਿੰਮਤ ਸਿੰਘ ਕਮਿਸ਼ਨ ਨੂੰ ਦਿੱਤੇ ਗਏ ਬਿਆਨ ਤੋਂ ਪਾਸਾ ਵੱਟ ਗਿਆ ਹੈ। ਬੇਅਦਬੀ ਕਾਂਡ ਨਾਲ ਸਬੰਧਤ ਰਿਪੋਰਟ ਨੂੰ ਪੰਜਾਬ ਵਿਧਾਨ ਸਭਾ 'ਚ ਪੇਸ਼ ਕੀਤੇ ਜਾਣ ਤੋਂ ਪਹਿਲਾਂ ਹਿੰਮਤ ਸਿੰਘ ਨੇ ਜਸਟਿਸ (ਸੇਵਾਮੁਕਤ) ਰਣਜੀਤ ਸਿੰਘ ਅਤੇ ਪੰਜਾਬ ਦੇ ਜੇਲ੍ਹਾਂ ਬਾਰੇ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ 'ਤੇ ਦੋਸ਼ ਲਗਾਏ ਕਿ ਉਨ੍ਹਾਂ ਨੇ ਜਬਰੀ ਉਸ ਤੋਂ ਦਸਤਾਵੇਜ਼ਾਂ 'ਤੇ ਦਸਤਖ਼ਤ ਕਰਵਾਏ। ਉਸ ਨੇ ਪਹਿਲਾਂ ਆਖਿਆ ਸੀ ਕਿ ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਪ੍ਰਕਾਸ਼ ਸਿੰਘ ਬਾਦਲ ਅਤੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਉਸ (ਹਿੰਮਤ ਸਿੰਘ) ਦੇ ਭਰਾ ਗਿਆਨੀ ਗੁਰਮੁਖ ਸਿੰਘ (ਤਤਕਾਲੀ ਜਥੇਦਾਰ ਤਖ਼ਤ ਦਮਦਮਾ ਸਾਹਿਬ) ਅਤੇ ਹੋਰ ਜਥੇਦਾਰਾਂ 'ਤੇ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਮੁਆਫ਼ ਕਰਨ ਦਾ ਦਬਾਅ ਪਾਇਆ ਸੀ। ਉਧਰ ਜਸਟਿਸ ਰਣਜੀਤ ਸਿੰਘ ਅਤੇ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਦੋਸ਼ਾਂ ਨੂੰ ਨਕਾਰਿਆ ਹੈ। ਜ਼ਿਕਰਯੋਗ ਹੈ ਕਿ ਹਿੰਮਤ ਸਿੰਘ ਦੇ ਭਰਾ ਗਿਆਨੀ ਗੁਰਮੁਖ ਸਿੰਘ ਵੱਲੋਂ ਸੁਖਬੀਰ ਸਿੰਘ ਬਾਦਲ 'ਤੇ ਡੇਰਾ ਮੁਖੀ ਨੂੰ ਮੁਆਫ਼ੀ ਦਿਵਾਉਣ 'ਚ ਭੂਮਿਕਾ ਦੇ ਦੋਸ਼ ਲਾਏ ਜਾਣ ਮਗਰੋਂ ਉਨ੍ਹਾਂ ਨੂੰ ਸ਼੍ਰੋਮਣੀ ਕਮੇਟੀ ਨੇ ਪਿਛਲੇ ਸਾਲ ਅਪਰੈਲ 'ਚ ਤਖ਼ਤ ਦਮਦਮਾ ਸਾਹਿਬ ਦੇ ਜਥੇਦਾਰ ਦੇ ਅਹੁਦੇ ਤੋਂ ਹਟਾ ਕੇ ਜੀਂਦ ਦੇ ਗੁਰਦੁਆਰੇ 'ਚ ਤਬਦੀਲ ਕਰ ਦਿੱਤਾ ਸੀ। ਹੁਣ ਅਚਾਨਕ ਲੰਘੀ 3 ਅਗਸਤ ਨੂੰ ਗਿਆਨੀ ਗੁਰਮੁਖ ਸਿੰਘ ਨੂੰ ਅਕਾਲ ਤਖ਼ਤ ਸਾਹਿਬ ਦਾ ਹੈੱਡ ਗ੍ਰੰਥੀ ਨਿਯੁਕਤ ਕੀਤਾ ਗਿਆ ਹੈ। ਹਿੰਮਤ ਸਿੰਘ ਨੇ ਕਿਹਾ ਕਿ ਉਸ ਨੂੰ ਮੰਤਰੀ ਰੰਧਾਵਾ ਤੋਂ ਸਰੀਰਕ ਨੁਕਸਾਨ ਦਾ ਖਦਸ਼ਾ ਹੋਣ ਕਰਕੇ ਉਹ ਛੁਪਿਆ ਹੋਇਆ ਸੀ। ਉਸ ਨੇ ਦੋਸ਼ ਲਗਾਏ ਕਿ ਬਿਆਨ ਪੜ੍ਹਨ ਤਕ ਦੀ ਇਜਾਜ਼ਤ ਨਹੀਂ ਦਿੱਤੀ ਗਈ। 'ਬਿਆਨ ਅੰਗਰੇਜ਼ੀ ਅਤੇ ਪੰਜਾਬੀ 'ਚ ਸਨ। ਮੈਂ ਅੰਗਰੇਜ਼ੀ ਨਹੀਂ ਪੜ੍ਹ ਸਕਦਾ ਅਤੇ ਪੰਜਾਬੀ ਵਾਲਾ ਬਿਆਨ ਮੈਨੂੰ ਦਿਖਾਇਆ ਹੀ ਨਹੀਂ ਗਿਆ। ਹਿੰਮਤ ਸਿੰਘ ਨੇ ਕਿਹਾ ਕਿ ਰਿਪੋਰਟ 'ਚ ਆਖਿਆ ਗਿਆ ਹੈ ਕਿ ਉਹ ਸਤੰਬਰ 2015 'ਚ ਬਾਦਲਾਂ ਵੱਲੋਂ ਮੁੱਖ ਮੰਤਰੀ ਦੀ ਰਿਹਾਇਸ਼ 'ਤੇ ਤਲਬ ਕੀਤੇ ਗਏ ਸਿੰਘ ਸਾਹਿਬਾਨ ਨਾਲ ਮੌਜੂਦ ਸੀ। ਉਸ ਮੁਤਾਬਕ ਕਮਿਸ਼ਨ ਦੀ ਰਿਪੋਰਟ 'ਚ ਉਸ ਦਾ ਨਾਮ ਗਵਾਹ ਵਜੋਂ ਦਰਸਾਇਆ ਗਿਆ ਹੈ ਜੋ 16 ਸਤੰਬਰ 2015 ਨੂੰ ਮੁੱਖ ਮੰਤਰੀ ਦੀ ਰਿਹਾਇਸ਼ 'ਤੇ ਮੌਜੂਦ ਸੀ ਜਿਥੇ ਸਾਬਕਾ ਮੰਤਰੀ ਡਾਕਟਰ ਦਲਜੀਤ ਸਿੰਘ ਚੀਮਾ ਨੇ ਬਾਦਲਾਂ ਦੇ ਆਖਣ 'ਤੇ ਪੱਤਰ ਪੜ੍ਹਿਆ ਜਿਸ 'ਚ ਕਿਹਾ ਗਿਆ ਕਿ ਗੁਰਮੀਤ ਰਾਮ ਰਹੀਮ ਨੇ ਗੁਰੂ ਗੋਬਿੰਦ ਸਿੰਘ ਦਾ ਸਵਾਂਗ ਰਚਣ ਦੇ ਮਾਮਲੇ 'ਚ ਮੁਆਫ਼ੀ ਮੰਗੀ ਹੈ ਅਤੇ ਸਾਰੇ ਜਥੇਦਾਰਾਂ ਵੱਲੋਂ ਡੇਰਾ ਮੁਖੀ ਦੇ ਸਮਾਜਿਕ ਬਾਈਕਾਟ ਦੇ ਜਾਰੀ ਹੁਕਮਨਾਮੇ ਨੂੰ ਵਾਪਸ ਲਿਆ ਜਾਵੇ।

ਸੂਤਰਾਂ ਨੇ ਕਿਹਾ ਕਿ ਹਿੰਮਤ ਸਿੰਘ ਨੇ ਕਮਿਸ਼ਨ ਨੂੰ ਦੱਸਿਆ ਸੀ ਕਿ ਸੁਖਬੀਰ ਸਿੰਘ ਬਾਦਲ ਉਸ ਦੇ ਫੋਨ ਰਾਹੀਂ ਭਰਾ ਗਿਆਨੀ ਗੁਰਮੁਖ ਸਿੰਘ ਨਾਲ ਗੱਲਬਾਤ ਕਰਕੇ ਉਨ੍ਹਾਂ ਨੂੰ ਹੁਕਮਨਾਮਾ ਵਾਪਸ ਲੈਣ ਲਈ ਦਬਾਅ ਪਾ ਰਹੇ ਸਨ। ਹਿੰਮਤ ਸਿੰਘ ਨੇ ਕਿਹਾ,"ਮੈਨੂੰ ਬਿਆਨ ਬਾਰੇ ਅਖ਼ਬਾਰਾਂ 'ਚ ਪੜ੍ਹਨ ਮਗਰੋਂ ਪਤਾ ਲੱਗਿਆ ਪਰ ਮੈਂ ਉਸ ਤਰੀਕ ਨੂੰ ਨਾ ਤਾਂ ਬਾਦਲਾਂ ਨੂੰ ਮਿਲਣ ਗਿਆ ਅਤੇ ਨਾ ਹੀ ਸ਼੍ਰੋਮਣੀ ਕਮੇਟੀ ਦੇ ਦਫ਼ਤਰ 'ਚ ਗਿਆ। ਮੇਰੇ 'ਤੇ ਰੰਧਾਵਾ ਨੇ ਚੰਡੀਗੜ੍ਹ ਆਉਣ ਅਤੇ 11 ਦਸੰਬਰ 2017 ਨੂੰ ਆਧਾਰਹੀਣ ਬਿਆਨਾਂ 'ਤੇ ਦਸਤਖ਼ਤ ਕਰਨ ਲਈ ਦਬਾਅ ਬਣਾਇਆ ਜਿਸ ਮਗਰੋਂ ਮੈਂ ਪਿਛਲੇ ਸਾਲ ਅਕਤੂਬਰ 'ਚ ਗ੍ਰੰਥੀ ਦੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਸੀ। ਜਸਟਿਸ ਰਣਜੀਤ ਸਿੰਘ ਨੇ ਵੀ ਮੈਨੂੰ ਆਖਿਆ ਕਿ ਮੈਂ ਦਸਤਖ਼ਤ ਕੀਤੇ ਬਿਆਨ ਦਾ ਖ਼ੁਲਾਸਾ ਨਾ ਕਰਾਂ ਅਤੇ ਇਹੋ ਕਬੂਲ ਕਰਾਂ ਕਿ ਮੈਂ ਹੀ ਬਿਆਨ ਦਿੱਤਾ ਹੈ। ਮੈਂ ਕਦੇ ਬਾਦਲਾਂ ਨਾਲ ਨਹੀਂ ਮਿਲਿਆ ਪਰ ਜਦੋਂ ਮੈਂ ਅਸਤੀਫ਼ਾ ਦੇ ਦਿੱਤਾ ਤਾਂ ਸੁਖਜਿੰਦਰ ਸਿੰਘ ਰੰਧਾਵਾ ਮੇਰੇ 'ਤੇ ਬਾਦਲਾਂ ਅਤੇ ਸ਼੍ਰੋਮਣੀ ਅਕਾਲੀ ਦਲ ਖ਼ਿਲਾਫ਼ ਦੋਸ਼ ਲਾਉਣ ਲਈ ਦਬਾਅ ਬਣਾਉਂਦਾ ਰਿਹਾ। ਉਹ ਵੱਟਸਐਪ ਅਤੇ ਫੋਨ ਕਾਲਾਂ ਕਰਦਾ ਰਿਹਾ ਜਿਸ ਨੂੰ ਤੁਸੀਂ ਮੇਰੇ ਕਾਲ ਰਿਕਾਰਡ 'ਚ ਵੀ ਦੇਖ ਸਕਦੇ ਹੋ। ਪੱਕਾ ਸਿੱਖ ਹੋਣ ਦੇ ਨਾਤੇ ਬੇਅਦਬੀ ਦੀਆਂ ਘਟਨਾਵਾਂ ਨਾਲ ਮੇਰਾ ਹਿਰਦਾ ਵੀ ਵਲੂੰਧਰਿਆ ਗਿਆ ਸੀ ਪਰ ਮੇਰੀ ਆਤਮਾ ਮੈਨੂੰ ਕਿਸੇ 'ਤੇ ਦੋਸ਼ ਲਾਉਣ ਦੀ ਇਜਾਜ਼ਤ ਨਹੀਂ ਦਿੰਦੀ ਜੋ ਬੇਕਸੂਰ ਹੈ। " ਉਸ ਨੇ ਕਮਿਸ਼ਨ ਦੇ ਚੇਅਰਮੈਨ ਅਤੇ ਸ੍ਰੀ ਰੰਧਾਵਾ ਨਾਲ ਬੈਠਕਾਂ ਦੀਆਂ ਤਸਵੀਰਾਂ ਵੀ ਦਿਖਾਈਆਂ।



ਉਧਰ ਜਦੋਂ ਸ੍ਰੀ ਰੰਧਾਵਾ ਨਾਲ ਸੰਪਰਕ ਕੀਤਾ ਗਿਆ ਤਾਂ ਉਨ੍ਹਾਂ ਦੋਸ਼ਾਂ ਤੋਂ ਇਨਕਾਰ ਕੀਤਾ। ਉਨ੍ਹਾਂ ਕਿਹਾ,"ਹਿੰਮਤ ਸਿੰਘ ਮੇਰੇ ਸਮਰਥਕ ਰੁਪਿੰਦਰ ਸਿੰਘ ਨਾਲ ਮੈਨੂੰ ਦੋ ਵਾਰ ਮਿਲਿਆ ਅਤੇ ਸਰਕਾਰੀ ਨੌਕਰੀ ਦੀ ਮੰਗ ਕੀਤੀ। ਦਸਵੀਂ ਪਾਸ ਹੋਣ ਕਰਕੇ ਉਹ ਕਿਸੇ ਵੀ ਨੌਕਰੀ ਦੇ ਯੋਗ ਨਹੀਂ ਹੈ। ਉਂਜ ਮੈਂ ਉਸ ਨੂੰ ਸਹਾਇਤਾ ਦਾ ਵਾਅਦਾ ਕੀਤਾ ਸੀ ਪਰ ਹੁਣ ਮੈਨੂੰ ਨਹੀਂ ਪਤਾ ਕਿ ਉਹ ਆਧਾਰਹੀਣ ਦੋਸ਼ ਕਿਉਂ ਮੜ੍ਹ ਰਿਹਾ ਹੈ। ਕਮਿਸ਼ਨ ਮੂਹਰੇ ਪੇਸ਼ ਹੋਣ ਅਤੇ ਬਿਆਨ ਦੇਣ 'ਚ ਵੀ ਮੇਰੀ ਕੋਈ ਭੂਮਿਕਾ ਨਹੀਂ ਹੈ। " ਮੰਤਰੀ ਨੇ ਕਿਹਾ ਕਿ ਗਿਆਨੀ ਗੁਰਮੁਖ ਸਿੰਘ ਵੱਲੋਂ ਲਾਏ ਗਏ ਦੋਸ਼ਾਂ ਦੇ ਵੀਡਿਓ ਪਹਿਲਾਂ ਹੀ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੇ ਹਨ। ਜਸਟਿਸ ਰਣਜੀਤ ਸਿੰਘ ਨੇ ਵੀ ਹਿੰਮਤ ਸਿੰਘ ਵੱਲੋਂ ਲਾਏ ਗਏ ਦੋਸ਼ਾਂ ਨੂੰ ਆਧਾਰਹੀਣ ਕਰਾਰ ਦਿੰਦਿਆਂ ਉਸ ਵੱਲੋਂ ਬਿਆਨਾਂ ਤੋਂ ਪਾਸਾ ਵੱਟਣ 'ਤੇ ਹੈਰਾਨੀ ਜਤਾਈ। ਉਨ੍ਹਾਂ ਕਿਹਾ ਕਿ ਹਿੰਮਤ ਸਿੰਘ ਆਪ ਮੂਹਰੇ ਹੀ ਕਮਿਸ਼ਨ ਕੋਲ ਆਇਆ ਸੀ ਅਤੇ ਸੱਤ ਪੰਨਿਆਂ ਦਾ ਦਸਤਖ਼ਤਾਂ ਵਾਲਾ ਬਿਆਨ ਦਿੱਤਾ ਸੀ ਜੋ ਰਿਪੋਰਟ ਨਾਲ ਨੱਥੀ ਹੈ। "ਮੈਂ ਉਸ ਨੂੰ ਕਿਸੇ ਖ਼ਿਲਾਫ਼ ਬਿਆਨ ਦੇਣ ਲਈ ਕਿਉਂ ਦਬਾਅ ਪਾਵਾਂਗਾ। ਮੈਂ ਤਾਂ ਉਸ ਨੂੰ ਤਲਬ ਵੀ ਨਹੀਂ ਕੀਤਾ ਸੀ। ਉਸ ਦੇ ਦਸਤਖ਼ਤਾਂ ਵਾਲਾ ਰਿਕਾਰਡ ਕੀਤਾ ਬਿਆਨ ਪੰਜਾਬੀ ਵਿੱਚ ਵੀ ਮੌਜੂਦ ਹੈ। " ਉਨ੍ਹਾਂ ਕਿਹਾ ਕਿ ਭਰਾ ਗਿਆਨੀ ਗੁਰਮੁਖ ਸਿੰਘ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਮੁੜ ਤੋਂ ਬਹਾਲ ਕੀਤੇ ਜਾਣ ਕਰਕੇ ਹੋ ਸਕਦਾ ਹੈ ਕਿ ਹਿੰਮਤ ਸਿੰਘ ਨੇ ਬਿਆਨ ਬਦਲ ਲਿਆ ਪਰ ਹਿੰਮਤ ਸਿੰਘ ਨੇ ਹੀ ਉਨ੍ਹਾਂ ਨੂੰ 24 ਸਤੰਬਰ 2015 ਨੂੰ ਡੇਰਾ ਮੁਖੀ ਨੂੰ ਮੁਆਫ਼ੀਨਾਮੇ ਅਤੇ 16 ਅਕਤੂਬਰ 2015 ਨੂੰ ਮੁਆਫ਼ੀਨਾਮਾ ਵਾਪਸ ਲੈਣ ਸਬੰਧੀ ਗੁਰਮਤੇ ਦੀਆਂ ਕਾਪੀਆਂ ਵੀ ਦਿੱਤੀਆਂ ਸਨ।

# ਆਜ਼ਾਦੀ ਦਿਵਸ ਮੌਕੇ ਪੰਜਾਬ ਦੀ ਵੰਡ ਦੌਰਾਨ ਮਾਰੇ ਗਏ ਲੋਕਾਂ ਨੂੰ ਸ਼ਰਧਾਂਜ਼ਲੀ



ਪੰਜਾਬ ਵੰਡ ਦੌਰਾਨ ਮਾਰੇ ਗਏ ਲੋਕਾਂ ਨੂੰ ਸ਼ਰਧਾਂਜ਼ਲੀ ਦਿੱਤੇ ਜਾਣ ਦਾ ਦ੍ਰਿਸ਼।

**ਚਮਕੌਰ ਸਾਹਿਬ/ਬਿਊਰੋ ਨਿਊਜ਼ :**
ਜਦੋਂ ਸਾਰਾ ਭਾਰਤ ਦੇਸ਼ ਆਜ਼ਾਦੀ ਦੇ ਜਸ਼ਨਾਂ ਵਿਚ ਡੁੱਬਿਆ ਸੀ ਤਾਂ ਪੰਜਾਬ ਆਪਣੀ ਵੰਡ ਤੇ ਕਤਲੋਗਾਰਤ ਦਾ ਦਰਦ ਹੰਢਾ ਰਿਹਾ ਸੀ। ਪੰਜਾਬੀ ਸਮਾਜ ਦੀ ਇਸ ਇਤਿਹਾਸਕ ਪੀੜ ਨੂੰ ਸ਼ਿੱਦਤ ਨਾਲ ਮਹਿਸੂਸ ਕਰਨ ਵਾਲੇ ਲੋਕਾਂ ਨੇ ਇੱਥੇ ਆਦਰਸ਼ ਭਵਨ ਵਿਚ ਭਾਰਤ-ਪਾਕਿਸਤਾਨ ਵੰਡ ਸਮੇਂ ਫਿਰਕੂ ਦੰਗਿਆਂ ਦੌਰਾਨ ਮਾਰੇ ਗਏ ਲੋਕਾਂ ਨੂੰ ਦੀਪ ਜਗਾ ਕੇ ਸ਼ਰਧਾਂਜ਼ਲੀ ਭੇਟ ਕੀਤੀ। ਵੰਡ ਦੌਰਾਨ ਦੰਗਈਆਂ ਕੋਲੋਂ ਬਚ ਕੇ ਪੰਜਾਬ ਪਰਤੇ ਅਦਬੀ ਸਾਹਿਤਕਾਰ ਬਜ਼ੁਰਗ ਸੁਰਜੀਤ ਸਿੰਘ ਸੁਰਜੀਤ (85 ਸਾਲ) ਨੇ ਉਸ ਸਮੇਂ ਅੱਖੀਂ ਵੇਖੀ ਮਾਰ-ਧਾੜ ਦੇ ਭਾਵੁਕ ਬਿਰਤਾਂਤ ਸੁਣਾਏ। ਉਨ੍ਹਾਂ ਦੱਸਿਆ ਕਿ ਉਹ ਅਜਿਹਾ ਸਮਾਂ ਸੀ ਜਦੋਂ ਬੰਦਾ-ਬੰਦੇ ਦਾ ਵੈਰੀ ਬਣ ਗਿਆ ਸੀ ਤੇ ਆਲਾ-ਦੁਆਲਾ ਨਰਕ ਬਣ ਚੁੱਕਾ ਸੀ। ਉਨ੍ਹਾਂ ਚਾਹਿਆ ਕਿ ਦੁਨੀਆ ਵਿਚ ਕਿਸੇ ਨੂੰ ਅਜਿਹੀ ਪੀੜ ਵੇਖਣੀ ਅਤੇ ਹੰਢਾਉਣੀ ਨਾ ਪਏ। ਚਿੰਤਕ ਸਵਰਨ ਸਿੰਘ ਭੰਗੂ ਨੇ ਪਾਕਿਸਤਾਨ ਦੇ ਸ਼ਹਿਰ 'ਕਹੂਟਾ' ਦੀ ਉਸ ਘਟਨਾ ਦਾ ਜ਼ਿਕਰ ਕੀਤਾ ਜਿਸ ਵਿਚ ਧਾੜਵੀਆਂ ਦੇ ਹੱਥ ਆਉਣ ਤੋਂ ਪਹਿਲਾਂ ਸਿੱਖ ਆਪਣੀਆਂ ਔਰਤਾਂ ਅਤੇ ਬੱਚੀਆਂ ਨੂੰ ਹੱਥੀਂ ਵੱਢਣ ਲਈ ਬੇਵੱਸ ਹੋਏ ਸਨ। ਰੰਗਕਰਮੀ ਮਲਕੀਤ ਸਿੰਘ ਰੌਣੀ ਨੇ ਇਤਿਹਾਸਕ ਪੀੜਾਂ ਵਿਚੋਂ ਉੱਭਰੇ ਸਾਹਿਤ ਦਾ ਵਰਨਣ ਕੀਤਾ। ਨਗਰ ਕੌਂਸਲ ਚਮਕੌਰ ਸਾਹਿਬ ਦੇ ਸਾਬਕਾ ਪ੍ਰਧਾਨ ਅਮਨਦੀਪ ਸਿੰਘ ਮਾਂਗਟ ਨੇ ਹਾਜ਼ਰ ਸਰੋਤਿਆਂ ਨੂੰ ਸੁਚੇਤ ਕੀਤਾ ਕਿ ਸਾਨੂੰ ਕਦੇ ਵੀ ਫਿਰਕਾਪ੍ਰਸਤਾਂ ਦੀ ਧਿਰ ਨਹੀਂ ਬਣਨਾ ਚਾਹੀਦਾ ਸਗੋਂ ਭਵਿੱਖ ਦੇ ਚੰਗੇ ਲੋਕ ਬਣ ਕੇ ਜ਼ਿੰਦਗੀ ਨੂੰ ਜ਼ਿੰਦਾਬਾਦ ਕਹਿਣਾ ਚਾਹੀਦਾ ਹੈ। ਇਸ ਮੌਕੇ ਆਜ਼ਾਦੀ ਘੁਲਾਟੀਆ ਪਰਿਵਾਰ ਵਿਚੋਂ ਕੰਧੋਲਾ ਵਾਸੀ ਬੀਬੀ ਬਲਵੰਤ ਕੌਰ, ਸਾਬਕਾ ਚੇਅਰਮੈਨ ਪਰਮਜੀਤ ਸਿੰਘ, ਹਰਵਿੰਦਰ ਸਿੰਘ ਔਜਲਾ, ਰਾਣਾ ਰਣਦੀਪ ਸਿੰਘ, ਬੇਅੰਤ ਕੌਰ, ਨਵਜੋਤ ਕੌਰ, ਗੀਤਾ ਰਾਣੀ, ਅਵਤਾਰ ਸਿੰਘ, ਪਰਵਿੰਦਰ ਸਿੰਘ ਸੰਧੂ, ਸੋਹਣ ਸਿੰਘ, ਨਵਜੋਤ ਸਿੰਘ ਲਹਿਲ ਅਤੇ ਭੁਪਿੰਦਰ ਸਿੰਘ ਭੂਰਾ ਵੀ ਹਾਜ਼ਰ ਸਨ।

# ਪੰਜਾਬ ਬਨਾਮ ਵਾਜਪਾਈ ਦੀ ਮੌਤ 'ਤੇ ਮਿਹਣੇ

**ਚੰਡੀਗੜ੍ਹ/ਬਿਊਰੋ ਨਿਊਜ਼ :** ਪੰਜਾਬ ਤੇ ਦਿੱਲੀ ਦੀ ਵਰ੍ਹਿਆਂ ਪੁਰਾਣੀ ਕਸ਼ਮਕਸ਼ ਕਾਰਨ ਕਿਸੇ ਨਾ ਕਿਸੇ ਘਟਨਾ ਨੂੰ ਲੈ ਕੇ ਸੋਸ਼ਲ ਮੀਡੀਆ ਜੰਗ ਦਾ ਅਖਾੜਾ ਬਣਿਆ ਰਹਿੰਦਾ ਹੈ। ਜਦੋਂ ਕੇਪੀਐਸ ਗਿੱਲ ਮਰਿਆ ਤਾਂ ਪੰਜਾਬੀਆਂ ਖਾਸ ਕਰਕੇ ਸਿੱਖਾਂ ਨੇ ਉਸ ਦੀ ਸਵਾਹ ਵੀ ਰੱਜ ਕੇ ਫਰੋਲੀ। ਹੁਣ ਵਾਰੀ ਭਾਰਤ ਦੇ ਸਾਬਕਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਦੀ ਹੈ। ਵਾਜਪਾਈ ਦੀ ਮੌਤ ਦੀ ਖ਼ਬਰ ਆਉਣ ਤੋਂ ਹੀ ਪੰਜਾਬੀ ਆਵਾਮ ਨੇ "ਦੁਸ਼ਮਣ ਮਰੇ ਤਾਂ ਖੁਸ਼ੀ ਨਾ ਕਰੀਏ, ਸੱਜਣਾਂ ਵੀ ਮਰ ਜਾਣਾ" ਲਿਖ ਦਿਆਂ ਅੱਗੇ ਪਰ...ਲਿਖ ਕੇ ਵਾਜਪਾਈ ਵੱਲੋਂ ਬੀਤੇ ਵਿਚ ਪੰਜਾਬ ਨੂੰ ਦਿੱਤੇ ਗਏ ਜ਼ਖ਼ਮਾਂ ਦੇ ਦਰਦ ਦੀ ਬਾਤ ਪਾਈ ਜਾ ਰਹੀ ਹੈ।

**ਹਵਾਲੇ ਪੇਸ਼ ਹਨ :** "9 ਅਗਸਤ 1984 ਨੂੰ ਵਾਜਪਾਈ ਅਤੇ ਅਡਵਾਨੀ ਨੇ ਅੰਮ੍ਰਿਤਸਰ ਪਹੁੰਚ ਕੇ ਸਾਂਝੀ ਪ੍ਰੈੱਸ ਕਾਨਫਰੰਸ ਕੀਤੀ ਅਤੇ ਆਖਿਆ ਦਰਬਾਰ ਸਾਹਿਬ 'ਤੇ ਫੌਜੀ ਕਾਰਵਾਈ ਨੂੰ ਟਾਲਿਆ ਨਹੀਂ ਸੀ ਜਾ ਸਕਦਾ ਸਗੋਂ ਇਹ ਛੇ ਮਹੀਨੇ ਦੇਰ ਨਾਲ ਹੋਈ।"



"ਕਾਂਗਰਸ ਦੇ ਇੱਕ ਐਮਪੀ ਵੱਲੋਂ ਪਾਰਲੀਮੈਂਟ 'ਚ ਪ੍ਰਾਈਵੇਟ ਬਿੱਲ ਪੇਸ਼ ਕੀਤਾ ਹੋਇਆ ਸੀ ਜਿਸ ਵਿੱਚ ਅਕਾਲੀ ਦਲ ਨੂੰ ਫਿਰਕੂ ਪਾਰਟੀਆਂ 'ਚ ਸ਼ਾਮਲ ਕਰਕੇ ਚੋਣ ਲੜਨ 'ਤੇ ਪਾਬੰਦੀ ਲਾਉਣ ਦੀ ਮੰਗ ਕੀਤੀ ਹੋਈ ਸੀ। ਇਸ ਬਿੱਲ ਬਾਰੇ ਅਡਵਾਨੀ ਅਤੇ ਵਾਜਪਾਈ ਦਾ ਜਵਾਬ ਸੀ,' ਹਮਾਰੀ ਪਾਰਟੀ ਇਸ ਬਿੱਲ ਕੀ ਹਮਾਇਤ ਕਰੇਗੀ'। ਦਰਬਾਰ ਸਾਹਿਬ 'ਤੇ ਫੌਜੀ ਹਮਲੇ ਤੋਂ ਬਾਅਦ ਸਿੱਖਾਂ ਨੇ ਮੰਗ ਕੀਤੀ ਕਿ ਦਰਬਾਰ ਸਾਹਿਬ ਅੰਦਰੋਂ ਫੌਜ ਨੂੰ ਫੌਰੀ ਬਾਹਰ ਕੱਢ ਕੇ ਇਸ ਦਾ ਪ੍ਰਬੰਧ ਸ਼੍ਰੋਮਣੀ ਕਮੇਟੀ ਹਵਾਲੇ ਕੀਤਾ ਜਾਵੇ ਤਾਂ ਵਾਜਪਾਈ ਨੇ ਇਸਦਾ ਜ਼ੋਰਦਾਰ ਵਿਰੋਧ ਕਰਦਿਆਂ ਸ਼੍ਰੋਮਣੀ ਕਮੇਟੀ ਨੂੰ ਭੰਗ ਕਰਨ ਦੀ ਮੰਗ ਕਰਕੇ ਦਰਬਾਰ ਸਾਹਿਬ ਦਾ ਪ੍ਰਬੰਧ ਸਰਕਾਰਪ੍ਰਸਤ ਸਿੱਖਾਂ ਹਵਾਲੇ ਕਰਨ ਦੀ ਸਿਫ਼ਾਰਿਸ਼ ਕੀਤੀ। ਇਹ ਖ਼ਬਰ 2 ਅਗਸਤ 1984 ਦੇ ਟਾਈਮਜ਼ ਆਫ਼ ਇੰਡੀਆ, ਅਖ਼ਬਾਰ 'ਚ ਪ੍ਰਮੁੱਖਤਾ ਨਾਲ ਛਪੀ ਸੀ।'

"ਵਾਜਪਾਈ ਦੇ ਰਾਜਕਾਲ ਸਮੇਂ ਦਰਬਾਰ ਸਾਹਿਬ 'ਤੇ ਫੌਜੀ ਹਮਲੇ ਦੀ ਨਿਖੇਧੀ ਕਰਨ ਦਾ ਮਤਾ ਪਾਰਲੀਮੈਂਟ ਤੋਂ ਪਾਸ ਕਰਵਾਉਣ ਦੀ ਮੰਗ ਨੂੰ ਵਾਜਪਾਈ ਸਰਕਾਰ ਨੇ ਕੋਰਾ ਜਵਾਬ ਦੇ ਦਿੱਤਾ ਸੀ। ਵਾਜਪਾਈ ਦੇ ਛੇ ਸਾਲ ਦੇ ਰਾਜਕਾਲ ਵਿੱਚ ਸੰਨ 1984 ਦੇ ਸਿੱਖ ਕਤਲੇਆਮ ਦੇ ਦੋਸ਼ੀਆਂ ਵਿਰੋਧ ਕੋਈ ਕਾਰਵਾਈ ਨਹੀਂ ਹੋਈ ਸਿਰਫ਼ ਨਾਨਾਵਤੀ ਕਮਿਸ਼ਨ ਬਣਾ ਕੇ ਕੰਮ ਚਲਾ ਦਿੱਤਾ ਗਿਆ ਸੀ।"

"ਵਾਜਪਾਈ ਸਰਕਾਰ ਸਮੇਂ ਸਿੱਖਾਂ ਦੀ ਅਜ਼ਾਦ ਹਸਤੀ ਦੀ ਹੋਂਦ ਪ੍ਰਗਟਾਉਣ ਲਈ ਸੰਵਿਧਾਨ ਦੀ ਧਾਰਾ 25ਬੀ 'ਚ ਸੋਧ ਕਰਨ ਦਾ ਮਾਮਲਾ ਉੱਠਿਆ ਤਾਂ ਵਾਜਪਾਈ ਸਰਕਾਰ ਨੇ ਇਸ ਸੋਧ ਦਾ ਜਾਇਜ਼ਾ ਲੈਣ ਲਈ ਬਣਾਏ ਗਏ ਕਮਿਸ਼ਨ ਦੀ ਉਸ ਸਿਫ਼ਾਰਿਸ਼ ਨੂੰ, ਜਿਸ 'ਚ ਉਸ ਨੇ ਸਿਫ਼ਾਰਿਸ਼ ਕੀਤੀ ਸੀ ਕਿ ਸਿੱਖ ਧਰਮ ਨੂੰ ਹਿੰਦੂ ਧਰਮ ਜਾ ਕਿਸੇ ਵੀ ਹੋਰ ਧਰਮ ਨਾਲ ਰਲਗੱਡ ਕਰਨ ਵਾਲੇ ਸ਼ਬਦ ਸੰਵਿਧਾਨ 'ਚੋਂ ਕੱਢ ਦਿੱਤੇ ਜਾਣੇ ਚਾਹੀਦੇ ਹਨ,ਤਾਂ ਮੰਨਣ ਤੋਂ ਇਨਕਾਰ ਕਰ ਦਿੱਤਾ ਸੀ।"

"ਵਾਜਪਾਈ ਸਰਕਾਰ ਨੇ ਪੰਜਾਬ ਦੇ ਪਾਣੀਆਂ ਦੀ ਰਾਖੀ ਦੀ ਥਾਂ ਪੰਜਾਬ ਤੋਂ ਉਸਦੇ ਦਰਿਆ ਖੋਹਣ ਲਈ ਦੇਸ਼ ਭਰ ਦੇ ਦਰਿਆਵਾਂ ਨੂੰ ਜੋੜਨ ਦਾ ਮਨਸੂਬਾ ਤਿਆਰ ਕੀਤਾ ਸੀ। ਜਿਸ ਨਾਲ ਰਾਜਾਂ ਦਾ ਦਰਿਆਵਾਂ ਦੇ ਪਾਣੀਆਂ 'ਤੇ ਉਹਨਾਂ ਦੀ ਮਾਲਕੀ ਖ਼ਤਮ ਹੋ ਜਾਵੇਗੀ। ਵਾਜਪਾਈ ਸਰਕਾਰ ਵੱਲੋਂ ਦੇਸ਼ ਦਾ ਹੁਣ ਤੱਕ ਦਾ ਸਭ ਤੋਂ ਖ਼ਤਰਨਾਕ ਕਾਨੂੰਨ ਪੋਟਾ ਜਿਹੜਾ ਮਨੁੱਖੀ ਅਧਿਕਾਰਾਂ ਦਾ ਨੰਗਾ ਚਿੱਟਾ ਕਤਲ ਕਰਦਾ ਹੈ ਉਸਨੂੰ ਲਾਗੂ ਕੀਤਾ ਗਿਆ।"

"ਤੁਹਾਨੂੰ ਯਾਦ ਕਰਾ ਦੇਈਏ ਕਿ ਦਰਬਾਰ ਸਾਹਿਬ ਤੇ ਫੌਜੀ ਹਮਲੇ ਤੋਂ ਬਾਅਦ ਬੀਜੇਪੀ. ਪਾਰਟੀ ਦੇ ਦੋ ਪ੍ਰਮੁੱਖ ਨੇਤਾਵਾਂ ਅਟੱਲ ਬਿਹਾਰੀ ਵਾਜਪਾਈ ਅਤੇ ਐਲਕੇ. ਅਡਵਾਨੀ ਨੇ ਇਸ ਕਾਰਵਾਈ ਨੂੰ ਬਿਲਕੁਲ ਜਾਇਜ਼ ਕਿਹਾ ਸੀ। ਇੰਦਰਾ ਨੂੰ ਦੁਰਗਾ ਦੇਵੀ ਦਾ ਖਿਤਾਬ ਦਿੱਤਾ ਸੀ।"

"ਵਾਜਪਾਈ ਸਰਕਾਰ ਦੌਰਾਨ ਅਮਰੀਕਾ ਦੇ ਰਾਸ਼ਟਰਪਤੀ ਕਲਿੰਟਨ ਜਦੋਂ ਭਾਰਤ ਦੀ ਫੇਰੀ ਤੇ 20 ਮਾਰਚ 2000 ਵਿਚ ਆਉਂਦੇ ਹਨ ਚਿਟੀ ਸਿਂਘਪੁਰਾ (ਕਸ਼ਮੀਰ)ਵਿਖੇ 35 ਸਿੱਖਾਂ ਨੂੰ ਗੋਲੀਆਂ ਮਾਰ ਕੇ ਹਲਾਕ ਕਰ ਦਿੱਤਾ ਗਿਆ ਸੀ।ਸਿੱਖਾਂ ਨੂੰ ਗੋਲੀਆਂ ਮਾਰਨ ਵਾਲੇ ਭਾਰਤੀ ਫੌਜ ਦੀ ਵਰਦੀ ਵਿੱਚ ਸਨ ਅਤੇ ਹਿੰਦੀ ਬੋਲ ਰਹੇ ਸਨ।ਭਾਰਤ ਨੇ ਘਟਨਾ ਲਈ ਪਾਕਿਸਤਾਨ ਅਧਾਰਿਤ ਦਹਿਸ਼ਤਗਰਦਾਂ ਨੂੰ ਜ਼ਿੰਮੇਵਾਰ ਕਰਾਰ ਦਿੱਤਾ ਸੀ ਪਰ ਅਮਰੀਕਾ ਮੁਤਾਬਕ ਇਸ ਸਬੰਧੀ ਸ਼ੱਕ ਦੀ ਉਂਗਲ 'ਭਾਰਤੀ ਖੁਫੀਆ ਦਸਤਿਆਂ' 'ਤੇ ਹੈ।"

"ਅਜ਼ਾਦੀ ਸੰਘਰਸ਼ ਦੌਰਾਨ ਅਟਲ ਬਿਹਾਰੀ ਵਾਜਪਾਈ ਨੇ ਦੇਸ਼ ਨਾਲ ਬਹੁਤ ਵੱਡੀ ਗ਼ਦਾਰੀ ਕੀਤੀ। ਆਗਰੇ ਦੇ ਨੇੜੇ ਇਕ ਪਿੰਡ ਬਾਟੇਸ਼ਵਰ ਵਿਚ ਕੁਝ ਅਜ਼ਾਦੀ ਘੁਲਾਟੀਆਂ ਨੇ ਲੋਕਾਂ ਨੂੰ ਅੰਗਰੇਜ਼ ਹਕੂਮਤ ਵਿਰੁਧ ਬਗਾਵਤ ਕਰਨ ਲਈ ਉਕਸਾਇਆ। ਵਾਜਪਾਈ ਇਸ ਦਾ ਸਰਕਾਰੀ ਗਵਾਹ ਬਣ ਗਿਆ ਅਤੇ ਆਗਰੇ ਦੀ ਅਦਾਲਤ ਵਿਚ ਸੈਸ਼ਨ ਜੱਜ ਮਿਸਟਰ ਹੁਸੈਨ ਦੇ ਸਾਹਮਣੇ ਬਿਆਨ ਰਿਕਾਰਡ ਕਰਵਾ ਕੇ ਅਜ਼ਾਦੀ ਘੁਲਾਟੀਆਂ ਖਿਲਾਫ ਗਵਾਹੀ ਦਿੱਤੀ ਅਤੇ ਇਸ ਦੇ ਬਿਆਨਾਂ ਉੱਪਰ ਕੁਝ ਅਜ਼ਾਦੀ ਘੁਲਾਟੀਆਂ ਨੂੰ ਸਜ਼ਾ ਹੋਈ। ਵਾਜਪਾਈ ਨੇ ਸਭ ਆਪਣੇ ਭਰਾ ਨੂੰ ਬਚਾਉਣ ਲਈ ਕੀਤਾ।ਹਿੰਦੂ ਰਾਸ਼ਟਰਵਾਦੀ ਇਸ ਗਦਾਰੀ ਦੇ ਬਾਵਜੂਦ ਵਾਜਪਾਈ ਨੂੰ ਦੇਸ਼ ਭਗਤ ਦੱਸਦੇ ਹਨ।"

ਅੰਤ ਵਿਚ ਲਿਖਿਆ ਆਂਦਾ ਹੈ ਕਿ ਫਿਰ ਵੀ ਅਕਾਲ ਪੁਰਖ ਅੱਗੇ ਅਰਦਾਸ ਹੈ ਕਿ ਇਸ ਰੂਹ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ੇ।

## "ਗੁਰੂ ਕੇ ਲੰਗਰ" ਦੀ ਆਸਟਰੇਲੀਆ ਵਿਚ ਸਰਾਹਨਾ, ਸਿੱਖ ਬੀਬੀ ਸਨਮਾਨਿਤ

**ਮੈਲਬੌਰਨ/ਬਿਊਰੋ ਨਿਊਜ਼ :**
ਸਿੱਖੀ ਸਿਧਾਂਤਾਂ 'ਤੇ ਚਲਦਿਆਂ ਮਨੁੱਖਤਾ ਦੀ ਸੇਵਾ ਕਰਨ ਨੂੰ ਆਪਣਾ ਫ਼ਰਜ਼ ਸਮਝਣ, ਬੇਸਹਾਰੇ, ਬੇ-ਘਰੇ ਲੋਕਾਂ ਨੂੰ ਲੰਗਰ ਛਕਾਉਣ ਵਾਲੀ ਸਿੱਖ ਬੀਬੀ ਸੁਖਵਿੰਦਰ ਕੌਰ ਨੂੰ ਸਥਾਨਕ 'ਹੀਰੋ ਵੈਸਟ ਫੀਲਡ ਪੁਰਸਕਾਰ' ਮਿਲਿਆ ਹੈ। ਸਿੱਖ ਵਲੰਟੀਅਰਜ਼ ਆਸਟ੍ਰੇਲੀਆ ਨਾਂ ਦੀ ਸੰਸਥਾ ਮੈਲਬੌਰਨ ਵਿਚ ਵੱਖੋ-ਵੱਖਰੇ ਸਮਾਜ ਸੇਵੀ ਕੰਮ ਕਰਦੀ ਹੈ, ਜਿਸ 'ਚ ਭੁੱਖੇ, ਬੇਸਹਾਰੇ ਲੋਕਾਂ ਨੂੰ ਮੁਫ਼ਤ ਭੋਜਨ ਪ੍ਰਦਾਨ ਕਰਨਾ ਵੀ ਸ਼ਾਮਿਲ ਹੈ। ਸੁਖਵਿੰਦਰ ਕੌਰ ਪਿਛਲੇ ਸੱਤ ਸਾਲਾਂ ਤੋਂ ਇਸ ਸਮਾਜ ਸੇਵੀ ਸੰਸਥਾ ਨਾਲ ਜੁੜੇ ਹੋਏ ਹਨ।



ਸੁਖਵਿੰਦਰ ਕੌਰ

ਸਿੱਖ ਵਲੰਟੀਅਰਜ਼ ਆਸਟ੍ਰੇਲੀਆ ਵਲੋਂ ਚਲਾਈ ਜਾਂਦੀ ਵੈਨ 200 ਤੋਂ ਵੱਧ ਲੋਕਾਂ ਨੂੰ "ਗੁਰੂ ਕੇ ਲੰਗਰ" ਦੀ ਸਹੂਲਤ ਦਿੰਦੀ ਹੈ। ਸੁਖਵਿੰਦਰ ਕੌਰ ਨੇ ਦੱਸਿਆ ਕਿ ਇਹ ਪੁਰਸਕਾਰ ਲਈ ਆਪਣੇ ਸਹਿਯੋਗੀ ਸਾਥੀਆਂ ਅਤੇ ਇਸ ਲਈ ਵੋਟਾਂ ਪਾਉਣ ਵਾਲਿਆਂ ਦਾ ਧੰਨਵਾਦ ਕਰਦੀ ਹੈ। ਦਸ ਹਜ਼ਾਰ ਡਾਲਰ ਦੀ ਮਿਲੀ ਇਸ ਰਾਸ਼ੀ ਨਾਲ ਉਹ ਗ਼ਰੀਬ ਲੋਕਾਂ ਦੀ ਹੋਰ ਮਦਦ ਕਰਨਗੇ। ਉਨ੍ਹਾਂ ਆਖਿਆ ਕਿ ਉਹ ਪੰਜਾਬੀ ਭਾਸ਼ਾ ਅਤੇ ਸੱਭਿਆਚਾਰ ਨੂੰ ਪ੍ਰਫੁੱਲਿਤ ਕਰਨਾ ਚਾਹੁੰਦੇ ਹਨ ਅਤੇ ਜਲਦੀ ਹੀ ਕਰੇਨਾਬਰਨ ਖੇਤਰ 'ਚ ਭਾਈਚਾਰਕ ਰਸੋਈ ਬਣਾਉਣਗੇ।

# ਸ਼੍ਰੋਮਣੀ ਕਮੇਟੀ ਕਰੇਗੀ ਕਿਰਤੀ ਗੁਰਸਿੱਖ ਪਰਿਵਾਰਾਂ ਦਾ ਸਨਮਾਨ

**ਅੰਮ੍ਰਿਤਸਰ/ਬਿਊਰੋ ਨਿਊਜ਼ :**
ਸ਼੍ਰੋਮਣੀ ਕਮੇਟੀ ਵੱਲੋਂ ਚੌਥੇ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਪੁਰਬ ਮੌਕੇ 52 ਕਿੱਤਿਆਂ ਵਿਚੋਂ ਅਜਿਹੇ ਲੋਕਾਂ ਨੂੰ ਸਨਮਾਨਿਤ ਕੀਤਾ ਜਾਵੇਗਾ, ਜਿਨ੍ਹਾਂ ਨੇ ਸਾਬਤ ਸੂਰਤ ਰਹਿ ਕੇ ਗੁਰੂ ਸਾਹਿਬ ਵੱਲੋਂ ਸ਼ੁਰੂ ਕੀਤੇ ਕਿੱਤੇ ਜਾਰੀ ਰੱਖੇ ਹੋਏ ਹਨ। ਇਸ ਤੋਂ ਇਲਾਵਾ ਪਹਿਲੀ ਵਾਰ ਪੜਤਾਲ ਸ਼ੈਲੀ ਵਿਚ ਕੀਰਤਨ ਦਰਬਾਰ ਕਰਾਇਆ ਜਾਵੇਗਾ। ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੁਰਬ ਅਤੇ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਪੁਰਬ ਮੌਕੇ ਕੀਤੇ ਜਾਣ ਵਾਲੇ ਸਮਾਗਮਾਂ ਨੂੰ ਯਾਦਗਾਰੀ ਬਣਾਉਣ ਲਈ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ ਨੇ ਸ਼੍ਰੋਮਣੀ ਕਮੇਟੀ ਅਧਿਕਾਰੀਆਂ ਨਾਲ ਮੀਟਿੰਗ ਕੀਤੀ। ਉਨ੍ਹਾਂ ਦੱਸਿਆ ਕਿ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਪੁਰਬ 10 ਸਤੰਬਰ ਅਤੇ ਗੁਰੂ ਰਾਮਦਾਸ ਜੀ ਦਾ ਪ੍ਰਕਾਸ਼ ਗੁਰਪੁਰਬ 26 ਅਕਤੂਬਰ ਨੂੰ ਮਨਾਇਆ ਜਾਵੇਗਾ। ਇਨ੍ਹਾਂ ਗੁਰਪੁਰਬਾਂ ਸਮੇਂ ਕਰਵਾਏ ਜਾਣ ਵਾਲੇ ਸਮਾਗਮਾਂ ਵਿਚ ਵੱਖ-ਵੱਖ ਸਭਾ-ਸੁਸਾਇਟੀਆਂ ਅਤੇ ਸੰਗਤ ਨੂੰ ਸ਼ਾਮਲ ਕਰਨ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ। ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸ਼ਹਿਰ ਦੇ ਵੱਖ-ਵੱਖ ਗੁਰੂ ਘਰਾਂ ਅੰਦਰ ਜੀਵਨ-ਜੁਗਤਿ ਸਮਾਗਮ ਆਰੰਭ ਕਰ ਦਿੱਤੇ ਗਏ ਹਨ ਅਤੇ ਇਹ ਲਗਾਤਾਰ ਪ੍ਰਕਾਸ਼ ਪੁਰਬ ਤੱਕ ਜਾਰੀ ਰਹਿਣਗੇ।



ਗੁਰਪੁਰਬ ਸਮਾਗਮਾਂ ਸਬੰਧੀ ਮੀਟਿੰਗ ਦਾ ਦ੍ਰਿਸ਼।

ਇਸੇ ਤਰ੍ਹਾਂ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸਮਾਗਮ ਵੀ ਸ਼ਹਿਰ ਦੇ ਵੱਖ-ਵੱਖ ਗੁਰਦੁਆਰਿਆਂ ਵਿਚ ਕਰਵਾਏ ਜਾਣਗੇ। ਪ੍ਰਕਾਸ਼ ਪੁਰਬ ਮੌਕੇ ਪਹਿਲੀ ਰਾਤ ਗੁਰਦੁਆਰਾ ਮੰਜੀ ਸਾਹਿਬ ਦੀਵਾਨ ਹਾਲ ਵਿਖੇ 'ਰਾਗ ਦਰਬਾਰ' ਹੋਵੇਗਾ, ਜਦੋਂਕਿ ਇਸ ਵਾਰ 'ਰਾਗ ਦਰਬਾਰ' ਤੋਂ ਇਕ ਰਾਤ ਪਹਿਲਾਂ ਚੌਥੇ ਗੁਰੂ ਦੀ ਬਾਣੀ ਅਨੁਸਾਰ ਪੁਰਾਤਨ ਪੜਤਾਲ ਗਾਇਨ ਨਾਲ ਸਬੰਧਤ ਕੀਰਤਨ ਸਮਾਗਮ ਦਾ ਵੀ ਪ੍ਰਬੰਧ ਕੀਤਾ ਜਾ ਰਿਹਾ ਹੈ। ਮੀਟਿੰਗ ਵਿੱਚ ਸ਼੍ਰੋਮਣੀ ਕਮੇਟੀ ਸਕੱਤਰ ਅਵਤਾਰ ਸਿੰਘ ਸੈਂਪਲਾ, ਦਿਲਜੀਤ ਸਿੰਘ ਬੇਦੀ, ਧਰਮ ਪ੍ਰਚਾਰ ਕਮੇਟੀ ਦੇ ਸਕੱਤਰ ਬਲਵਿੰਦਰ ਸਿੰਘ ਜੌੜਾਸਿੰਘਾ, ਜਗਜੀਤ ਸਿੰਘ ਤੇ ਦਰਬਾਰ ਸਾਹਿਬ ਦੇ ਮੈਨੇਜਰ ਜਸਵਿੰਦਰ ਸਿੰਘ ਹਾਜ਼ਰ ਸਨ।

## ਭਾਰਤ 'ਚੋਂ ਬੱਚੇ ਗੋਦ ਲੈਣ ਦੀ ਪ੍ਰਕਿਰਿਆ ਮੁੜ ਸ਼ੁਰੂ ਕਰਨ ਲਈ ਰਾਜ਼ੀ ਹੋਇਆ ਆਸਟਰੇਲੀਆ

**ਨਵੀਂ ਦਿੱਲੀ/ਬਿਊਰੋ ਨਿਊਜ਼ :**
ਕੁਝ ਵਰ੍ਹੇ ਪਹਿਲਾਂ ਬੱਚਿਆਂ ਦੀ ਤਸਕਰੀ ਦੇ ਦੋਸ਼ ਲੱਗਣ ਕਾਰਨ ਆਸਟਰੇਲੀਆ ਸਰਕਾਰ ਵੱਲੋਂ ਭਾਰਤ 'ਚੋਂ ਬੱਚੇ ਗੋਦ ਲੈਣ ਦੀ ਪ੍ਰਕਿਰਿਆ 'ਤੇ ਰੋਕ ਲਗਾ ਦਿੱਤੀ ਗਈ ਸੀ। ਭਾਰਤ ਦੇ ਮਹਿਲਾ ਅਤੇ ਬਾਲ ਵਿਕਾਸ ਮੰਤਰਾਲੇ ਦੇ ਇਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਅੱਠ ਸਾਲ ਦੀ ਰੋਕ ਤੋਂ ਬਾਅਦ ਹੁਣ ਫਿਰ ਆਸਟਰੇਲੀਆ ਭਾਰਤ 'ਚੋਂ ਬੱਚੇ ਗੋਦ ਲੈਣ ਦੀ ਪ੍ਰਕਿਰਿਆ ਨੂੰ ਬਹਾਲ ਕਰ ਰਿਹਾ ਹੈ।
ਅਧਿਕਾਰੀ ਨੇ ਦੱਸਿਆ ਕਿ ਇਸ ਮਾਮਲੇ ਨੂੰ ਲੈ ਕੇ ਮੰਤਰਾਲਾ ਲਗਾਤਾਰ ਆਸਟਰੇਲੀਆ ਸਰਕਾਰ ਦੇ ਸੰਪਰਕ ਵਿੱਚ ਸੀ ਤੇ ਹੁਣ ਅੱਠ ਸਾਲ ਬਾਅਦ ਭਾਰਤ 'ਚੋਂ ਬੱਚੇ ਗੋਦ ਲੈਣ ਦੇ ਮਾਮਲੇ 'ਤੇ ਆਸਟਰੇਲੀਆ ਸਰਕਾਰ ਰਾਜ਼ੀ ਹੋ ਗਈ ਹੈ। ਆਸਟਰੇਲੀਆ ਦੇ ਬਾਲ ਅਤੇ ਪਰਿਵਾਰ ਭਲਾਈ ਬਾਰੇ ਸਹਾਇਕ ਮੰਤਰੀ ਡੇਵਿਡ ਗਿਲੇਸਪੀ ਨੇ ਵੀ ਇਸ ਮਾਮਲੇ ਦੀ ਪੁਸ਼ਟੀ ਕੀਤੀ ਹੈ।

# ਸਿੱਖ ਨੌਜਵਾਨਾਂ ਉਤੇ ਤਸ਼ੱਦਦ ਢਾਹੁਣ ਵਾਲੇ ਥਾਣੇਦਾਰ ਦੀ ਨੌਕਰੀ ਖ਼ਤਮ

**ਪਟਿਆਲਾ/ਬਿਊਰੋ ਨਿਊਜ਼ :**
ਸ਼ਰਾਬ ਦੇ ਨਸ਼ੇ ਵਿਚ ਧੁੱਤ ਪੁਲਸੀਆਂ ਵੱਲੋਂ ਅੱਧੀ ਦਰਜਨ ਸਿੱਖ ਨੌਜਵਾਨਾਂ ਉਤੇ ਅਣਮਨੁੱਖੀ ਤਸ਼ੱਦਦ ਕਰਨ ਅਤੇ ਉਨ੍ਹਾਂ ਨੂੰ ਥਾਣੇ ਬੰਦ ਰੱਖਣ ਦੇ ਮਾਮਲੇ ਵਿਚ ਥਾਣਾ ਸਨੌਰ ਦੇ ਏਐੱਸਆਈ ਨਰਿੰਦਰ ਸਿੰਘ ਦੀ ਨੌਕਰੀ ਦੀ ਬਲੀ ਚੜ੍ਹ ਗਈ ਹੈ। ਉਸ ਨੂੰ ਜਬਰੀ ਸੇਵਾਮੁਕਤ ਕਰ ਦਿਤਾ ਗਿਆ ਹੈ। ਇਹ ਸਖ਼ਤ ਫੈਸਲਾ ਪਟਿਆਲਾ ਦੇ ਐੱਸਐੱਸਪੀ ਮਨਦੀਪ ਸਿੰਘ ਸਿੱਧੂ ਨੇ ਲਿਆ।



ਜ਼ਿਕਰਯੋਗ ਹੈ ਕਿ ਇਸ ਮਾਮਲੇ ਨੂੰ ਲੈ ਕੇ ਕਈ ਦਿਨ ਤੋਂ ਸਿੱਖਾਂ ਵਿਚ ਰੋਸ ਫੈਲਿਆ ਹੋਇਆ ਸੀ। ਮਾਰਕੁੱਟ ਦਾ ਸ਼ਿਕਾਰ ਹੋਏ ਨੌਜਵਾਨ ਅਮਰਦੀਪ ਸਿੰਘ ਦਾ ਪਤਾ ਲੈਣ ਲਈ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ, ਸਾਬਕਾ ਮੰਤਰੀ ਪਰਨੀਤ ਕੌਰ, ਬੁੱਢਾ ਦਲ ਦੇ ਮੁਖੀ ਬਾਬਾ ਬਲਬੀਰ ਸਿੰਘ, 'ਆਪ' ਆਗੂ ਸੁਖਪਾਲ ਖਹਿਰਾ ਤੇ ਹਰਪਾਲ ਚੀਮਾ ਆਦਿ ਕਈ ਸ਼ਖ਼ਸੀਅਤਾਂ ਹਸਪਤਾਲ ਪੁੱਜੀਆਂ ਸਨ। ਪਹਿਲਾਂ ਥਾਣੇਦਾਰ ਨੂੰ ਮੁਅੱਤਲ ਕਰਕੇ ਉਸ ਦੇ ਖ਼ਿਲਾਫ਼ ਧਾਰਾ 342 ਅਤੇ 323 ਤਹਿਤ ਕੇਸ ਵੀ ਦਰਜ ਕਰ ਦਿੱਤਾ ਗਿਆ ਸੀ।ਇਸ ਸਬੰਧੀ ਅਜੇ ਨਿਆਂਇਕ ਜਾਂਚ ਚੱਲ ਹੀ ਰਹੀ ਹੈ ਪਰ 15 ਅਗਸਤ ਵਾਲੇ ਦਿਨ ਵਾਇਰਲ ਹੋਈਆਂ ਕੁਝ ਵੀਡੀਓਜ਼ ਨੇ ਮੁੜ ਤਰਥੱਲੀ ਮਚਾ ਦਿੱਤੀ। ਇਨ੍ਹਾਂ ਵਿਚ ਥਾਣੇਦਾਰ ਨਰਿੰਦਰ ਸਿੰਘ ਨੌਜਵਾਨਾ ਦੀ ਕੁੱਟਮਾਰ ਨਜ਼ਰ ਆ ਰਿਹਾ ਹੈ। ਉਹ ਨੌਜਵਾਨਾਂ ਦੀਆਂ ਤਲ਼ੀਆਂ 'ਤੇ ਸੋਟੀਆਂ ਮਾਰਨ ਸਮੇਤ ਉਨ੍ਹਾਂ ਦੇ ਹੱਥਾਂ, ਲੱਤਾਂ ਅਤੇ ਪਿੱਠ ਆਦਿ 'ਤੇ ਚੜ੍ਹਦਾ ਵੀ ਨਜ਼ਰ ਆਉਂਦਾ ਹੈ।
ਕੁੱਟਮਾਰ ਦੀ ਇਹ ਵੀਡੀਓ ਥਾਣੇ ਦੇ ਅੰਦਰ ਹੀ ਬੈਠੇ ਕਿਸੇ ਪੁਲੀਸ ਮੁਲਾਜ਼ਮ ਜਾਂ ਫੇਰ ਅਮਰਦੀਪ ਸਿੰਘ ਨਾਲ ਫੜੇ ਦੂਜੇ ਨੌਜਵਾਨਾਂ ਵਿਚੋਂ ਕਿਸੇ ਵੱਲੋਂ ਬਣਾਈ ਸਮਝੀ ਜਾ ਰਹੀ ਹੈ। ਨਰਿੰਦਰ ਸਿੰਘ ਦੀ ਅਜੇ ਸਾਢੇ ਤਿੰਨ ਸਾਲ ਨੌਕਰੀ ਬਾਕੀ ਸੀ। ਉਸ ਨੂੰ 16 ਅਗਸਤ ਤੋਂ ਹੀ ਜਬਰੀ ਸੇਵਾਮੁਕਤ ਕਰ ਦਿੱਤਾ ਗਿਆ ਹੈ।

.. ਦੇਖ ਕਬੀਰਾ ਰੋਇਆ

# ਹਿੰਮਤ ਸਿੰਘ ਵੱਲੋਂ ਬਾਦਲੀ-ਖਜ਼ਾਨੇ ਅੱਗੇ 'ਹਿੰਮਤ' ਹਾਰਨ ਦੇ ਕਾਰਨ ?

**ਤਰਲੋਚਨ ਸਿੰਘ ਦੁਪਾਲਪੁਰ**
(ਸੰਪਰਕ 011-408-915-1268
tsdupalpuri@yahoo.com)

ਆਖਰ ਭਾਈ ਹਿੰਮਤ ਸਿੰਘ ਨੇ ਉਹੀ ਚੰਦ ਚਾੜ੍ਹ ਦਿੱਤਾ ਜਿਸ ਦਾ ਖਦਸ਼ਾ ਕੁਝ ਅਮਰੀਕਨ ਸਿੱਖ ਆਗੂਆਂ ਨੇ ਉਦੋਂ ਪ੍ਰਗਟਾਇਆ ਹੀ ਸੀ, ਜਦੋਂ ਮੈਂ ਉਨ੍ਹਾਂ ਨੂੰ ਇਹ ਦੱਸਿਆ ਕਿ ਬਾਦਲ ਗਰਦੀ ਦਾ ਸ਼ਿਕਾਰ ਹੋ ਕੇ ਬੇਰੁਜ਼ਗਾਰ ਬਣੇ ਸ੍ਰੀ ਅਕਾਲ ਤਖਤ ਦੇ ਗ੍ਰੰਥੀ ਸਿੰਘ ਭਾਈ ਹਿੰਮਤ ਸਿੰਘ ਨੇ ਮੈਥੋਂ ਮਾਇਕ ਮਦਦ ਦੀ ਮੰਗ ਕੀਤੀ ਹੈ ਤਾਂ ਜੋ ਉਹ ਆਪਣੀ ਪਤਨੀ ਦੀ ਕੋਈ ਸਰਜਰੀ ਕਰਵਾ ਸਕੇ। ਪ੍ਰਵਾਸੀ ਸਿੱਖ ਦੋਸਤਾਂ ਨੇ ਸ਼ੱਕ ਜਤਾਉਂਦਿਆਂ ਕਿਹਾ ਸੀ ਕਿ ਹਾਲੇ ਕਾਹਲ ਨਾ ਕਰੀਏ। ਕੁਝ ਪੁੱਛ-ਪੜਤਾਲ ਕਰ ਲਈਏ।

ਅਸਲ ਵਿਚ ਜਦੋਂ ਭਾਈ ਹਿੰਮਤ ਸਿੰਘ ਦੇ ਵੱਡੇ ਭਾਈ ਗਿਆਨੀ ਗੁਰਮੁਖ ਸਿੰਘ ਜਥੇਦਾਰ ਸ੍ਰੀ ਦਮਦਮਾ ਸਾਹਿਬ ਸਾਬੋ ਕੀ ਤਲਵੰਡੀ ਨੇ ਜ਼ਮੀਰ ਦੀ ਅਵਾਜ਼ ਸੁਣਦਿਆਂ ਸੌਦਾ ਸਾਧ ਦੇ ਮੁਆਫ਼ੀਨਾਮਾ ਕਾਂਡ ਬਾਰੇ ਅੰਦਰਲਾ ਸੱਚ ਸਾਰੇ ਸਿੱਖ ਜਗਤ ਮੋਹਰੇ ਰੱਖ ਦਿੱਤਾ ਸੀ ਤਾਂ ਉਨ੍ਹਾਂ ਤੋਂ ਜਥੇਦਾਰੀ ਖੋਹਣ ਤੋਂ ਬਾਅਦ ਉਨ੍ਹਾਂ ਦੇ ਛੋਟੇ ਭਾਈ ਹਿੰਮਤ ਸਿੰਘ 'ਤੇ ਵੀ ਬਾਦਲੀ ਗਾਜ਼ ਡਿੱਗ ਪਈ ਸੀ। ਬਾਦਲੀ ਧੌਂਸ ਤੋਂ ਦੁਖੀ ਹੋ ਕੇ ਉਨ੍ਹਾਂ ਸ੍ਰੀ ਅਕਾਲ ਤਖਤ ਦੇ ਗ੍ਰੰਥੀ ਵਾਲੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ। ਬਸ ਉਦੋਂ ਤੋਂ ਹੀ ਉਹ ਮੇਰੇ ਸੰਪਰਕ ਵਿਚ ਆ ਗਏ ਸਨ।

ਅਖ਼ਬਾਰਾਂ ਵਿਚ ਛਪਦੀਆਂ ਮੇਰੀਆਂ ਲਿਖਤਾਂ ਤੋਂ ਉਨ੍ਹਾਂ ਮੇਰਾ ਫੋਨ ਨੰਬਰ ਲੈ ਕੇ ਮੈਨੂੰ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਵਿਚਲੀਆਂ ਅਜੋਕੀਆਂ 'ਭੇਤ ਵਾਲੀਆਂ' ਗੱਲਾਂ ਸੁਣਾਉਣੀਆਂ ਸ਼ੁਰੂ ਕਰ ਦਿੱਤੀਆਂ।

ਉਨ੍ਹਾਂ ਹੀ ਮੈਨੂੰ ਦੱਸਿਆ ਕਿ ਮੈਂ ਰਣਜੀਤ ਸਿੰਘ ਕਮਿਸ਼ਨ ਮੋਹਰੇ ਪੇਸ਼ ਹੋ ਕੇ ਬਰਗਾੜੀ ਕਾਂਡ ਬਾਰੇ ਬਹੁਤ ਸਾਰਾ ਸੱਚ ਦੱਸਣਾ ਚਾਹੁੰਦਾ ਹਾਂ। ਕਈ ਗੱਲਾਂ ਮੈਨੂੰ ਫੋਨ ਤੇ ਦੱਸਦਿਆਂ ਉਨ੍ਹਾਂ ਮੈਨੂੰ ਆਜਜ਼ੀ ਨਾਲ ਕਿਹਾ ਕਿ ਤੁਸੀਂ ਲੇਖ ਵਗੈਰਾ ਸੋਹਣੇ ਲਿਖ ਲੈਂਦੇ ਹੋ, ਇਸ ਕਰਕੇ ਮੇਰੀਆਂ ਇਹ ਸਾਰੀਆਂ ਗੱਲਾਂ ਲਿਖ ਕੇ ਮੈਨੂੰ ਭੇਜ ਦਿਓ ਤਾਂ ਕਿ ਮੈਂ ਲਿਖਤ ਸਮੱਗਰੀ ਜਸਟਿਸ ਰਣਜੀਤ ਸਿੰਘ ਕਮਿਸ਼ਨ ਨੂੰ ਸੌਂਪ ਦਿਆਂ। ਪਰ ਮੈਂ ਅਸਮਰੱਥਾ ਜ਼ਾਹਰ ਕਰਦਿਆਂ ਕਿਹਾ ਕਿ ਤੁਸੀਂ ਇਹ ਜਾਣਕਾਰੀ ਜ਼ੁਬਾਨੀ ਕਲਾਮੀ ਵੀ ਦੱਸ ਸਕਦੇ ਹੋ। ਕਮਿਸ਼ਨ ਵਾਲੇ ਆਪੇ ਰਿਕਾਰਡ ਕਰ ਲੈਣਗੇ।

ਇਸੇ ਦੌਰਾਨ ਉਨ੍ਹਾਂ ਨੇ ਮੈਨੂੰ ਕਿਹਾ ਕਿ ਮੇਰੇ ਛੋਟੇ-ਛੋਟੇ ਬੱਚੇ ਹਨ, ਪਰਿਵਾਰ ਦੇ ਨਿਰਬਾਹ ਲਈ ਮੈਂ ਧਾਰਮਿਕ ਵਸਤਾਂ ਦੀ ਇਕ ਛੋਟੀ ਜਿਹੀ ਦੁਕਾਨ ਪਾ ਲਈ ਹੈ। ਉਨ੍ਹਾਂ ਦੇ ਇਸ ਉਦਮ ਦੀ ਸ਼ਲਾਘਾ ਹਿੱਤ ਮੈਂ ਵਿਦੇਸ਼ਾਂ ਦੀਆਂ ਸਭ ਪੰਜਾਬੀ ਅਖ਼ਬਾਰਾਂ ਵਿਚ ਇਹ ਵਿਸ਼ੇਸ਼ ਲੇਖ ਛਪਵਾਇਆ ਕਿ ਬਾਦਲਸ਼ਾਹੀ ਦੇ ਸਤਾਏ ਸ੍ਰੀ ਅਕਾਲ ਤਖਤ ਦੇ ਗ੍ਰੰਥੀ ਨੇ ਖੋਲ੍ਹੀ ਦੁਕਾਨ। ਇਸ ਦੀਆਂ ਕਟਿੰਗਾਂ ਦੇਖ ਕੇ ਉਹ ਮੇਰੇ ਬੜੇ ਸ਼ੁਕਰਗੁਜ਼ਾਰ ਹੋਏ ਅਤੇ ਆਪਣੇ ਵੱਡੇ ਭਾਈ ਗਿਆਨੀ ਗੁਰਮੁਖ ਸਿੰਘ ਨਾਲ ਵੀ ਮੇਰੀ ਗੱਲਬਾਤ ਕਰਾਉਣੀ ਸ਼ੁਰੂ ਕਰ ਦਿੱਤੀ।

ਫਿਰ ਇਕ ਦਿਨ ਉਨ੍ਹਾਂ ਕੁਝ ਬਾਦਲ ਦਲੀਏ ਆਗੂਆਂ ਦਾ ਨਾਂ ਲੈਂਦਿਆਂ ਕਿਹਾ ਕਿ ਇਹ ਮੇਰੇ





'ਤੇ ਦਬਾਅ ਪਾ ਰਹੇ ਹਨ ਕਿ ਮੈਂ ਰਣਜੀਤ ਸਿੰਘ ਕਮਿਸ਼ਨ ਨੂੰ ਨਾ ਮਿਲਾਂ। ਭਾਈ ਜੀ ਨੇ ਮੈਨੂੰ ਡਰਦਿਆਂ ਇਹ ਵੀ ਕਿਹਾ ਕਿ ਤੁਸੀਂ ਮੈਨੂੰ ਰਾਤ 10 ਵਜੇ ਤੋਂ ਬਾਅਦ ਸਿਰਫ਼ ਵਟਸਐਪ ਰਾਹੀਂ ਕਾਲ ਕਰਿਆ ਕਰੋ, ਕਿਉਂਕਿ ਮੇਰੇ ਸਿੱਧੇ ਫੋਨ ਰਿਕਾਰਡ ਕੀਤੇ ਜਾ ਰਹੇ ਹਨ। ਹਰ ਤੀਜੇ-ਚੌਥੇ ਦਿਨ ਸ਼੍ਰੋਮਣੀ ਕਮੇਟੀ ਵਿਚ ਹੋ ਰਹੀਆਂ ਬਾਦਲੀ ਧਾਂਦਲੀਆਂ ਵਟਸਐਪ ਰਾਹੀਂ ਭੇਜਦਿਆਂ ਇਕ ਦਿਨ ਉਨ੍ਹਾਂ ਮੈਨੂੰ ਦੱਸਿਆ ਕਿ ਬਾਦਲ ਦਲ ਦੇ ਕੁਝ ਧੱਕੜ ਆਗੂਆਂ ਤੋਂ ਡਰਦਾ ਮੈਂ ਰੂਪੋਸ਼ ਹੋ ਗਿਆ ਹਾਂ ਅਤੇ ਮੈਂ ਇਕ ਸੱਜਣ ਰਾਹੀਂ ਰੰਧਾਵਾ ਸਾਹਿਬ ਨਾਲ ਸੰਪਰਕ ਬਣਾ ਲਿਆ ਹੈ। ਇਸ ਦੇ ਨਾਲ ਹੀ ਉਨ੍ਹਾਂ ਜਸਟਿਸ ਰਣਜੀਤ ਸਿੰਘ ਕਮਿਸ਼ਨ ਕੋਲ ਪਹੁੰਚਣ ਦੀ ਵੀ ਗੱਲ ਕੀਤੀ। ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹੋਈ ਬੇਅਦਬੀ ਅਤੇ ਉਸ ਦੇ ਰੋਸ ਵਜੋਂ ਇਕੱਤਰ ਹੋਈ ਸੰਗਤ 'ਤੇ ਬਾਦਲ ਹਕੂਮਤ ਵਲੋਂ ਗੋਲੀਆਂ ਚਲਾਉਣ ਤੋਂ ਬੇਹੱਦ ਦੁਖੀ ਹੋ ਕੇ ਮੈਨੂੰ ਰੋਹ ਨਾਲ ਦੱਸਦੇ ਕਿ ਮੈਂ ਗੁਰੂ ਦਾ ਨਿਮਾਣਾ ਸਿੱਖ ਹੋਣ ਸਦਕਾ ਕਮਿਸ਼ਨ ਮੋਹਰੇ ਹਰਗਿਜ਼ ਪੇਸ਼ ਹੋਵਾਂਗਾ।

ਇਸ ਮੌਕੇ ਮੈਂ ਉਨ੍ਹਾਂ ਨੂੰ ਆਪਣੀ ਹੱਡਬੀਤੀ ਸੁਣਾਉਂਦਿਆਂ ਸੁਚੇਤ ਕੀਤਾ ਕਿ ਬਾਦਲ ਦਲ ਤੋਂ ਕਿਨਾਰਾ ਕਰਨ ਉਪਰੰਤ ਮੈਨੂੰ ਬਹੁਤ ਮੋਟੇ ਗੱਫਿਆਂ ਦੀ ਪੇਸ਼ਕਸ਼ ਹੋਈ ਸੀ। ਸੋ ਭਾਈ ਤੁਸੀਂ ਵੀ ਜੇ ਸੱਚ-ਨਿਆਂ 'ਤੇ ਖੜ੍ਹਨਾ ਹੈ ਤਾਂ ਬਾਦਲੀ ਗੱਫਿਆਂ ਜਾਂ ਧੱਕੜ ਹੱਲਿਆਂ ਤੋਂ ਅਲਰਟ ਰਹਿਓ। ਖ਼ੈਰ, ਕਮਿਸ਼ਨ ਕੋਲ ਜਾਣ ਤੋਂ ਬਾਅਦ ਉਨ੍ਹਾਂ ਮੈਨੂੰ ਦੱਸਿਆ ਕਿ ਮੈਂ ਜਸਟਿਸ ਰਣਜੀਤ ਸਿੰਘ ਨੂੰ ਖੋਲ੍ਹ ਕੇ ਗੱਲਾਂ ਦੱਸੀਆਂ ਤਾਂ ਉਸ ਸਿੱਖ ਜੱਜ ਹੈਰਾਨ ਹੁੰਦਿਆਂ ਕਈ ਵਾਰ ਪੈਨ ਮੂੰਹ ਵਿਚ ਲੈ ਕੇ ਸੋਚੀਂ ਪੈ ਜਾਂਦਾ ਅਤੇ ਬਹੁਤ ਦੁਖੀ ਹੋ ਕੇ ਕਹਿੰਦਾ ਕਿ ਜਿਸ ਅਸਥਾਨ 'ਤੇ ਦੁਨੀਆ ਭਰ ਦੇ ਸਿੱਖ ਸ਼ਰਧਾਲੂ ਸੀਸ ਨਿਵਾਉਣ ਆਉਂਦੇ ਹਨ, ਉਥੋਂ ਦੇ ਧਾਰਮਿਕ ਆਗੂ ਏਨੇ ਗਏ ਗੁਜ਼ਰੇ ਅਤੇ ਸਿਆਸੀ ਲੋਕਾਂ ਦੇ ਗੁਲਾਮ ਬਣੇ ਹੋਏ ਨੇ ?

ਫਿਰ ਕੁਝ ਦਿਨ ਬਾਅਦ ਹੀ ਭਾਈ ਹਿੰਮਤ ਸਿੰਘ ਨੇ ਮੈਥੋਂ ਮਾਇਕ ਮਦਦ ਦੀ ਮੰਗ ਕੀਤੀ ਕਿ ਅਖੇ ਮੇਰੀ ਪਤਨੀ ਦੇ ਰਸੌਲੀਆਂ ਹਨ, ਜਿਸ ਦਾ ਅਪ੍ਰੇਸ਼ਨ ਕਰਵਾਉਣਾ ਪੈਣਾ ਹੈ। ਇਹ ਮੰਗ ਮੈਂ ਕੁਝ ਅਮਰੀਕਨ ਸਿੱਖ ਆਗੂਆਂ ਨਾਲ ਸਾਂਝੀ ਕੀਤੀ, ਜਿਨ੍ਹਾਂ ਨੇ ਕਈ ਤਰ੍ਹਾਂ ਦੀ ਸ਼ੰਕਾ ਪ੍ਰਗਟਾਉਂਦਿਆਂ ਕੁਝ ਸਮਾਂ ਹੋਰ ਦੇਖਣ ਦੀ ਸਲਾਹ ਦਿੱਤੀ। ਆਪਣੇ ਭਰਾ ਦੇ ਮੋਹ ਵਿਚ ਗਿਆਨੀ ਗੁਰਮੁਖ ਸਿੰਘ ਜੀ ਨੇ ਵੀ ਮੈਨੂੰ ਪ੍ਰੇਮ ਨਾਲ ਭਾਈ ਹਿੰਮਤ ਸਿੰਘ ਦੀ ਮਦਦ ਕਰਨ ਲਈ ਆਖਿਆ।

ਹਾਲੇ ਅਸੀਂ ਭਾਈ ਜੀ ਦੀ ਮਦਦ ਕਰਨ ਬਾਰੇ ਕੋਈ ਸਲਾਹਾਂ ਹੀ ਕਰ ਰਹੇ ਸਾਂ ਕਿ ਸ੍ਰੀ ਬਾਦਲ ਵੇਲੇ ਮੁੱਖ ਮੰਤਰੀ ਨਿਵਾਸ ਵਿਚ ਹੋਈਆਂ ਅੰਦਰੂਨੀ ਗੱਲਾਂ ਪ੍ਰੈਸ ਨੂੰ ਦੱਸ ਕੇ ਬਾਦਲਾਂ ਨੂੰ ਛੱਜ ਵਿਚ ਛਟਣ ਵਾਲੇ ਗਿਆਨੀ ਗੁਰਮੁਖ ਸਿੰਘ ਹੁਰਾਂ ਬਾਰੇ ਖ਼ਬਰ ਆ ਗਈ ਕਿ ਉਹ ਬਾਦਲੀ-ਕ੍ਰਿਪਾ ਦੇ ਪਾਤਰ ਬਣਦਿਆਂ ਮੁੜ ਸ੍ਰੀ ਅਕਾਲ ਤਖਤ ਦੇ ਹੈਡ ਗ੍ਰੰਥੀ ਵਜੋਂ ਆ ਬਿਰਾਜੇ ਹਨ। ਸੱਤ-ਅੱਠ ਕੁ ਸਾਲ ਦੇ ਆਪਣੇ ਸ਼੍ਰੋਮਣੀ ਕਮੇਟੀ ਮੈਂਬਰੀ ਦੇ ਕਾਲ ਦੌਰਾਨ ਅਜਿਹੀਆਂ ਅਦਲਾ-ਬਦਲੀਆਂ ਨੇੜਿਓਂ ਦੇਖੀਆਂ ਹੋਣ ਕਾਰਨ ਮੈਂ ਹੈਰਾਨ-ਪ੍ਰੇਸ਼ਾਨ ਤਾਂ ਬਹੁਤ ਹੋਇਆ ਪਰ ਗਿਆਨੀ ਜੀ ਜਾਂ ਉਨ੍ਹਾਂ ਦੇ ਭਾਈ ਨੂੰ ਫੋਨ ਕਰਨ ਲਈ ਮੇਰਾ ਦਿਲ ਨਾ ਕੀਤਾ। ਉਦੋਂ ਈ ਪਤਾ ਲੱਗਾ ਜਦੋਂ ਬੇਰੁਜ਼ਗਾਰੀ ਦੇ ਮਾਰੇ ਭਾਈ ਹਿੰਮਤ ਸਿੰਘ ਵਲੋਂ ਬਾਦਲੀ-ਖਜ਼ਾਨੇ ਅੱਗੇ ਹਿੰਮਤ ਹਾਰਨ ਦੀਆਂ ਖ਼ਬਰਾਂ ਮੇਰੇ ਵਰਗਿਆਂ ਦਾ ਮੂੰਹ ਚਿੜਾਉਣ ਲੱਗ ਪਈਆਂ।

# ਕੌਣ ਸਨ ਵਾਜਪਾਈ : ਭਾਰਤ ਦੇ ਹਾਲ ਹੀ 'ਚ ਫੌਤ ਹੋਏ ਸਾਬਕਾ ਪ੍ਰਧਾਨ ਮੰਤਰੀ ਦੀ ਜਨਮ ਪੱਤਰੀ

**ਬਲਵਿੰਦਰਪਾਲ ਸਿੰਘ (ਪ੍ਰੋ.)**

ਸਿਆਸਤਦਾਨ, ਭਾਸ਼ਣ ਕਲਾ ਵਿਚ ਮਾਹਿਰ, ਭਾਰਤ ਦੇ ਤਿੰਨ ਵਾਰ ਪ੍ਰਧਾਨ ਮੰਤਰੀ ਰਹੇ ਅਟਲ ਬਿਹਾਰੀ ਵਾਜਪਾਈ ਦਾ ਭਾਵੇਂ ਪਿਛੋਕੜ ਉੱਤਰ ਪ੍ਰਦੇਸ਼ ਨਾਲ ਸਬੰਧਿਤ ਸੀ ਪਰ ਉਨ੍ਹਾਂ ਦਾ ਜਨਮ ਮੱਧ ਪ੍ਰਦੇਸ਼ ਵਿਚ ਗਵਾਲੀਅਰ ਵਿਖੇ 25 ਦਸੰਬਰ 1924 ਨੂੰ ਪਿਤਾ ਕ੍ਰਿਸ਼ਨ ਬਿਹਾਰੀ ਵਾਜਪਾਈ ਜੋ ਪੇਸ਼ੇ ਵਜੋਂ ਅਧਿਆਪਕ ਸਨ ਅਤੇ ਮਾਤਾ ਕ੍ਰਿਸ਼ਨਾ ਦੇਵੀ ਦੇ ਘਰ ਹੋਇਆ। ਵਾਜਪਾਈ ਦੀ ਸ਼ੁਰੂਆਤੀ ਸਿੱਖਿਆ ਗਵਾਲੀਅਰ ਦੇ ਵਿਕਟੋਰੀਆ (ਹੁਣ ਲਕਸ਼ਮੀਬਾਈ) ਕਾਲਜ ਅਤੇ ਕਾਨਪੁਰ ਦੇ ਡੀਏਵੀ ਕਾਲਜ ਵਿੱਚ ਹੋਈ ਸੀ। ਮਹਿਜ਼ 18 ਸਾਲ ਦੀ ਉਮਰ ਵਿੱਚ ਉਹ ਸੁਤੰਤਰਤਾ ਅੰਦੋਲਨ ਦਾ ਹਿੱਸਾ ਬਣ ਗਏ ਅਤੇ 1942 ਵਿੱਚ ਉਹ ਰਾਜਨੀਤੀ ਵਿੱਚ ਦਾਖ਼ਲ ਹੋਏ। ਸਾਲ 1947 ਵਿੱਚ ਉਹ ਆਰਐਸਐਸ ਦੇ ਕੁਲਵਕਤੀ ਪ੍ਰਚਾਰਕ ਬਣੇ। ਇਸ ਤੋਂ ਬਾਅਦ 1951 ਵਿੱਚ ਉਹ ਭਾਰਤੀ ਜਨਸੰਘ ਦੇ ਸੰਸਥਾਪਕ ਮੈਂਬਰ ਬਣੇ। ਪਹਿਲੀ ਵਾਰ 1957 ਵਿੱਚ ਉੱਤਰ ਪ੍ਰਦੇਸ਼ ਦੇ ਬਲਰਾਮਪੁਰ ਤੋਂ ਉਹ ਲੋਕ ਸਭਾ ਲਈ ਚੁਣੇ ਗਏ। ਸੰਸਦ ਵਿੱਚ ਆਪਣੇ ਹਿਲੇ ਭਾਸ਼ਣ ਵਿੱਚ ਵਾਜਪਾਈ ਨੇ ਸਭਨਾਂ ਦਾ ਦਿਲ ਜਿੱਤ ਲਿਆ।

ਵਾਜਪਾਈ 47 ਸਾਲਾਂ ਤਕ ਸੰਸਦ ਮੈਂਬਰ ਰਹੇ। ਉਹ 10 ਵਾਰ ਲੋਕ ਸਭਾ ਅਤੇ 2 ਵਾਰ ਰਾਜ ਸਭਾ ਦੇ ਮੈਂਬਰ ਰਹੇ। ਉਹ 3 ਵਾਰ ਪ੍ਰਧਾਨ ਮੰਤਰੀ ਬਣੇ। 1996 ਵਿੱਚ ਕੇਂਦਰ ਦੀ ਸੱਤਾ 'ਤੇ ਭਾਜਪਾ ਦੀ ਤਾਜਪੋਸ਼ੀ ਵਾਜਪਾਈ ਦੀ ਅਗਵਾਈ ਵਿੱਚ ਹੋਈ। ਹਾਲਾਂ ਕਿ ਉਨ੍ਹਾਂ ਦੀ ਸੱਤਾ ਮਹਿਜ਼ 13 ਦਿਨ ਹੀ ਰਹੀ। ਵਾਜਪਾਈ ਦੀ ਸ਼ਖ਼ਸੀਅਤ ਕਾਰਨ ਭਾਜਪਾ ਦੀ ਅਗਵਾਈ ਵਾਲੀ ਗੱਠਜੋੜ ਸਰਕਾਰ 1998 ਵਿੱਚ ਮੁੜ ਸੱਤਾ 'ਤੇ ਕਾਬਜ਼ ਹੋਈ। ਇਸ ਵਾਰ 13 ਮਹੀਨਿਆਂ ਵਿੱਚ ਸਰਕਾਰ ਅਵਿਸ਼ਵਾਸ ਮਤੇ ਦੀ ਅਗਨੀ ਪ੍ਰੀਖਿਆ ਪਾਸ ਨਹੀਂ ਕਰ ਸਕੀ ਅਤੇ ਡਿੱਗ ਗਈ। ਅਕਤੂਬਰ 1999 ਵਿੱਚ ਬਣੀ ਭਾਜਪਾ ਦੀ ਅਗਲੀ ਸਰਕਾਰ ਨੇ ਉਨ੍ਹਾਂ ਦੀ ਅਗਵਾਈ ਵਿੱਚ ਆਪਣਾ ਕਾਰਜਕਾਲ ਪੂਰਾ ਕੀਤਾ। ਉਨ੍ਹਾਂ ਦੇ ਪ੍ਰਧਾਨ ਮੰਤਰੀ ਵਜੋਂ 6 ਸਾਲ ਦੇ ਕਾਰਜਕਾਲ ਦੌਰਾਨ 1999 ਵਿਚ ਇੰਡੀਅਨ ਏਅਰਲਾਈਨਜ਼ ਦੇ ਜਹਾਜ਼ ਨੂੰ ਅਗਵਾ ਕਰਕੇ ਕੰਧਾਰ ਲਿਜਾਣ, 2001 ਵਿਚ ਸੰਸਦ 'ਤੇ ਹਮਲਾ ਅਤੇ 2002 ਦੇ ਗੁਜਰਾਤ ਦੰਗਿਆਂ ਸਮੇਤ ਕਈ ਸੰਕਟ ਸਾਹਮਣੇ ਆਏ। ਉਨ੍ਹਾਂ ਨੇ ਪ੍ਰਧਾਨ ਮੰਤਰੀ ਦੇ ਆਪਣੇ ਦੂਸਰੇ ਕਾਰਜਕਾਲ ਦੌਰਾਨ ਮਈ 1998 ਵਿਚ ਪ੍ਰਮਾਣੂ ਤਜਰਬੇ ਕਰਨ ਦਾ ਹੁਕਮ ਦਿੱਤਾ ਅਤੇ ਇਸ ਦੇ ਨਾਲ ਹੀ ਭਵਿੱਖ ਵਿਚ ਹੋਰ ਤਜਰਬੇ ਨਾ ਕਰਨ ਦਾ ਵੀ ਐਲਾਨ ਕਰ ਦਿੱਤਾ। ਇਸ ਪਿਛੋਂ ਉਨ੍ਹਾਂ ਨੇ ਪਾਕਿਸਤਾਨ ਵਲ ਦੋਸਤੀ ਦਾ ਹੱਥ ਵਧਾਇਆ ਅਤੇ ਫਰਵਰੀ 1999 ਵਿਚ ਭਾਰਤ ਤੋਂ ਸਿੱਧੀ ਬੱਸ ਲਾਹੌਰ ਲੈ ਕੇ ਗਏ।

ਕਈ ਵਰ੍ਹੇ ਉਹ ਰਹੇ ਗੁਮਨਾਮ : ਸਾਲ 2004 ਦੀਆਂ ਆਮ ਚੋਣਾਂ ਵਿੱਚ ਉਨ੍ਹਾਂ ਦੀ ਪਾਰਟੀ ਭਾਜਪਾ ਨੂੰ ਹਾਰ ਝੱਲਣੀ ਪਈ। ਇਸ ਤੋਂ ਬਾਅਦ ਵਾਜਪਾਈ ਨੇ 2005 ਵਿੱਚ ਰਾਜਨੀਤੀ ਤੋਂ ਸੰਨਿਆਸ ਲੈ ਲਿਆ। ਉਹ ਬਿਮਾਰ ਰਹਿਣ ਲਗ ਪਏ ਅਤੇ ਹੌਲੀ ਹੌਲੀ ਗੁਮਨਾਮ ਹੁੰਦੇ ਚਲੇ ਗਏ। 2009 ਵਿੱਚ ਉਨ੍ਹਾਂ ਨੇ ਇਕ ਸੰਸਦ ਮੈਂਬਰ ਵਜੋਂ ਆਪਣਾ ਕਾਰਜਕਾਲ ਪੂਰਾ ਕੀਤਾ ਅਤੇ ਮੁੜ ਕਦੇ ਚੋਣ ਨਹੀਂ ਲੜੀ।

ਆਸ਼ਕੀ ਵੀ ਕੀਤੀ ਵਾਜਪਾਈ ਨੇ : ਵਾਜਪਾਈ ਅਤੇ ਰਾਜਕੁਮਾਰੀ ਕੌਲ ਵਿਚਾਲੇ ਚੱਲਿਆ ਉਹ ਰਿਸ਼ਤਾ ਖ਼ੂਬਸੂਰਤ ਰਿਸ਼ਤੇ ਵਿਚ ਬਦਲਦਾ ਚਲਾ ਗਿਆ। ਰਾਜਕੁਮਾਰੀ ਕੌਲ ਨੂੰ ਦਿੱਲੀ ਦੇ ਸਿਆਸੀ ਹਲਕਿਆਂ ਵਿਚ ਲੋਕ ਮਿਸਿਜ਼ ਕੌਲ ਦੇ ਨਾਂ ਨਾਲ ਜਾਣਦੇ ਸਨ। ਉਥੇ ਪੱਤਰਕਾਰ ਕੁਲਦੀਪ ਨਈਅਰ ਨੇ ਲਿਖਿਆ ਹੈ, ਇਹ ਦੇਸ਼ ਦੇ ਰਾਜਨੀਤਕ ਹਲਕਿਆਂ ਵਿਚ ਸਭ ਤੋਂ ਮਹਾਨ ਪ੍ਰੇਮ ਕਹਾਣੀ ਹੈ। ਇਸ ਪ੍ਰੇਮ ਕਹਾਣੀ ਦੀ ਸ਼ੁਰੂਆਤ 40 ਦੇ ਦਹਾਕੇ ਵਿਚ ਹੁੰਦੀ ਹੈ ਜਦੋਂ ਵਾਜਪਾਈ ਗਵਾਲੀਅਰ ਦੇ ਇਕ ਕਾਲਜ ਵਿਚ ਪੜ੍ਹ ਰਹੇ ਸਨ। ਉਹ ਵੀ ਉਨ੍ਹਾਂ ਦੇ ਨਾਲ ਹੀ ਪੜ੍ਹ ਰਹੀ ਸੀ। ਉਨ੍ਹਾਂ ਨੇ ਪ੍ਰੇਮ ਪੱਤਰ ਲਿਖਿਆ। ਪਰ ਜਵਾਬ ਹੀ ਨਾ ਆਇਆ। ਉਹ ਬੜੇ ਨਿਰਾਸ਼ ਹੋਏ। ਉਨ੍ਹਾਂ ਨੂੰ ਕੀ ਪਤਾ ਸੀ ਕਿ ਇਹ ਪੱਤਰ ਇਕ-ਦੋ ਦਹਾਕੇ ਬਾਅਦ ਉਨ੍ਹਾਂ ਦੀ ਜ਼ਿੰਦਗੀ ਹਮੇਸ਼ਾ ਲਈ ਬਦਲਣ ਵਾਲਾ ਹੈ। ਹਾਲਾਂਕਿ ਦੋਵਾਂ ਨੇ ਆਪਣੇ ਰਿਸ਼ਤੇ ਨੂੰ ਸਾਰੀ ਉਮਰ ਕੋਈ ਨਾਮ ਨਹੀਂ ਦਿੱਤਾ ਪਰ ਕੁਲਦੀਪ ਨਈਅਰ ਮੁਤਾਬਕ ਇਹ ਖ਼ੂਬਸੂਰਤ ਪ੍ਰੇਮ ਕਹਾਣੀ ਸੀ। ਮਈ 2014 ਵਿਚ ਜਦੋਂ ਮਿਸਿਜ਼ ਕੌਲ ਦੀ ਮੌਤ

ਬਾਕੀ ਸਫ਼ਾ 28 'ਤੇ



## ਫੇਸਬੁੱਕ 'ਤੇ ਆਈਆਂ ਟਿੱਪਣੀਆਂ

ਅਮਰੀਕਾ ਤੋਂ ਸਿੱਖ ਆਗੂ ਇੰਦਰਜੀਤ ਸਿੰਘ ਉਮਰਪੁਰੀ ਦਾ ਕਹਿਣਾ ਹੈ ਕਿ ਬਾਬਰੀ ਮਸਜਿਦ , ਗੋਧਰਾ ਕਾਂਡ , ਗੁਜਰਾਤ ਕਤਲੇਆਮ ਤੇ ਛੱਤੀਸ ਸਿੰਘ ਪੁਰਾ ਘਟਨਾਵਾਂ ਬਾਰੇ ਫ਼ੈਸਲੇ / ਨਿਰਨੇ ਵਿਚਾਰ ਹਮੇਸ਼ਾ ਘੱਟ ਗਿਣਤੀਆਂ ਯਾਦ ਰੱਖਣਗੀਆਂ।

ਕੈਨੇਡਾ ਤੋਂ ਬੁੱਧੀਜੀਵੀ ਸੁਖਦੇਵ ਲਹਿਲ ਦਾ ਕਹਿਣਾ ਹੈ ਕਿ ਅਮਰੀਕਾ ਦੇ ਓਸ ਵੇਲੇ ਦੇ ਰਾਸ਼ਟਰਪਤੀ ਬਿੱਲ ਕਲਿੰਟਨ ਨੇ ਛੱਤੀਸਗੜ੍ਹ ਵਾਲੀ ਗੱਲ ਆਪਣੀ ਜੀਵਨੀ ਵਿਚ ਲਿਖੀ ਹੈ। ਇਹ ਵੀ ਲਿਖਿਆ ਹੈ ਕਿ ਇਸ ਵਿਚ ਪਾਕਿਸਤਾਨ ਦਾ ਕੋਈ ਹੱਥ ਨਹੀਂ ਸੀ।

ਭਾਰਤ ਨੇ ਇਹ ਸਭ ਕੁਝ ਕਰਨ ਲਈ ਬਿੱਲ ਕਲਿੰਟਨ ਦੇ ਦੌਰੇ ਦਾ ਮੌਕਾ ਹੀ ਕਿਉਂ ਚੁਣਿਆ ਤੇ ਉਹ ਵੀ ਆਪਣੇ ਸ਼ਹਿਰੀ ਮਾਰਨ ਦਾ। ਅੱਜ ਤੱਕ ਖੁਲਾਸਾ ਨਹੀਂ ਹੋ ਸਕਿਆ। ਕੋਈ ਤਾਂ ਹੋਵੇਗਾ ਜੋ ਤਫ਼ਸੀਲ ਜਾਣਦਾ ਹੈ। ਅਕਸਰ ਬਾਅਦ ਵਿਚ ਸਚਾਈ ਬਾਹਰ ਆ ਹੀ ਜਾਂਦੀ ਹੁੰਦੀ ਹੈ। ਪਰ ਇਸ ਦੁਰਘਟਨਾ ਦਾ ਸੱਚ ਅੱਜ ਤੱਕ ਦੱਬਿਆ ਪਿਆ ਹੈ।

## ਆਰਐਸਐਸ ਦਾ ਚਿਹਰਾ ਸੀ ਵਾਜਪਾਈ

ਅਟਲ ਬਿਹਾਰੀ ਵਾਜਪਾਈ ਨੂੰ ਆਮ ਕਰਕੇ ਕਿਹਾ ਜਾਂਦਾ ਹੈ ਕਿ ਉਹ ਨਰਮ ਹਿੰਦੂ ਵਿਚਾਰਧਾਰਾ ਵਾਲੀ ਸਖਸ਼ੀਅਤ ਸਨ, ਜਦ ਕਿ ਇਸ ਦੇ ਉਲਟ ਅਡਵਾਨੀ ਕੱਟੜ ਹਿੰਦੂ ਵਿਚਾਰਧਾਰਾ ਦੇ ਸਮਰਥਕ ਸਨ। ਇਹ ਵੀ ਕਿਹਾ ਜਾਂਦਾ ਹੈ ਕਿ ਵਾਜਪਾਈ ਸੰਘ ਦੀਆਂ ਨੀਤੀਆਂ ਨਾਲ ਬਹੁਤੇ ਸਹਿਮਤ ਨਹੀਂ ਸਨ। ਪਰ ਧਿਆਨ ਰੱਖਣ ਦੀ ਜ਼ਰੂਰਤ ਹੈ ਕਿ ਅਡਵਾਨੀ, ਵਾਜਪਾਈ ਸੰਘ ਦੀ ਵਿਚਾਰਧਾਰਾ ਵਿਚੋਂ ਹੀ ਨਿਕਲੇ ਸਨ। ਇਹ ਸੰਘ ਨੇ ਹੀ ਪ੍ਰਚਾਰਿਆ ਹੋਇਆ ਸੀ ਕਿ ਵਾਜਪਾਈ ਨਰਮ ਹਨ ਤੇ ਅਡਵਾਨੀ ਗਰਮ ਹਨ। ਜਦ ਕਿ ਇਹ ਆਰ ਐਸ ਐਸ ਦੀ ਰਾਜਨੀਤੀ ਸੀ ਤਾਂ ਜੋ ਭਾਜਪਾ ਨੂੰ ਭਾਰਤ ਦੀ ਰਾਜਨੀਤੀ ਉਪਰ ਸਥਾਪਿਤ ਕੀਤਾ ਜਾਵੇ। ਚਾਹੇ ਮੋਦੀ ਹੋਣ, ਚਾਹੇ ਅਡਵਾਨੀ ਹੋਣ, ਚਾਹੇ ਵਾਜਪਾਈ ਹੋਣ, ਚਾਹੇ ਹੋਰ ਕੋਈ ਹੋਰ ਹੋਵੇ, ਇਹ ਸਭ ਸੰਘ ਦੀ ਵਿਚਾਰਧਾਰਕ ਪ੍ਰਯੋਗਸ਼ਾਲਾ ਨਾਗਪੁਰ ਵਿਚ ਘੜੇ ਜਾਂਦੇ ਹਨ। ਅਡਵਾਨੀ ਤੇ ਵਾਜਪਾਈ ਦਾ ਜਦੋਂ ਯੁਗ ਖਤਮ ਹੋ ਗਿਆ ਤਾਂ ਮੋਦੀ ਤੇ ਸ਼ਾਹ ਇਨ੍ਹਾਂ ਦੀ ਥਾਂ 'ਤੇ ਸਥਾਪਤ ਕੀਤੇ ਗਏ। ਅਸਲ ਵਿਚ ਇਨ੍ਹਾਂ ਭਾਜਪਾਈ ਆਗੂਆਂ ਨੂੰ ਆਰ ਐਸ ਐਸ ਹੀ ਉਸਾਰਦੀ ਹੈ। ਮੋਦੀ ਅਡਵਾਨੀ ਤੋਂ ਸੌ ਕਦਮ ਅੱਗੇ ਵਾਲੇ ਹਿੰਦੂਤਵ ਵਾਦੀ ਸਨ। ਗੁਜਰਾਤ ਦੰਗਿਆਂ ਤੋਂ ਇਹ ਸਾਫ ਹੈ, ਫਿਰ ਵੀ ਆਰ ਐਸ ਐਸ ਵਲੋਂ ਪ੍ਰਚਾਰ ਕੀਤਾ ਗਿਆ ਕਿ ਮੋਦੀ ਵਿਕਾਸ ਪੁਰਸ਼ ਹਨ ਤੇ ਉਨ੍ਹਾਂ ਨੇ ਗੁਜਰਾਤ ਦਾ ਵਿਕਾਸ ਕੀਤਾ ਹੈ। ਸੰਘ ਦਾ ਅਸਲ ਮਕਸਦ ਭਾਜਪਾ ਰਾਹੀਂ ਸੱਤਾ 'ਤੇ ਸਥਾਪਿਤ ਰਹਿਣਾ ਹੈ, ਇਸ ਲਈ ਇਹੋ ਜਿਹੇ ਪਾਤਰ ਘੜੇ ਜਾਂਦੇ ਹਨ।

ਆਖਿਰ ਬੰਦੇ ਨੇ ਤੁਰ ਜਾਣਾ ਹੁੰਦਾ ਹੈ ਪਰ ਉਸ ਦੇ ਕਰਮਾਂ ਦਾ ਨਿਰਨਾ ਇਤਿਹਾਸ ਕਰਦਾ ਹੈ। ਮੈਨੂੰ ਯਾਦ ਹੈ ਕਿ 1998 ਦੇ ਅਖੀਰਲੇ ਮਹੀਨਿਆਂ ਵਿਚ ਵੀ ਈਸਾਈਆਂ 'ਤੇ ਹਮਲੇ ਹੋਏ ਸਨ, ਉਦੋਂ ਕੇਂਦਰ ਵਿਚ ਵਾਜਪਾਈ ਦੀ ਸਰਕਾਰ ਸੀ। ਉਨ੍ਹਾਂ ਨੇ 5 ਦਸੰਬਰ 1992 ਨੂੰ ਜਦੋਂ ਬਾਬਰੀ ਮਸਜਿਦ ਢਾਂਚਾ ਹਿੰਦੂਤਵੀਆਂ ਵਲੋਂ ਡੇਗਿਆ ਗਿਆ ਤਾਂ ਉਨ੍ਹਾਂ ਨੇ ਇਹ ਭਾਸ਼ਣ ਦਿੱਤਾ ਕਿ ਨੌਕੀਲੇ ਪੱਥਰ ਖੜੇ ਹਨ, ਜ਼ਮੀਨ ਪੱਧਰੀ ਕਰਨੀ ਪਵੇਗੀ। ਜਦ ਜ਼ਮੀਨ ਪੱਧਰੀ ਹੋਵੇਗੀ ਤਦ ਹੀ ਨਵਾਂ ਨਿਰਮਾਣ ਹੋਵੇਗਾ। ਜਦੋਂ 2002 ਦੌਰਾਨ ਗੁਜਰਾਤ ਦੰਗੇ ਹੋਏ ਤਾਂ ਵਾਜਪਾਈ ਮੋਦੀ ਕੋਲੋਂ ਅਸਤੀਫਾ ਨਾ ਲੈ ਸਕੇ।

ਬਾਕੀ ਸਫ਼ਾ 28 'ਤੇ

## ਖਾਲਸਾ ਰਾਜ ਦੇ ਮਜ਼ਬੂਤ ਥੰਮ੍ਹ

# ਅਮਰ ਸ਼ਹੀਦ ਬਾਬਾ ਬਿਕਰਮਾ ਸਿੰਘ ਬੇਦੀ

ਪ੍ਰੋ. ਬਲਵਿੰਦਰਪਾਲ ਸਿੰਘ
(ਮੋਬ. 9815700916)

ਖਾਲਸਾ ਰਾਜ ਦੇ ਮਜ਼ਬੂਤ ਥੰਮ੍ਹ ਬਾਬਾ ਬਿਕਰਮਾ ਸਿੰਘ ਬੇਦੀ ਸਨ, ਜਿਨ੍ਹਾਂ ਨੇ ਉਨੀਵੀਂ ਸਦੀ ਦੇ ਅੱਧ ਵਿਚ ਊਨਾ ਸਾਹਿਬ ਤੋਂ ਅੰਗਰੇਜ਼ਾਂ ਦੇ ਖਿਲਾਫ਼ ਖਾਲਸਾ ਰਾਜ ਨੂੰ ਅਜ਼ਾਦ ਕਰਵਾਉਣ ਲਈ ਸੰਘਰਸ਼ ਲੜਿਆ ਸੀ। ਬਾਬਾ ਬਿਕਰਮਾ ਸਿੰਘ ਜੀ ਦਾ ਜਨਮ ਖਾਲਸਾ ਰਾਜ ਦੇ ਬਾਨੀ ਬਾਬਾ ਸਾਹਿਬ ਸਿੰਘ ਜੀ ਬੇਦੀ ਜਿਨ੍ਹਾਂ ਨੇ ਸੰਨ 1801 ਈਸਵੀ ਦੌਰਾਨ ਮਹਾਰਾਜਾ ਰਣਜੀਤ ਸਿੰਘ ਨੂੰ ਲਾਹੌਰ ਤਖ਼ਤ 'ਤੇ ਬਿਠਾ ਕੇ ਖਾਲਸਾ ਰਾਜ ਦਾ ਐਲਾਨ ਕੀਤਾ ਸੀ, ਦੇ ਘਰ ਮਾਤਾ ਪ੍ਰੀਤਮ ਕੌਰ ਜੀ ਅਕੋ ਦੀ ਕੁੱਖੋਂ 27 ਫਗਣ ਸੰਮਤ 1869 ਦਿਨ ਸੋਮਵਾਰ ਨੂੰ ਊਨਾ ਸਾਹਿਬ ਵਿਖੇ ਹੋਇਆ। ਬਾਬਾ ਬਿਕਰਮਾ ਸਿੰਘ ਜੀ ਬੇਦੀ ਆਪਣੇ ਮਾਤਾ ਪਿਤਾ ਦੇ ਸਭ ਤੋਂ ਛੋਟੇ ਤੇ ਲਾਡਲੇ ਸਪੁੱਤਰ ਸਨ। ਬਾਬਾ ਬਿਸ਼ਨ ਸਿੰਘ ਜੀ, ਬਾਬਾ ਬਿਕਰਮਾ ਸਿੰਘ ਜੀ ਦੇ ਵੱਡੇ ਅਤੇ ਬਾਬਾ ਤੇਗ ਸਿੰਘ ਜੀ ਵਿਚਕਾਰਲੇ ਭਰਾ ਸਨ। ਧਾਰਮਿਕ ਤੇ ਰਾਜਸੀ ਵਿਦਿਆ : ਬਾਬਾ ਬੀਰ ਸਿੰਘ ਜੀ ਨੇ ਬਾਬਾ ਬਿਕਰਮਾ ਸਿੰਘ ਜੀ ਬੇਦੀ ਨੂੰ ਆਪਣੀ ਨਿਗਰਾਨੀ ਹੇਠ ਅਰਬੀ, ਫਾਰਸੀ, ਹਿੰਦੀ, ਸੰਸਕ੍ਰਿਤ ਅਤੇ ਗੁਰਮੁਖੀ ਭਾਸ਼ਾਵਾਂ ਤੋਂ ਇਲਾਵਾ ਧਾਰਮਿਕ ਗ੍ਰੰਥਾਂ ਦੀ ਸਿਖਿਆ ਦੇਣ ਦੇ ਨਾਲ-ਨਾਲ ਘੋੜ ਸਵਾਰੀ, ਰਾਜਸੀ ਅਤੇ ਸ਼ਸਤਰ ਵਿਦਿਆ ਦੇ ਕੇ ਨਿਪੁੰਨ ਕਰ ਦਿੱਤਾ। ਰਾਜਸੀ, ਧਾਰਮਿਕ ਵਿਦਿਆ ਦੇਣ ਤੋਂ ਉਪਰੰਤ ਬਾਬਾ ਬੀਰ ਸਿੰਘ ਨੇ ਬਾਬਾ ਬਿਕਰਮਾ ਸਿੰਘ ਜੀ ਨੂੰ ਅੰਮ੍ਰਿਤ ਛਕਾ ਕੇ ਸੰਤ ਸਿਪਾਹੀ ਸਜਾ ਦਿੱਤਾ। 1827 ਈ. ਵਿਚ ਜਦੋਂ ਬਾਬਾ ਬਿਕਰਮਾ ਸਿੰਘ ਬਾਬਾ ਬੀਰ ਸਿੰਘ ਜੀ ਕੋਲੋਂ ਵਿਦਿਆ ਪੂਰੀ ਕਰਕੇ ਊਨਾ ਸਾਹਿਬ ਆ ਗਏ।

ਬਾਬਾ ਬਿਕਰਮਾ ਸਿੰਘ ਜੀ ਬੇਦੀ ਦਾ ਵਿਆਹ : ਸੰਨ 1829 ਈ. ਵਿਚ ਬਾਬਾ ਬਿਕਰਮਾ ਸਿੰਘ ਜੀ ਬੇਦੀ ਦਾ ਵਿਆਹ ਪੰਜਾਬ ਦੇ ਬਹਿਬਲਪੁਰ (ਬੱਸੀ) ਦੇ ਖੱਤਰੀ ਘਰਾਣੇ ਨਾਲ ਸੰਬੰਧਿਤ ਭਾਈ ਕਾਹਨ ਸਿੰਘ ਦੀ ਲੜਕੀ ਨਾਲ ਹੋਇਆ। ਬਾਬਾ ਬਿਕਰਮਾ ਸਿੰਘ ਜੀ ਬੇਦੀ ਦੇ ਦੋ ਸਪੁੱਤਰ ਸਨ, ਬਾਬਾ ਸੂਰਜਾ ਸਿੰਘ ਅਤੇ ਬਾਬਾ ਸੁਜਾਨ ਸਿੰਘ। ਬਾਬਾ ਸੂਰਜ ਸਿੰਘ ਜੀ ਦਾ ਜਨਮ ਸੰਨ 1831 ਈ. ਵਿਚ ਹੋਇਆ ਸੀ ਤੇ ਬਾਬਾ ਸੁਜਾਨ ਸਿੰਘ ਜੀ ਦਾ ਜਨਮ ਸੰਨ 1841 ਈ. ਹੋਇਆ ਸੀ। ਬਾਬਾ ਸੂਰਜ ਸਿੰਘ ਜੀ ਦਾ ਦਿਹਾਂਤ ਸੰਨ 1864 ਈ. ਵਿਚ ਹੋ ਗਿਆ ਸੀ।

ਇਸ ਸਮੇਂ ਅੰਗਰੇਜ਼ ਸਰਕਾਰ ਨੇ ਬਾਬਾ ਬਿਕਰਮਾ ਸਿੰਘ ਜੀ ਬੇਦੀ ਨੂੰ ਅੰਮ੍ਰਿਤਸਰ ਵਿਚ ਨਜ਼ਰਬੰਦ ਕੀਤਾ ਹੋਇਆ ਸੀ। ਗਿਆਨੀ ਈਸ਼ਰ ਸਿੰਘ ਨਾਰਾ ਅਨੁਸਾਰ ਅੰਗਰੇਜ਼ਾਂ ਨੇ ਬਾਬਾ ਬਿਕਰਮਾ ਸਿੰਘ ਜੀ ਬੇਦੀ ਨੂੰ ਫੜ ਕੇ ਸ੍ਰੀ ਅੰਮ੍ਰਿਤਸਰ ਲਿਜਾ ਕੇ ਉਮਰ ਭਰ ਨਜ਼ਰਬੰਦ ਰੱਖਿਆ ਸੀ। ਪਰ ਸਮਾਂ ਪਾਕੇ ਉਨ੍ਹਾਂ ਦੇ ਸਾਹਿਬਜ਼ਾਦੇ ਬਾਬਾ ਸੁਜਾਨ ਸਿੰਘ ਜੀ ਨੂੰ ਆਨਰੇਰੀ ਮਜਿਸਟਰੇਟੀ ਦਿੱਤੀ ਅਤੇ ਪ੍ਰਵਿੰਸ਼ਲ ਦਰਬਾਰੀ ਬਣਾਇਆ ਸੀ। ਫਿਰ ਸੰਨ 1911 ਦੇ ਦਿੱਲੀ ਦਰਬਾਰ ਤਾਜਪੋਸ਼ੀ ਵੇਲੇ ਬੁਲਾ ਕੇ ਦੁਬਾਰਾ ਸਰਦਾਰ ਸਾਹਿਬ ਦਾ ਖਿਤਾਬ ਦੇ ਕੇ ਅਨੁਸਾਰੀ ਰੱਖਣ ਦਾ ਯਤਨ ਕੀਤਾ ਸੀ। ਬਾਬਾ ਸਾਹਿਬ ਸਿੰਘ ਬੇਦੀ ਦਾ ਸੰਨ 1834 ਈ: ਦੀ ਰਾਤ ਨੂੰ ਦਿਹਾਂਤ ਹੋ ਗਿਆ। ਉਨ੍ਹਾਂ ਦੀ ਅੰਤਿਮ ਅਰਦਾਸ ਸਮੇਂ ਬਹੁਤ ਸਾਰੀਆਂ ਸੰਗਤਾਂ, ਸਿੱਖ ਸਰਦਾਰ, ਮਹਾਰਾਜਾ ਰਣਜੀਤ ਸਿੰਘ, ਸੇਵਾ ਪੰਥੀ ਭਾਈ ਵਸਤੀ ਰਾਮ, ਭਾਈ ਸ਼ੋਭਾ ਰਾਮ ਅਤੇ ਭਾਈ ਦਇਆ ਸਿੰਘ ਟਕਸਾਲ ਦੇ ਮੁਖੀ ਬਾਬਾ ਬੀਰ ਸਿੰਘ ਨੌਰੰਗਾਬਾਦ ਆਦਿ ਸ਼ਾਮਲ ਹੋਏ। ਬਾਬਾ ਬੀਰ ਸਿੰਘ ਨੇ ਆਪਣੇ ਹੱਥਾਂ ਨਾਲ ਬਾਬਾ ਬਿਕਰਮਾ ਸਿੰਘ ਜੀ ਬੇਦੀ ਦੇ ਸਿਰ ਤੇ ਦਸਤਾਰ ਸਜਾ ਕੇ ਗੁਰੂ ਨਾਨਕ ਵੰਸ਼ਜ ਪੀੜ੍ਹੀ ਦੇ ਮੁੱਖ ਸੇਵਾਦਾਰ ਵਜੋਂ ਮਾਨਤਾ ਦੇ ਦਿੱਤੀ।

**ਬਾਬਾ ਬਿਕਰਮਾ ਸਿੰਘ ਜੀ ਦੀ ਸ਼ਖਸ਼ੀਅਤ:** ਬਾਬਾ ਬਿਕਰਮਾ ਸਿੰਘ ਜੀ ਬੇਦੀ ਆਪਣੇ ਪਿਤਾ ਦੀ ਤਰ੍ਹਾਂ ਜੰਗਜੂ ਤੇ ਘੋੜ ਸਵਾਰੀ ਵਿਚ ਨਿਪੁੰਨ, ਸ਼ਸਤਰ ਵਿਦਿਆ ਵਿਚ ਨਿਪੁੰਨ ਸਨ।

ਆਪ ਖਾਲਸਾ ਪੰਥ ਦੇ ਉੱਚ ਧਾਰਮਿਕ ਆਗੂ ਸਨ, ਬਾਬਾ ਸਾਹਿਬ ਸਿੰਘ ਜੀ ਬੇਦੀ ਤੋਂ ਬਾਅਦ ਆਪ ਦੀ ਖਾਲਸਾ ਰਾਜ ਵਿਚ ਬੜੀ ਮਾਨਤਾ ਸੀ। ਬਾਬਾ ਸਾਹਿਬ ਸਿੰਘ ਜੀ ਬੇਦੀ ਦੇ ਅਕਾਲ ਚਲਾਣੇ ਤੋਂ ਉਪਰੰਤ ਬਾਬਾ ਬਿਕਰਮਾ ਸਿੰਘ ਜੀ ਬੇਦੀ ਕੋਲ 9100 ਸੌ ਘੋੜ ਸਵਾਰ ਅਤੇ 1100 ਦੇ ਲੱਗਭੱਗ ਪੈਦਲ ਸਿਪਾਹੀ ਸਨ।

ਬਾਬਾ ਬਿਕਰਮਾ ਸਿੰਘ ਜੀ ਬੇਦੀ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਆਪਸੀ ਸੰਬੰਧ ਬਹੁਤ ਸੁਖਾਵੇਂ ਸਨ। 1834 ਈ. ਤੋਂ ਬਾਅਦ ਉਹ ਕਈ ਵਾਰ ਬਾਬਾ ਬਿਕਰਮਾ ਸਿੰਘ ਜੀ ਬੇਦੀ ਨੂੰ ਸਤਿਕਾਰ ਦੇਣ ਲਈ ਊਨਾ ਸਾਹਿਬ ਗਏ ਸਨ ਤੇ ਇਥੋਂ ਤੱਕ ਕਿ ਉਨ੍ਹਾਂ ਕੋਲੋਂ ਸਮੇਂ-ਸਮੇਂ ਸਿਰ ਰਾਜਨੀਤਕ ਸਲਾਹ ਵੀ ਲੈਂਦੇ ਸਨ। ਬਾਬਾ ਪ੍ਰੇਮ ਸਿੰਘ ਹੋਤੀ ਅਨੁਸਾਰ ਸ਼ੇਰੇ ਪੰਜਾਬ ਨੇ ਆਪਣੇ ਆਪ ਨੂੰ ਖਾਲਸਾ ਰਾਜ ਦਾ ਵੱਡਾ ਸਲਾਹਕਾਰ ਨੀਯਤ ਕੀਤਾ ਹੋਇਆ ਸੀ। ਡਾ. ਕਿਰਪਾਲ ਸਿੰਘ ਅਨੁਸਾਰ ਸੰਨ 1834 ਈ. ਵਿਚ ਬਾਬਾ ਸਾਹਿਬ ਸਿੰਘ ਜੀ ਬੇਦੀ ਦੇ ਚਲਾਣਾ ਕਰ ਜਾਣ ਤੇ ਬਾਬਾ ਬਿਕਰਮਾ ਸਿੰਘ ਆਪਣੇ ਪਿਤਾ ਦੀ ਗੱਦੀ 'ਤੇ ਬੈਠੇ, ਭਾਵੇਂ ਉਹ ਬਾਬਾ ਸਾਹਿਬ ਸਿੰਘ ਜੀ ਦੇ ਸਭ ਤੋਂ ਵੱਡੇ ਪੁੱਤਰ ਨਹੀਂ ਸਨ, ਪਰੰਤੂ ਉਨ੍ਹਾਂ ਦੀ ਯੋਗਤਾ ਤੇ ਦਲੇਰੀ ਕਾਰਨ ਬੇਦੀ ਸਾਹਿਬ ਨੇ ਉਨ੍ਹਾਂ ਨੂੰ ਹੀ ਆਪਣਾ ਜਾਨਸ਼ੀਨ ਨਾਮਜ਼ਦ ਕੀਤਾ। ਆਪਣੇ ਪਿਤਾ ਵਾਂਗ ਬਾਬਾ ਬਿਕਰਮਾ ਸਿੰਘ ਲਾਹੌਰ ਦੇ ਸ਼ਾਹੀ ਖਾਨਦਾਨ ਦੇ ਸਿੱਖਿਆ ਦਾਤਾ ਤੇ ਧਾਰਮਿਕ ਆਗੂ ਬਣੇ ਰਹੇ।

ਬਾਬਾ ਬਿਕਰਮਾ ਸਿੰਘ ਵਿਰੁਧ ਡੋਗਰਿਆਂ ਨੇ ਸਾਜ਼ਿਸ਼ ਕਰਨੀ : ਰਾਜਾ ਧਿਆਨ ਸਿੰਘ ਡੋਗਰਾ ਨੇ ਖਾਲਸਾ ਪੰਥ ਵਿਚੋਂ ਬਾਬਾ ਬਿਕਰਮਾ ਸਿੰਘ ਜੀ ਬੇਦੀ ਦੀ ਅਹਿਮੀਅਤ ਘਟਾਉਣ ਲਈ ਉਸ ਨੇ ਉਨ੍ਹਾਂ ਦੇ ਭਤੀਜੇ ਬਾਬਾ ਅਤਰ ਸਿੰਘ ਬੇਦੀ (ਸਪੁੱਤਰ ਬਾਬਾ ਬਿਸ਼ਨ ਸਿੰਘ ਜੀ ਬੇਦੀ) ਨੂੰ ਭੜਕਾਇਆ ਕਿ ਉਹ ਬਾਬਾ ਬਿਕਰਮਾ ਸਿੰਘ ਜੀ ਕੋਲੋਂ ਮਲਸੀਆਂ ਦਾ ਕਿਲ੍ਹਾ ਮੰਗਣ, ਕਿਉਂਕਿ ਇਸ ਉਪਰ ਬਾਬਾ ਬਿਸ਼ਨ ਸਿੰਘ ਜੀ ਦਾ ਅਧਿਕਾਰ ਸੀ। ਇਸ ਸਬੰਧ ਵਿਚ ਉਹ ਉਸ ਦੀ ਫ਼ੌਜੀ ਮਦਦ ਵੀ ਕਰੇਗਾ। ਧਿਆਨ ਸਿੰਘ ਡੋਗਰਾ ਦੀ ਕਪਟ ਨੀਤੀ ਅਨੁਸਾਰ ਬਾਬਾ ਅਤਰ ਸਿੰਘ 3 ਦਸੰਬਰ ਸੰਨ 1839 ਈ. ਦੌਰਾਨ ਆਪਣੇ ਚਾਚੇ ਬਾਬਾ ਬਿਕਰਮ ਸਿੰਘ ਜੀ ਬੇਦੀ ਕੋਲ ਮਲਸੀਆ ਦਾ ਅਧਿਕਾਰ ਖੇਤਰ ਮੰਗਣ ਲਈ ਆ ਗਿਆ। ਬਾਬਾ ਬਿਕਰਮਾ ਸਿੰਘ ਜੀ ਬੇਦੀ ਨੇ ਉਸ ਨੂੰ ਸਮਝਾਇਆ ਕਿ ਮਲਸੀਆਂ ਕਿਲ੍ਹੇ ਤੇ ਉਸ ਦਾ ਕੋਈ ਅਧਿਕਾਰ ਨਹੀਂ, ਕਿਉਂਕਿ ਉਨ੍ਹਾਂ ਦੇ ਪਿਤਾ ਬਾਬਾ ਸਾਹਿਬ ਸਿੰਘ ਜੀ ਬੇਦੀ ਨੇ ਉਸ ਦੇ ਪਿਤਾ ਬਾਬਾ ਬਿਸ਼ਨ ਸਿੰਘ ਜੀ ਨੂੰ ਸਦਾ ਲਈ ਘਰੋਂ ਕੱਢ ਦਿੱਤਾ ਸੀ ਅਤੇ ਸਿਰਫ ਕਲਰ ਰਾਵਲਪਿੰਡੀ ਵਲ ਹੀ ਉਨ੍ਹਾਂ ਨੂੰ ਜਾਗੀਰ ਦਿੱਤੀ ਸੀ। ਪਰ ਫਿਰ ਵੀ ਉਹ ਉਸ ਨੂੰ ਥੋੜਾ ਬਹੁਤ ਹਿੱਸਾ ਹੋਰ ਕਿਸੇ ਜਾਗੀਰ ਵਿਚੋਂ ਦੇ ਦੇਣਗੇ। ਬਾਬਾ ਅਤਰ ਸਿੰਘ, ਬਾਬਾ ਬਿਕਰਮਾ ਸਿੰਘ ਜੀ ਦੀ ਗੱਲ ਸੁਣ ਕੇ ਖਹਿਬੜ ਪਿਆ। ਭਾਈ ਰਾਮ ਸਿੰਘ ਰਾਮਗੜ੍ਹੀਆ ਜੋ ਕਿ ਬਾਬਾ ਬਿਕਰਮਾ ਸਿੰਘ ਜਾ ਦਾ ਅੰਗ ਰੱਖਿਅਕ ਸੀ, ਉਹ ਬਾਬਾ ਜੀ ਦੀ ਬੇਇੱਜ਼ਤੀ ਨੂੰ ਸਹਾਰ ਨਾ ਸਕਿਆ, ਉਸ ਨੇ ਬਾਬਾ ਅਤਰ ਸਿੰਘ ਨੂੰ ਗੋਲੀ ਮਾਰ ਕੇ ਉੱਥੇ ਹੀ ਢੇਰ ਕਰ ਦਿੱਤਾ। ਬਾਬਾ ਬਿਕਰਮਾ ਸਿੰਘ ਜੀ ਬੇਦੀ ਨੂੰ ਇਸ ਗੱਲ ਦਾ ਬਹੁਤ ਦੁਖ ਹੋਇਆ। ਉਨ੍ਹਾਂ ਨੇ ਇਸ ਗੱਲ ਦਾ ਪਛਤਾਵਾ ਕਰਨ ਲਈ ਬਾਬਾ ਅਤਰ ਸਿੰਘ ਦੇ ਪਰਿਵਾਰ ਨੂੰ ਮਲਸੀਆਂ ਵਿਚ ਲੈ ਆਉਂਦਾ ਤਾਂ ਜੋ ਉਨ੍ਹਾਂ ਦੀ ਪਾਲਨਾ ਕੀਤੀ ਜਾ ਸਕੇ। ਰਾਜਾ ਧਿਆਨ ਸਿੰਘ ਡੋਗਰਾ ਦੀ ਸਾਜ਼ਿਸ਼ ਸਿਰੇ ਚੜ੍ਹ ਗਈ, ਉਸ ਨੇ ਮਹਾਰਾਜਾ ਨੌਨਿਹਾਲ ਸਿੰਘ ਦੇ ਕੰਨ ਭਰੇ ਕਿ ਬਾਬਾ ਬਿਕਰਮਾ ਸਿੰਘ ਜੀ ਬੇਦੀ ਨੇ ਆਪਣੇ ਭਤੀਜੇ ਦਾ ਕਤਲ ਕਰਕੇ ਉਸ ਦੇ ਪਰਿਵਾਰ ਨੂੰ ਬੰਦੀ ਬਣਾ ਲਿਆ ਹੈ ਅਤੇ ਉਸ ਦੀ ਜਾਇਦਾਦ ਮਲਸੀਆਂ ਦੇ ਕਿਲ੍ਹੇ ਤੇ ਕਬਜ਼ਾ ਕਰ ਲਿਆ ਹੈ। ਕੰਵਰ ਨੌਨਿਹਾਲ ਸਿੰਘ ਨੇ ਧਿਆਨ ਸਿੰਘ ਡੋਗਰੇ ਦੇ ਕਹਿਣ 'ਤੇ ਜਨਰਲ ਵੈਨਤੁਰਾ ਦੀ ਅਗਵਾਈ ਵਿਚ ਬਾਬਾ ਬਿਕਰਮਾ ਸਿੰਘ ਜੀ ਬੇਦੀ ਦੇ ਖਿਲਾਫ਼ ਫ਼ੌਜ ਭੇਜੀ ਅਤੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਕੇ ਬਾਬਾ ਅਤਰ ਸਿੰਘ ਦੇ ਪਰਿਵਾਰ ਨੂੰ ਆਪਣੀ ਹਿਰਾਸਤ ਵਿਚ ਲੈ ਲਿਆ।



ਕਿਲ੍ਹਾ ਬਾਬਾ ਸਾਹਿਬ ਸਿੰਘ ਬੇਦੀ ਜੋ ਤੋਪਾਂ ਨਾਲ ਬ੍ਰਿਟਿਸ਼ ਹਕੂਮਤ ਨੇ ਉਡਾ ਦਿਤਾ



ਚੇਲੀਆਂ ਵਾਲੇ ਯੁਧ ਵਿਚ ਬਾਬਾ ਬਿਕਰਮਾ ਸਿੰਘ ਬੇਦੀ

ਜਦੋਂ ਮਹਾਰਾਜਾ ਨੌਨਿਹਾਲ ਸਿੰਘ ਨੂੰ ਬਾਬਾ ਬਿਕਰਮ ਸਿੰਘ ਜੀ ਬੇਦੀ ਕੋਲੋਂ ਇਸ ਘਟਨਾ ਦੀ ਅਸਲੀਅਤ ਬਾਰੇ ਪਤਾ ਲੱਗਾ ਤਾਂ ਉਸ ਨੇ ਬਾਬਾ ਬੇਦੀ ਨੂੰ ਰਿਹਾਅ ਕਰ ਦਿੱਤਾ। ਬਾਬਾ ਬਿਕਰਮਾ ਸਿੰਘ ਜੀ ਬੇਦੀ ਨੇ ਖੁਲਦਿਲੀ ਤੋਂ ਕੰਮ ਲੈ ਕੇ ਬਾਬਾ ਅਤਰ ਸਿੰਘ ਦੇ ਪਰਿਵਾਰ ਨੂੰ 20000 ਰੁਪਏ ਦਿੱਤੇ ਅਤੇ ਨਾਲ ਦੁਬਾਰਾ ਮਲਸੀਆਂ ਕਿਲ੍ਹੇ ਵਿਚ ਰਹਿਣ ਦੀ ਇਜਾਜ਼ਤ ਦੇ ਦਿੱਤੀ। ਪਰ ਕਿਲ੍ਹੇ ਦਾ ਪ੍ਰਬੰਧ ਬਾਬਾ ਬਿਕਰਮਾ ਸਿੰਘ ਜੀ ਦੇ ਕੋਲ ਰਿਹਾ। ਅੱਜ ਵੀ ਬਾਬਾ ਬਿਕਰਮਾ ਸਿੰਘ ਜੀ ਬੇਦੀ ਦੀ ਸੰਤਾਨ (ਬਾਬਾ ਸਰਬਜੋਤ ਸਿੰਘ ਜੀ ਬੇਦੀ) ਇਸ ਤੇ ਕਾਬਿਜ਼ ਹੈ।

**ਬਾਬਾ ਬੇਦੀ ਤੇ ਸ਼ੇਰ ਸਿੰਘ :** ਧਿਆਨ ਸਿੰਘ ਡੋਗਰੇ ਨੇ ਮਹਾਰਾਜਾ ਖੜਕ ਸਿੰਘ ਤੇ ਨੌਨਿਹਾਲ ਸਿੰਘ ਦਾ ਕਤਲ ਕਰਵਾਉਣ ਤੋਂ ਬਾਅਦ ਉਸ ਨੇ ਖਾਲਸਾ ਰਾਜ ਤੇ ਕਾਬਜ਼ ਹੋਣ ਲਈ ਸ਼ੇਰ ਸਿੰਘ ਅਤੇ ਰਾਣੀ ਚੰਦ ਕੌਰ ਵਿਚਕਾਰ ਖਾਨਾਜੰਗੀ ਕਰਵਾ ਦਿੱਤੀ। ਬਾਬਾ ਬਿਕਰਮਾ ਸਿੰਘ ਜੀ ਬੇਦੀ ਨੇ ਮੌਕੇ ਤੇ ਪਹੁੰਚ ਕੇ ਰਾਣੀ ਚੰਦ ਕੌਰ ਅਤੇ ਸਾਹਿਬਜ਼ਾਦੇ ਸ਼ੇਰ ਸਿੰਘ ਵਿਚ ਸਮਝੌਤਾ ਕਰਵਾ ਕੇ ਡੋਗਰਿਆਂ ਦੀਆਂ ਭਰਾ ਮਾਰੂ ਜੰਗ ਕਰਵਾਉਣ ਦੀਆਂ ਚਾਲਾਂ ਨੂੰ ਨਕਾਮ ਕਰ ਦਿੱਤਾ। 21 ਜਨਵਰੀ ਸੰਨ 1841 ਈ. ਨੂੰ ਬਾਬਾ ਜੀ ਨੇ ਸ਼ੇਰ ਸਿੰਘ ਨੂੰ ਤਿਲਕ ਦੇ ਕੇ ਰਾਣੀ ਚੰਦ ਕੌਰ ਨੂੰ ਜਾਗੀਰ ਦਿਵਾ ਦਿੱਤੀ।

ਅੰਗਰੇਜ਼ਾਂ ਵਿਰੁਧ ਯੁੱਧ : ਡੋਗਰਿਆਂ ਦੀ ਗੱਦਾਰੀ ਅਤੇ ਸੰਧੇਵਾਲੀਆਂ ਦੀ ਸੌੜੀ ਨੀਤੀ ਕਾਰਨ ਖਾਲਸਾ ਰਾਜ ਦੀਆਂ ਨੀਹਾਂ ਖੋਖਲੀਆਂ ਹੋ ਗਈਆਂ। ਨਤੀਜੇ ਵਜੋਂ ਸੰਨ 1845 ਈ. ਨੂੰ ਅੰਗਰੇਜ਼ਾਂ ਨੇ ਖਾਲਸਾ ਰਾਜ ਤੇ ਕਾਬਿਜ਼ ਹੋਣ ਲਈ ਪੰਜਾਬ ਉੱਤੇ ਹਮਲਾ ਕਰ ਦਿੱਤਾ। ਬਾਬਾ ਬਿਕਰਮਾ ਸਿੰਘ ਜੀ ਬੇਦੀ ਨੇ ਪੰਜਾਬ ਨੂੰ ਅੰਗਰੇਜ਼ਾਂ ਦੀ ਬਸਤੀ ਬਣਨ ਤੋਂ ਬਚਾਉਣ ਲਈ ਲੁਧਿਆਣੇ ਲਾਗੇ ਅੰਗਰੇਜ਼ਾਂ ਨਾਲ ਹਥਿਆਰਬੰਦ ਟੱਕਰ ਲਈ। ਭਾਵੇਂ ਗੁਲਾਬ ਸਿੰਘ ਡੋਗਰਾ ਅਤੇ ਪਹਾੜਾ ਸਿੰਘ ਦੀ ਗੱਦਾਰੀ ਕਾਰਣ ਹਾਰ ਹੋਈ, ਪਰ ਬਾਬਾ ਜੀ ਨੇ ਅੰਗਰੇਜ਼ਾਂ ਖਿਲਾਫ ਉਸੇ ਤਰ੍ਹਾਂ ਵਿਦਰੋਹ ਜਾਰੀ ਰੱਖਿਆ। ਅੰਗਰੇਜ਼ਾਂ ਨੇ ਆਪ ਨੂੰ ਲਾਲਚ ਦਿੱਤਾ ਕਿ ਜੇਕਰ ਉਹ ਆਪਣੇ ਹਥਿਆਰ ਜਮਾਂ ਕਰਵਾ ਕੇ ਅੰਗਰੇਜ਼ ਸਰਕਾਰ ਅਧੀਨ ਹੋ ਜਾਣਗੇ ਤਾਂ ਉਨ੍ਹਾਂ ਨੂੰ ਹੋਰ ਜਾਗੀਰਾਂ ਵੀ ਦਿੱਤੀਆਂ ਜਾਣਗੀਆਂ। ਪਰ ਬਾਬਾ ਬਿਕਰਮਾ ਸਿੰਘ ਜੀ ਦੇ ਇਨਕਾਰ ਕਰਨ ਤੇ ਈਸਟ ਇੰਡੀਆ ਕੰਪਨੀ ਦੇ ਜਰਨੈਲ ਲਾਰੰਸ ਨੇ ਊਨਾ ਦੇ ਕਿਲੇ ਉੱਪਰ ਧਾਵਾਂ ਬੋਲ ਦਿੱਤਾ।

ਜਦੋਂ ਅੰਗਰੇਜ਼ਾਂ ਨੇ ਊਨਾ ਸਾਹਿਬ ਵਿਖੇ ਕਿਲੇ ਤੇ ਹਮਲਾ ਕੀਤਾ ਤਾਂ ਉਸ ਸਮੇਂ ਬਾਬਾ ਬਿਕਰਮਾ ਸਿੰਘ ਬੇਦੀ ਦੀ ਮਾਤਾ ਪ੍ਰੀਤਮ ਕੌਰ ਅਕੋ, ਬਾਬਾ ਬਿਕਰਮਾ ਸਿੰਘ ਪਤਨੀ ਅਤੇ ਬਾਬਾ ਬਿਕਰਮਾ ਸਿੰਘ ਬੇਦੀ ਦੇ ਸੈਨਾਪਤੀ ਬਾਬਾ ਸ਼ਮਸ਼ੇਰ ਸਿੰਘ ਰੰਘਰੇਟਾ ਜਿਨ੍ਹਾਂ ਦੀ ਪਾਲਣਾ ਬਾਬਾ ਸਾਹਿਬ ਸਿੰਘ ਜੀ ਬੇਦੀ ਨੇ ਆਪਣੇ ਪੁੱਤਰਾਂ ਵਾਂਗ ਕੀਤੀ ਸੀ ਮੌਜੂਦ ਸਨ। ਅੰਗਰੇਜ਼ਾਂ ਕੋਲ ਪੰਜ ਹਜ਼ਾਰ ਤੋਂ ਵਧ ਫ਼ੌਜ ਸੀ ਜੋ ਆਧੁਨਿਕ ਸ਼ਸਤਰਾਂ ਨਾਲ ਲੈਸ ਸੀ ਅਤੇ ਦੂਸਰੇ ਪਾਸੇ ਕਿਲੇ ਵਿਚ ਅੱਸੀ ਤੋਂ ਘੱਟ ਖਾਲਸਾ ਫ਼ੌਜ ਸੀ। ਮਾਤਾ ਪ੍ਰੀਤਮ ਕੌਰ ਅੱਕੋ ਨੇ ਅੰਗਰੇਜ਼ਾਂ ਦੀ ਅਧੀਨਗੀ ਮੰਨਣ ਨਾਲੋਂ ਪੰਥ ਦੀ ਸ਼ਾਨ ਲਈ ਲੜ ਕੇ ਮਰਨਾ ਪ੍ਰਵਾਨ ਕਰ ਲਿਆ। ਇਸ ਘਮਸਾਨ ਲੜਾਈ ਵਿਚ ਭਾਵੇਂ ਅੰਗਰੇਜ਼ਾਂ ਦਾ ਕਾਫੀ ਨੁਕਸਾਨ ਹੋਇਆ, ਪਰ ਬਾਬਾ ਸ਼ਮਸ਼ੇਰ ਸਿੰਘ ਰੰਘਰੇਟਾ, ਮਾਤਾ ਪ੍ਰੀਤਮ ਕੌਰ ਅੱਕੋ ਬਾਬਾ ਬਿਕਰਮਾ ਸਿੰਘ ਬੇਦੀ ਦੀ ਪਤਨੀ ਇਸ ਜੰਗ ਵਿਚ ਸ਼ਹੀਦ ਹੋ ਗਏ ਅਤੇ ਬਾਬਾ ਬਿਕਰਮਾ ਸਿੰਘ ਬੇਦੀ ਦੇ ਦੋਵੇਂ ਸਪੁੱਤਰ ਬਾਬਾ ਸੂਰਜ ਸਿੰਘ, ਬਾਬਾ ਸੁਜਾਨ ਸਿੰਘ ਗ੍ਰਿਫਤਾਰ ਕਰ ਲਏ ਗਏ। ਇਸ ਤੋਂ ਉਪਰੰਤ ਊਨਾ ਸਾਹਿਬ ਦੇ ਮਜ਼ਬੂਤ ਕਿਲੇ ਤੋਪਾਂ ਨਾਲ ਢਹਿ ਢੇਰੀ ਕਰ ਦਿੱਤਾ ਗਿਆ। ਭਾਵੇਂ ਅੰਗਰੇਜ਼ਾਂ ਨੇ ਬਾਬਾ ਬਿਕਰਮਾ ਸਿੰਘ ਜੀ ਨੂੰ ਉਨ੍ਹਾਂ ਦੇ ਪੁੱਤਰਾਂ ਨੂੰ ਮਾਰਨ ਦੀ ਧਮਕੀ ਦਿੱਤੀ ਤਾਂ ਜੋ ਉਹ ਅੰਗਰੇਜ਼ਾਂ ਦੀ ਅਧੀਨਗੀ ਪ੍ਰਵਾਨ ਕਰ ਲੈਣ, ਪਰ ਬਾਬਾ ਜੀ ਨੇ ਅਜਿਹਾ ਕਰਨ ਤੋਂ ਇਨਕਾਰ ਕਰ ਦਿੱਤਾ ਅਤੇ ਖਾਲਸਾ ਰਾਜ ਦੀ ਅਜ਼ਾਦੀ ਲਈ ਧਰਮ ਯੁੱਧ ਜਾਰੀ ਰੱਖਿਆ। ਇਸ ਕਿਲ੍ਹੇ ਦੀਆਂ ਢੱਠੀਆਂ ਦੀਵਾਰਾਂ ਅੱਜ ਵੀ ਉਨੀਵੀਂ ਸਦੀ ਦੇ ਸਿੱਖ ਇਤਿਹਾਸ ਦੀਆਂ ਯਾਦਾਂ ਨੂੰ ਤਾਜ਼ਾ ਕਰਦੀਆਂ ਹਨ।

ਯਾਦ ਰਹੇ ਕਿ ਊਨਾ ਸਾਹਿਬ ਦੇ ਇਤਿਹਾਸਕ ਕਿਲੇ ਦੀ ਉਸਾਰੀ ਬਾਬਾ ਸਾਹਿਬ ਸਿੰਘ ਬੇਦੀ ਜੀ ਨੇ ਸੰਨ 1786 ਈਸਵੀ ਨੂੰ ਕਰਵਾਈ ਸੀ। ਇਸ ਦਾ ਸਬੰਧ 117 ਪਿੰਡਾਂ ਦੀਆਂ ਰਿਆਸਤ ਨਾਲ ਹੈ। ਬਾਬਾ ਜੀ ਨੇ ਇਸ ਨੂੰ ਖਾਲਸਾ ਰਾਜ ਦੀ ਸ਼ਕਤੀ ਵਧਾਉਣ ਲਈ ਉਸਾਰਿਆ ਸੀ।

ਬਾਬਾ ਬਿਕਰਮਾ ਸਿੰਘ ਨੇ ਅੰਗਰੇਜ਼ਾਂ ਦੀ ਜ਼ੁਲਮ ਨੀਤੀ ਨਾਲ ਟੱਕਰ ਲੈਣ ਲਈ ਕਰਤਾਰਪੁਰ ਦੇ ਬਾਬਾ ਲੱਧਾ ਸਿੰਘ ਸੋਢੀ, ਬਾਬਾ ਜੋਧ ਸਿੰਘ ਸੋਢੀ, ਬਾਬਾ ਸੁੰਦਰ ਸਿੰਘ ਸੋਢੀ, ਬਾਬਾ ਰਾਮ ਸਿੰਘ ਸੋਢੀ ਨੂੰ ਆਪਣੇ ਨਾਲ ਲੈ ਕੇ ਫ਼ੌਜ ਤੇ ਹਥਿਆਰ ਇਕੱਠੇ ਕਰ ਲਏ। ਇਨ੍ਹਾਂ ਤੋਂ ਇਲਾਵਾ ਨੂਰਪੁਰ ਦੇ ਰਾਜੇ ਦੇ ਵਜੀਰ ਪੁੱਤਰ ਰਾਮ ਸਿੰਘ, ਰਾਜਾ ਸੇਰ ਸਿੰਘ, ਜਸਵਾਨ, ਦਤਾਰਪੁਰ ਤੇ ਕਾਂਗੜੇ ਦੇ ਰਾਜਿਆਂ ਨੂੰ ਨਾਲ ਲੈ ਕੇ ਅੰਗਰੇਜ਼ਾਂ ਨੂੰ ਭਾਰਤ ਵਿਚੋਂ ਕੱਢਣ ਲਈ ਹਮਲਾ ਕਰ ਦਿੱਤਾ। ਪਰ ਹਥਿਆਰਾਂ ਦੀ ਘਾਟ ਕਾਰਣ ਇਸ ਲੜਾਈ ਵਿਚ ਆਪ ਹੀ ਹਾਰ ਹੋਈ।

ਪਰ ਫਿਰ ਵੀ ਹੌਸਲਾ ਨਾ ਹਾਰਿਆ ਅਤੇ ਦਸੰਬਰ 1848 ਈ. ਵਿਚ ਅਟਾਰੀ ਵਾਲੇ ਸਰਦਾਰਾਂ ਨੂੰ ਅੰਗਰੇਜ਼ਾਂ ਦੇ ਖਿਲਾਫ਼ ਧਰਮ ਯੁੱਧ ਕਰਨ ਲਈ ਪ੍ਰੇਰਿਆ। ਅਮੀਰ ਦੋਸਤ ਮੁਹੰਮਦ ਖਾਂ, ਸੁਲਤਾਨ ਮੁਹੰਮਦ ਤੇ ਪੀਰ ਮੁਹੰਮਦ ਧਾਰੀ ਤੋਂ ਇਲਾਵਾ ਰਾਜਪੂਤ ਰਾਜਿਆਂ ਨਾਲ ਗੱਠਜੋੜ ਕਰਕੇ ਅੰਗਰੇਜ਼ਾਂ ਦੇ ਖਿਲਾਫ ਇਕ ਤੱਕੜਾ ਸੰਘਰਸ਼ ਅਰੰਭਿਆ, ਜਿਸ ਨੂੰ ਭਾਰਤ ਦੀ ਅਜ਼ਾਦੀ ਦੀ ਪਹਿਲੀ ਜੰਗ ਕਿਹਾ ਜਾਂਦਾ ਹੈ, ਕਿਉਂਕਿ ਇਸ ਜੰਗ ਵਿਚ ਭਾਰਤ ਦੇ ਹਰ ਫਿਰਕੇ ਦੇ ਲੋਕ ਹਿੰਦੂ, ਸਿੱਖ ਤੇ ਮੁਸਲਮਾਨ ਸਭ ਸ਼ਾਮਲ ਸਨ। ਇਹ ਏਕਤਾ ਬਾਬਾ ਬਿਕਰਮਾ ਸਿੰਘ ਜੀ ਬੇਦੀ ਅਤੇ ਬਾਬਾ ਮਹਾਰਾਜ ਸਿੰਘ ਜੀ ਦੀ ਬਰਕਤ ਸਦਕਾ ਸਿਰੇ ਚੜ੍ਹੀ ਸੀ।

ਚੇਲੀਆਂ ਵਾਲੇ ਅਤੇ ਗੁਜਰਾਤ ਦੀਆਂ ਲੜਾਈਆਂ ਵਿਚ ਬਾਬਾ ਬਿਕਰਮਾ ਸਿੰਘ ਜੀ ਬੇਦੀ, ਬਾਬਾ ਮਹਾਰਾਜ ਸਿੰਘ ਨੇ ਅੰਗਰੇਜ਼ਾਂ ਦੇ ਚੰਗੇ ਦੰਦ ਖੱਟੇ ਕੀਤੇ, ਪਰ ਸੁਲਤਾਨ ਪੀਰ ਮੁਹੰਮਦ ਦੀ ਗੱਦਾਰੀ ਕਾਰਣ ਆਪ ਨੂੰ ਹਾਰ ਖਾਣੀ ਪਈ। ਅਖੀਰ ਹੁਸ਼ਿਆਰਪੁਰ ਕੋਲ ਮੁਖਬਰੀ ਹੋਣ ਤੇ ਅੰਗਰੇਜ਼ ਸਿਪਾਹੀਆਂ ਵਲੋਂ ਗ੍ਰਿਫ਼ਤਾਰ ਕਰ ਲਏ ਗਏ। ਅੰਗਰੇਜ਼ ਸਰਕਾਰ ਨੇ ਇਸ ਤੋਂ ਬਾਅਦ ਵੀ ਆਪ ਨੂੰ ਜਾਗੀਰਾਂ ਦਾ ਲਾਲਚ ਦਿੱਤੇ, ਪਰ ਆਪ ਨੇ ਪੰਥਕ ਹਿੱਤਾਂ ਲਈ ਇਨ੍ਹਾਂ ਜਾਗੀਰਾਂ ਲੈਣ ਤੋਂ ਇਨਕਾਰ ਕਰ ਦਿੱਤਾ ਅਤੇ 13 ਸਾਲ ਅੰਗਰੇਜ਼ਾਂ ਦੇ ਤਸੀਹੇ ਝਲਦੇ ਹੋਏ ਸੰਨ 1863 ਈ. ਨੂੰ ਸ਼ਹਾਦਤ ਪ੍ਰਾਪਤ ਕਰ ਗਏ।

## ਆਜ਼ਾਦ ਦੇਸ਼ ਦੇ ਲੋਕਾਂ ਦੀ ਗੁਲਾਮ ਮਾਨਸਿਕਤਾ

ਅੰਮ੍ਰਿਤਪਾਲ ਸਿੰਘ
94642-97847

72 ਸਾਲ ਪਹਿਲਾਂ ਮਿਲੀ ਆਜ਼ਾਦੀ ਲਈ ਆਪਣੀਆਂ ਕੀਮਤੀ ਜਾਨਾਂ ਕੁਰਬਾਨ ਵਾਲੇ ਮਹਾਨ ਸ਼ਹੀਦਾਂ ਦੇ ਸੁਪਨਿਆਂ ਦਾ ਭਾਰਤ ਪੌਣੀ ਸਦੀ ਬੀਤਣ ਤੋਂ ਬਾਅਦ ਵੀ ਸਾਡੇ ਤੋਂ ਕੋਹਾਂ ਦੂਰ ਹੈ। ਆਜ਼ਾਦ ਭਾਰਤ ਦੇ ਬਹੁਗਿਣਤੀ ਲੋਕਾਂ ਵਿਚੋਂ ਸਦੀਆਂ ਪੁਰਾਣੀ ਜ਼ਿਹਨੀ ਗੁਲਾਮੀ ਦਾ ਗਲਬਾ ਟੁੱਟਦਾ ਨਹੀਂ ਹੈ। ਇਸੇ ਕਰਕੇ ਅਸੀਂ ਜ਼ਿੰਦਗੀ ਦੇ ਹਰ ਖੇਤਰ ਵਿਚ ਪਛੜਦੇ ਆ ਰਹੇ ਹਾਂ। ਇਹ ਪਾੜਾ ਬਾਕੀ ਦੁਨੀਆ ਖਾਸਕਰ ਯੂਰਪੀ ਦੇਸ਼ਾਂ ਨਾਲੋਂ ਦਿਨ ਬ ਦਿਨ ਵਧਦਾ ਜਾ ਰਿਹਾ ਹੈ।

ਸਾਡੇ ਦੇਸ਼ ਵਿਚ ਅਕਸਰ ਹੀ ਇਨਸਾਨੀਅਤ ਨੂੰ ਸ਼ਰਮਸਾਰ ਕਰਨ ਵਾਲੀਆਂ ਘਟਨਾਵਾਂ ਵਿਚ ਦਿਨੋਂ ਦਿਨ ਵਾਧਾ ਹੁੰਦਾ ਜਾ ਰਿਹਾ ਹੈ। ਇਨਸਾਨ ਵਲੋਂ ਦੂਸਰੇ ਇਨਸਾਨ ਨੂੰ ਨੀਵਾਂ ਦਿਖਾਉਣਾ, ਨੁਕਸਾਨ ਪਹੁੰਚਾਉਣ ਦੀ ਪ੍ਰਵਿਰਤੀ ਨਾਲ ਹਰ ਪਾਸੇ ਅਸੁਰੱਖਿਆ ਦੀ ਭਾਵਨਾ ਬਣੀ ਹੋਈ ਹੈ। ਕੰਮਕਾਜ਼ੀ ਥਾਵਾਂ 'ਤੇ ਬੇਰੁਜ਼ਗਾਰੀ ਦੀ ਦਲਦਲ ਵਿਚ ਫਸੀ ਆਮ ਜ਼ਿੰਦਗੀ ਅਸਥਿਰਤਾ ਦੇ ਮਾਹੌਲ 'ਚੋਂ ਆਜ਼ਾਦੀ ਭਾਲ ਰਹੀ ਹੈ। ਇਨਸਾਫ਼ ਦੇ ਤਰਾਜੂ ਵਿਚ ਤੁਲਦਾ ਇਨਸਾਨ ਗੁਲਾਮ ਮਾਨਸਿਕਤਾ ਤੋਂ ਆਜ਼ਾਦੀ ਤਾਂ ਚਾਹੁੰਦਾ ਹੈ, ਪਰ ਉਸ ਨੂੰ ਰਸਤਾ ਹੀ ਨਹੀਂ ਮਿਲ ਰਿਹਾ। ਔਰਤਾਂ ਵਿਰੁੱਧ ਵਾਪਰ ਰਹੀਆਂ ਵੱਖ-ਵੱਖ ਤਰ੍ਹਾਂ ਦੀਆਂ ਜਿਸਮਾਨੀ ਛੇੜਛਾੜ ਦੀਆਂ ਘਟਨਾਵਾਂ ਬਿਮਾਰ ਮਾਨਸਿਕਤਾ ਦੀ ਨਿਸ਼ਾਨੀ ਹੀ ਤਾਂ ਹਨ। ਇਹ ਘਟਨਾਵਾਂ ਆਲਮੀ ਪੱਧਰ ਉਤੇ ਸਾਡੀ ਆਜ਼ਾਦੀ ਨੂੰ ਬੌਣਾ ਸਿੱਧ ਕਰ ਰਹੀਆਂ ਹਨ। ਸਮਾਜ ਵਿਚ ਵਿਚਰ ਰਹੇ ਮਨੁੱਖ ਨੂੰ ਬੁਨਿਆਦੀ ਸਹੂਲਤਾਂ ਦੇ ਨਾਲ-ਨਾਲ ਆਜ਼ਾਦ ਹਵਾ ਵਿਚ ਸਾਹ ਮਿਲਣ ਦੀ ਤਾਂਘ ਜਮਾਂਦਰੂ ਹੁੰਦੀ ਹੈ। ਭਾਰਤ ਵਿਚ ਰਹਿੰਦਿਆਂ ਆਜ਼ਾਦ ਖਿਆਲ ਤੇ ਮਨਮਰਜ਼ੀ ਦੀ ਜ਼ਿੰਦਗੀ ਜਿਊਣ ਦਾ ਘਰ ਦੂਰ, ਇਥੇ ਤਾਂ ਸਗੋਂ ਰੀਂਗ-ਰੀਂਗ ਕੇ ਜਿਉਂਦੇ ਲੋਕਾਂ ਨੂੰ ਵੀ ਘੁਟਣ ਮਹਿਸੂਸ ਹੋ ਰਹੀ ਹੈ। ਸਮਾਜ ਵਿਤਕਰੇ ਦੀ ਭਾਵਨਾ ਨਾਲ ਭਰਿਆ ਪਿਆ ਹੈ। ਇਸੇ ਕਰ ਕੇ ਆਪਣਾ ਉਲੂ ਸਿੱਧਾ ਕਰਨ ਲਈ ਹਰ ਕੋਈ ਆਪੋ- ਆਪਣੀ ਦੌੜ ਵਿਚ ਹੈ। ਹਰ ਮਜ਼੍ਹਬ ਦਾ ਇਨਸਾਨ ਆਪਣੇ ਮਜ਼ਬੀ ਚੱਕਰਵਿਊ ਵਿਚ ਘਿਰਿਆ ਕੱਟੜਤਾ ਵੱਲ ਜਾ ਰਿਹਾ ਹੈ। ਉਹ ਆਪਣੇ ਮਨ ਵਿਚ ਆਪਣੇ ਧਰਮ ਪ੍ਰਤੀ 100 ਫੀਸਦੀ ਆਸਥਾ ਰੱਖਦਾ ਹੋਇਆ, ਦੂਜੇ ਧਰਮਾਂ ਨਾਲ ਵਿਤਕਰੇ ਤੇ ਈਰਖਾ ਕਰਨ ਦਾ ਗੁਲਾਮ ਬਣ ਰਿਹਾ ਹੈ। ਹਰ ਧਰਮ ਵਿਚ ਦਿੱਤਾ ਇਨਸਾਨੀਅਤ ਦਾ ਸੰਦੇਸ਼ ਆਜ਼ਾਦੀ ਦੀ ਰਾਹ ਤੱਕ ਲਿਜਾਂਦਾ ਹੈ ਪਰ ਜ਼ਿਹਨੀ ਗੁਲਾਮੀ ਨੇ ਧਰਮ ਦੀ ਮੂਲ ਪਰਿਭਾਸ਼ਾ ਹੀ ਬਦਲ ਲਈ ਹੈ।

ਸਿਆਸੀ ਤੰਤਰ ਵਲੋਂ ਬੁਣੇ ਤਾਣੇ-ਬਾਣੇ ਵਿਚ ਪਿਸਦਾ ਆਮ ਇਨਸਾਨ, ਇਨਸਾਨੀਅਤ 'ਤੇ ਹੋ ਰਹੇ ਅਤਿਆਚਾਰਾਂ ਨੂੰ ਅੱਖਾਂ ਬੰਦ ਕਰ ਕੇ ਸਹਿਣ ਕਰਦਾ ਜਾ ਰਿਹਾ ਹੈ, ਉਸ ਕੋਲੋਂ ਦੂਜਿਆਂ ਦੀ ਤਾਂ ਛੱਡੋ, ਖ਼ੁਦ ਆਪਣੇ ਲਈ ਇਨਸਾਫ਼ ਪ੍ਰਾਪਤ ਕਰਨ ਦੀ ਪਹੁੰਚ ਦੀ ਤਵੱਜੋ ਕਰਨੀ ਹੀ ਬੇ-ਮਾਅਨਾ ਹੋ ਕੇ ਰਹਿ ਗਈ ਹੈ। ਆਜ਼ਾਦੀ ਦੇ ਇਨ੍ਹਾਂ ਸਾਲਾਂ ਦੇ ਅਰਸੇ ਦੌਰਾਨ ਭਾਰਤ ਨਾਂ ਦੇ ਇਸ ਦੇਸ਼ ਵਿਚ ਬੇਰੁਜ਼ਗਾਰੀ, ਨਾ-ਇਨਸਾਫ਼ੀ, ਭੇਦ-ਭਾਵ, ਘੱਟ ਗਿਣਤੀ ਕੌਮਾਂ ਦੀ ਨਸਲਕੁਸ਼ੀ, ਔਰਤਾਂ ਦੀ ਅਸੁਰੱਖਿਆ, ਬਾਲ ਸ਼ੋਸ਼ਣ, ਸਿਆਸੀ ਤੰਤਰ ਦੀਆਂ ਨਾਂਪੱਖੀ ਨੀਤੀਆਂ ਅਤੇ ਕੁਰੱਪਸ਼ਨ ਦੀ ਕਿਆਮਤ ਦਾ ਦੌਰ ਹੀ ਚੱਲਦਾ ਆ ਰਿਹਾ ਹੈ। ਹਰ ਵਿਅਕਤੀ ਵਿਚ ਇਕ ਧਰਮ ਤੋਂ ਦੂਜੇ ਧਰਮ ਦੇ ਵਿਅਕਤੀ ਤੋਂ ਅਸੁਰੱਖਿਆ ਦੀ ਭਾਵਨਾ ਦਾ ਪਨਪਣਾ ਹੋਰ ਵੱਧ ਖਤਰਨਾਕ ਨਤੀਜੇ ਕੱਢ ਸਕਦਾ ਹੈ। ਇਸ ਕਰਕੇ ਕਥਿਤ ਆਜ਼ਾਦ ਦੇਸ਼ ਦੇ ਲੋਕਾਂ ਨੂੰ ਅਜਿਹੀ ਮਾਨਸਿਕ ਗੁਲਾਮੀ ਤੋਂ ਨਿਜ਼ਾਤ ਦਿਵਾਉਣ ਲਈ ਹਾਲ ਦੀ ਘੜੀ ਤਾਂ ਇਹੋ ਕਹਿ ਸਕਦੇ ਹਾਂ, ਕਿ "ਰੱਬ ਹੀ ਬਹੁੜੀ ਕਰੇ"।

## 20ਵੀਂ ਸਦੀ ਦੇ ਯੁੱਗਪੁਰਸ਼ : ਭਗਤ ਪੂਰਨ ਸਿੰਘ

ਅਮਨਦੀਪ ਕੌਰ ਹਾਂਸ



ਸਾਲ 1992 ਨੇ ਇਸ ਸੰਸਾਰ ਕੋਲੋਂ ਇੱਕ ਅਜਿਹੇ ਯੁੱਗਪੁਰਸ਼ ਮਸੀਹੇ ਨੂੰ ਜੁਦਾ ਕਰ ਦਿੱਤਾ ਸੀ, ਜਿਸ ਨੇ ਆਪਣਾ ਪੂਰਾ ਜੀਵਨ ਜਾਤਾਂ-ਪਾਤਾਂ ਅਤੇ ਵਖਰੇਵਿਆਂ ਤੋਂ ਉੱਪਰ ਉੱਠ ਕੇ ਸਮੁੱਚੀ ਮਾਨਵਤਾ ਨੂੰ ਸਮਰਪਿਤ ਕਰ ਦਿੱਤਾ। ਸੰਨ 1904 ਵਿੱਚ ਪਿੰਡ ਰਾਜੇਵਾਲ ਲੁਧਿਆਣਾ 'ਚ ਇੱਕ ਸ਼ਾਹੂਕਾਰ ਦੇ ਘਰ ਜਨਮੇ ਰਾਮਜੀ ਦਾਸ ਉਰਫ਼ ਭਗਤ ਪੂਰਨ ਸਿੰਘ ਨੇ ਆਪਣੀ ਮੁੱਢਲੀ ਵਿੱਦਿਆ ਸਰਕਾਰੀ ਹਾਈ ਸਕੂਲ ਖੰਨਾ ਦੇ ਬੋਰਡਿੰਗ ਹਾਊਸ ਤੋਂ ਕੀਤੀ। ਦਸਵੀਂ ਦਾ ਇਮਤਿਹਾਨ ਉਨ੍ਹਾਂ ਨੂੰ ਆਪ ਜੀ ਦੀ ਮਾਤਾ ਵੱਲੋਂ ਲੋਕਾਂ ਦੇ ਘਰਾਂ ਦੇ ਜੂਠੇ ਭਾਂਡੇ ਮਾਂਜ ਕੇ ਦੁਆਇਆ ਗਿਆ ਸੀ, ਕਿਉਂਕਿ ਉਸ ਦੌਰ ਵਿੱਚ ਮੀਂਹ ਨਾ ਪੈਣ ਕਾਰਨ ਪਿਤਾ ਦਾ ਸ਼ਾਹੂਕਾਰੀ ਧੰਦਾ ਚੌਪਟ ਹੋ ਗਿਆ ਸੀ। ਕਿਸਾਨਾਂ ਨੂੰ ਦਿੱਤਾ ਹੋਇਆ 50-60 ਹਜ਼ਾਰ ਰੁਪਏ ਦਾ ਕਰਜ਼ਾ ਡੁੱਬ ਚੁੱਕਾ ਸੀ, ਜਿਸ ਨੇ ਭਗਤ ਪੂਰਨ ਸਿੰਘ ਦੇ ਪਰਿਵਾਰ ਨੂੰ ਕੰਗਾਲੀ ਦੇ ਹਾਲਾਤ ਵਿੱਚ ਲੈ ਆਂਦਾ। ਰਾਮ ਜੀ ਦਾਸ ਉਰਫ ਭਗਤ ਪੂਰਨ ਸਿੰਘ ਦੀ ਮਾਂ ਉਸ ਨੂੰ ਦਸਵੀਂ ਪਾਸ ਕਰਵਾਉਣ ਵਾਸਤੇ ਕੋਈ ਵੀ ਕੁਰਬਾਨੀ ਕਰਨ ਨੂੰ ਤਿਆਰ ਸੀ। ਇਸੇ ਕਰਕੇ ਉਹ ਲੁਧਿਆਣਾ ਤੋਂ ਲਾਹੌਰ ਆ ਗਈ ਅਤੇ ਲੋਕਾਂ ਦੇ ਘਰਾਂ 'ਚ ਉਸ ਨੇ ਕੰਮ ਕਰਨਾ ਸ਼ੁਰੂ ਕਰ ਦਿੱਤਾ। ਭਗਤ ਪੂਰਨ ਦਸਵੀਂ ਪਾਸ ਨਾ ਕਰ ਸਕਣ ਤੋਂ ਬਾਅਦ ਪੂਰਨ ਵੀ ਆਪਣੀ ਮਾਂ ਕੋਲ ਲਾਹੌਰ ਪਹੁੰਚ ਗਿਆ ਤੇ ਗੁਰਦੁਆਰਾ ਡੇਰਾ ਸਾਹਿਬ, ਜੋ ਗੁਰੂ ਅਰਜਨ ਸਾਹਿਬ ਦੀ ਸ਼ਹਾਦਤ ਦੀ ਯਾਦ ਵਿੱਚ ਬਣਿਆ ਹੋਇਆ, ਵਿਖੇ ਸੇਵਾ ਕਰਨ ਲੱਗ ਪਿਆ। ਇੱਥੇ ਹੀ ਪ੍ਰਬੰਧਕਾਂ ਵੱਲੋਂ ਇਕ ਅਪਾਹਜ ਬੱਚੇ ਦੀ ਦੇਖਭਾਲ ਦਾ ਜ਼ਿੰਮਾ ਭਗਤ ਪੂਰਨ ਸਿੰਘ ਨੂੰ ਸੌਂਪ ਦਿੱਤਾ। ਜਿਸ ਨੂੰ ਉਹ ਲਗਾਤਾਰ 14 ਵਰ੍ਹੇ ਆਪਣੇ ਗਲ ਨਾਲ ਲਗਾ ਕੇ ਵੱਖ-ਵੱਖ ਜਗ੍ਹਾ ਚੁੱਕੀ ਫਿਰਦੇ ਰਹੇ। ਭਗਤ ਪੂਰਨ ਸਿੰਘ ਵਾਸਤੇ ਇਹ ਸਮਾਂ ਨਿਸ਼ਕਾਮ ਸੇਵਾ ਨੂੰ ਸਮਰਪਿਤ ਹੋਣ ਅਤੇ ਸਾਡੇ ਸਮਾਜ ਵਾਸਤੇ ਇੱਕ ਪ੍ਰੇਰਨਾ ਬਣਨ ਦਾ ਸਮਾਂ ਸੀ। ਇਸ ਸਮੇਂ ਦੌਰਾਨ ਭਗਤ ਜੀ ਕੋਲ ਚਾਰ ਬੱਚੇ ਹੋਰ ਆ ਗਏ, ਜਿਨ੍ਹਾਂ ਨੂੰ ਉਨ੍ਹਾਂ ਦੇ ਪਰਿਵਾਰਾਂ ਵੱਲੋਂ ਠੁਕਰਾ ਦਿੱਤਾ ਗਿਆ ਸੀ। ਉਕਤ ਚਾਰਾਂ ਬੱਚਿਆਂ ਨੂੰ ਅੰਮ੍ਰਿਤਸਰ ਰੇਲਵੇ ਸਟੇਸ਼ਨ ਦੇ ਵਿਹੜੇ ਵਿੱਚ ਛੱਡ ਕੇ ਆਪ ਲੋਕਾਂ ਦੇ ਘਰਾਂ ਤੋਂ ਰੋਟੀਆਂ ਮੰਗ ਕੇ ਉਨ੍ਹਾਂ ਨੂੰ ਪਾਲਣ-ਪੋਸ਼ਣ ਕਰਦੇ। ਬਿਮਾਰ ਬੱਚਿਆਂ ਨੂੰ ਗੁਰੂ ਤੇਗ ਬਹਾਦਰ ਹਸਪਤਾਲ ਵੀ ਲੈ ਕੇ ਜਾਂਦੇ। ਹੌਲੀ-ਹੌਲੀ ਉਨ੍ਹਾਂ ਕੋਲ 20-25 ਦੇ ਕਰੀਬ ਰੋਗੀ ਅਤੇ ਅਪਾਹਜਾਂ ਨੂੰ ਉਨ੍ਹਾਂ ਨੇ ਆਪਣੀ ਸ਼ਰਨ ਵਿੱਚ ਲੈ ਲਿਆ, ਤਾਂ ਪਹਿਲਾਂ ਸੜਕ 'ਤੇ ਝੌਂਪੜੀਆਂ ਬਣਾ ਕੇ ਉਨ੍ਹਾਂ ਦੀ ਸੇਵਾ ਕਰਨ ਲੱਗੇ। ਭਾਰਤ-ਪਾਕਿ ਵੰਡ ਦੌਰਾਨ ਉਨ੍ਹਾਂ ਨੂੰ ਮੁਸਲਮਾਨ ਪਰਿਵਾਰ ਵੱਲੋਂ ਛੱਡੀ ਹੋਈ ਕੋਠੀ, ਜੋ ਖ਼ਾਲੀ ਪਈ ਸੀ, ਉਸ ਵਿੱਚ ਇਨ੍ਹਾਂ ਨੇ ਪਨਾਹ ਲਈ। ਇੱਥੋਂ ਹੀ ਭਗਤ ਪੂਰਨ ਸਿੰਘ ਦੇ ਪਿੰਗਲਵਾੜੇ ਦਾ ਮੁੱਢ ਬੱਝਾ। ਭਗਤ ਪੂਰਨ ਸਿੰਘ ਦੀ ਨਿਸ਼ਕਾਮ ਸੇਵਾ ਤੋਂ ਲੋਕ ਪ੍ਰਭਾਵਿਤ ਹੁੰਦੇ ਗਏ ਅਤੇ ਉਸ ਦੇ ਨਾਲ ਜੁੜਦੇ ਗਏ। ਜਿਸ ਦੀ ਬਦੌਲਤ 1948-49 'ਚ ਪਿੰਗਲਵਾੜਾ ਅੰਮ੍ਰਿਤਸਰ ਦੀ ਸਥਾਪਨਾ ਹੋਈ।

ਭਗਤ ਪੂਰਨ ਸਿੰਘ ਦੀ ਮਾਤਾ ਮਹਿਤਾਬ ਕੌਰ ਦੀਆਂ ਸਿੱਖਿਆਵਾਂ ਦਾ ਏਨਾ ਪ੍ਰਭਾਵ ਸੀ ਕਿ ਉਹ ਹਮੇਸ਼ਾ ਕੁਦਰਤ ਦੀ ਹਰ ਦੇਣ ਦਾ ਤਹਿ ਦਿਲੋਂ ਸਤਿਕਾਰ ਕਰਦੇ ਸਨ। ਰੁੱਖ ਲਗਾਉਣਾ ਅਤੇ ਵਰਤਮਾਨ ਸਮੇਂ ਤੇਲ, ਪੈਟ੍ਰੋਲ ਸਦਕਾ ਦਿਨੋਂ-ਦਿਨ ਵੱਧ ਰਹੇ ਪ੍ਰਦੂਸ਼ਣ 'ਤੇ ਵੀ ਉਹ ਗਹਿਰੇ ਚਿੰਤਕ ਸਨ, ਕਿਉਂਕਿ ਭਗਤ ਪੂਰਨ ਦੀ ਮਾਤਾ ਨੂੰ ਰੁੱਖਾਂ ਨਾਲ ਵੀ ਓਨਾ ਹੀ ਮੋਹ ਸੀ, ਜਿੰਨਾ ਉਨ੍ਹਾਂ ਨੂੰ ਆਪਣੇ ਪੁੱਤਰ ਨਾਲ। ਪੂਰਨ ਦੀ ਮਾਤਾ ਆਪਣੇ ਹੱਥੀਂ ਲਗਾਏ ਹੋਏ ਰੁੱਖਾਂ ਨੂੰ ਰੋਜ਼ਾਨਾ ਖੂਹ ਵਿੱਚੋਂ ਡੋਲ ਰਾਹੀਂ ਪਾਣੀ ਭਰ ਕੇ ਆਪ ਸਿੰਝਦੇ ਸਨ। 1930 ਵਿੱਚ ਛੇਹਰਟਾ ਦੇ ਇੱਕ ਗੁਰਦੁਆਰਾ ਸਾਹਿਬ ਦੇ ਵਿਹੜੇ 'ਚ ਢਾਈ ਸਾਲ ਦੀ ਲੰਬੀ ਬਿਮਾਰੀ ਤੋਂ ਬਾਅਦ ਪੂਰਨ ਦੀ ਮਾਂ ਉਸ ਨੂੰ ਇਸ ਸੰਸਾਰ ਵਿੱਚ ਇਕੱਲਿਆਂ ਛੱਡ ਕੇ ਗਈ, ਤਾਂ ਉਸ ਵੇਲੇ ਪੂਰਨ ਜੀ ਨੇ ਇਹ ਕਸਮ ਖਾਧੀ ਸੀ ਕਿ ਉਹ ਆਪਣਾ ਪੂਰਾ ਜੀਵਨ ਜਤੀ-ਸਤੀ ਬਣ ਕੇ ਨਿਆਸਰਿਆਂ ਦਾ ਆਸਰਾ ਬਣਨਗੇ। ਭਗਤ ਪੂਰਨ ਜੀ ਵੱਲੋਂ ਇੱਕ ਚਾਰ ਸਾਲਾ ਅਪਾਹਜ ਬੱਚੇ ਦੀ ਸੇਵਾ ਤੋਂ ਸ਼ੁਰੂ ਹੋਇਆ ਇਹ ਸਫ਼ਰ ਵਰਤਮਾਨ ਸਮੇਂ ਸਮੁੱਚੀ ਦੁਨੀਆਂ ਵਾਸਤੇ ਚਾਨਣ ਮੁਨਾਰਾ ਬਣ ਕੇ ਦੁਨੀਆਂ ਦੇ ਨਕਸ਼ੇ 'ਤੇ ਸੂਰਜ ਵਾਂਗ ਚਮਕ ਰਿਹਾ ਹੈ। ਭਗਤ ਪੂਰਨ ਸਿੰਘ ਦੇ ਤਿਆਗ ਤੇ ਤਪੱਸਿਆ ਅੱਗੇ ਹਰ ਇਨਸਾਨ ਦਾ ਸਿਰ ਝੁਕਦਾ ਹੈ।

ਭਗਤ ਪੂਰਨ ਸਿੰਘ ਦੇ ਪਿੰਗਲਵਾੜੇ ਦੀਆਂ ਵੱਖ-ਵੱਖ ਸ਼ਾਖਾਵਾਂ ਵਿੱਚ ਲਾਵਾਰਸ ਰੋਗੀਆਂ ਦੇ ਰਹਿਣ, ਖਾਣ-ਪੀਣ ਅਤੇ ਇਲਾਜ ਦਾ ਪੂਰਾ ਪ੍ਰਬੰਧ ਹੈ। ਹਰ ਵਰ੍ਹੇ ਦੋ ਸੌ ਤੋਂ ਵੱਧ ਮਰੀਜ਼ ਦਾਖਲ ਹੁੰਦੇ ਹਨ, ਜਿਨ੍ਹਾਂ ਵਿੱਚੋਂ ਲੱਗਭੱਗ ਸਵਾ ਸੌ ਠੀਕ ਹੋ ਕੇ ਸਮਾਜ ਵਿੱਚ ਵਿਚਰਨ ਯੋਗ ਹੋ ਜਾਂਦੇ ਹਨ। ਠੀਕ ਹੋ ਚੁੱਕੇ ਮਰੀਜ਼ਾਂ ਦੇ ਪੁਨਰਵਾਸ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਂਦਾ ਹੈ। ਅਨਾਥ ਅਤੇ ਗਰੀਬ ਬੱਚਿਆਂ ਵਾਸਤੇ ਦੋ ਸਕੂਲਾਂ ਰਾਹੀਂ ਮੁਫ਼ਤ ਵਿੱਦਿਆ ਦਾ ਪ੍ਰਬੰਧ ਕੀਤਾ ਗਿਆ ਹੈ। ਅੱਠ ਸੌ ਤੋਂ ਵੱਧ ਲੜਕੇ-ਲੜਕੀਆਂ ਨੂੰ ਆਧੁਨਿਕ ਸਿੱਖਿਆ ਪ੍ਰਾਪਤ ਕਰ ਰਹੇ ਹਨ। ਮੰਦ ਬੁੱਧੀ ਵਾਲੇ ਬੱਚਿਆਂ ਵਾਸਤੇ ਚੰਡੀਗੜ੍ਹ ਅਤੇ ਅੰਮ੍ਰਿਤਸਰ ਵਿੱਚ ਵਿਸ਼ੇਸ਼ ਸਕੂਲ ਚਲਾਏ ਜਾ ਰਹੇ ਹਨ। ਇਨ੍ਹਾਂ ਵਿੱਚੋਂ 70 ਬੱਚੇ ਅਤੇ 30 ਦੇ ਕਰੀਬ ਬਾਲਗ ਵਿੱਦਿਆ ਪ੍ਰਾਪਤ ਕਰ ਰਹੇ ਹਨ। ਇਸ ਮਹਾਨ ਅਦਾਰੇ ਵੱਲੋਂ ਹਰ ਵਰ੍ਹੇ 15 ਹਜ਼ਾਰ ਰੁੱਖ ਵੀ ਲਗਵਾਏ ਜਾਂਦੇ ਹਨ। ਕੁਦਰਤੀ ਹਾਦਸੇ ਜਾਂ ਕਹਿਰ ਵੇਲੇ ਜਿਵੇਂ ਸੁਨਾਮੀ ਲਹਿਰਾਂ, ਭੂਚਾਲ ਆਦਿ ਦੀ ਮਾਰ ਝੱਲ ਰਹੇ ਲੋੜਵੰਦਾਂ ਨੂੰ ਸਹਾਇਤਾ ਤੁਰੰਤ ਪਹੁੰਚਾਈ ਜਾਂਦੀ ਹੈ। ਭਗਤ ਪੂਰਨ ਨੂੰ ਉਨ੍ਹਾਂ ਦੀਆਂ ਮਾਨਵੀ ਸੇਵਾਵਾਂ ਬਦਲੇ ਬੇਸ਼ੱਕ ਅਨੇਕਾਂ ਸੰਸਥਾਵਾਂ ਨੇ ਉਨ੍ਹਾਂ ਨੂੰ ਸਨਮਾਨਤ ਕੀਤਾ ਸੀ, ਪਰ ਜਿਸ ਸਨਮਾਨ ਦੇ ਉਹ ਅਸਲੀ ਹੱਕਦਾਰ ਸਨ, ਉਹ ਸਿਰਫ਼ ਉਨ੍ਹਾਂ ਦੇ ਸਿੱਖ ਧਰਮ ਨਾਲ ਸੰਬੰਧਿਤ ਹੋਣ ਕਰਕੇ ਉਨ੍ਹਾਂ ਨੂੰ ਨਾ ਦਿੱਤਾ ਗਿਆ। ਹਾਲਾਂ ਕਿ ਪਦਮਸ਼੍ਰੀ ਦੀ ਉਪਾਧੀ ਮਿਲੀ ਸੀ, ਪਰ ਉਨ੍ਹਾਂ ਨੇ ਦਰਬਾਰ ਸਾਹਿਬ 'ਤੇ ਹੋਈ ਫ਼ੌਜੀ ਕਾਰਵਾਈ ਕਰਕੇ ਮੋੜ ਦਿੱਤੀ ਸੀ। ਉਨ੍ਹਾਂ ਦਾ ਕਹਿਣਾ ਸੀ ਕਿ ਦਰਬਾਰ ਸਾਹਿਬ ਸਾਡਾ ਮੱਕਾ ਮਦੀਨਾ ਹੈ, ਇਸ ਵਾਸਤੇ ਤੁਹਾਡੇ ਸਨਮਾਨ ਤੋਂ ਜ਼ਿਆਦਾ ਆਪਣੇ ਇਸ ਮੁਕੱਦਸ ਸਥਾਨ ਦੀ ਮਾਣ-ਮਰਿਯਾਦਾ ਜ਼ਿਆਦਾ ਪਿਆਰੀ ਹੈ। ਭਗਤ ਪੂਰਨ ਸਿੰਘ ਦੀ ਸ਼ਖ਼ਸੀਅਤ ਇੰਨੀ ਉੱਚੀ ਸੀ ਕਿ ਉਨ੍ਹਾਂ ਸਾਹਮਣੇ ਹਰ ਪੁਰਸਕਾਰ ਬਹੁਤ ਛੋਟਾ ਦਿਖਾਈ ਦਿੰਦਾ ਸੀ। ਕਿਉਂਕਿ ਭਗਤ ਪੂਰਨ ਸਿੰਘ ਦਾ ਸਮੁੱਚਾ ਜੀਵਨ ਹੀ ਉਸ ਨੂੰ ਵੀਹਵੀਂ ਸਦੀ ਦਾ ਯੁੱਗਪੁਰਸ਼ ਬਣਾ ਗਿਆ ਹੈ।

## ਅੰਧ ਵਿਸ਼ਵਾਸਾਂ ਤੋਂ ਉੱਠ ਕੇ ਗਿਆਨ ਮਾਰਗ 'ਤੇ ਤੁਰੋ

ਸੁਖਦੇਵ ਸਿੰਘ

ਜਦੋਂ ਸੰਸਾਰ ਦੇ ਧਰਮ ਅੰਧ ਵਿਸ਼ਵਾਸਾਂ ਵਿੱਚ ਘਿਰੇ ਹੋਏ ਸਨ, ਤਾਂ ਬਾਬਾ ਨਾਨਕ ਦੇਵ ਜੀ ਨੇ ਦੁਨੀਆ ਨੂੰ ਗਾਡੀ ਮਾਰਗ ਦਰਸਾਉਂਦਿਆਂ ਹੋਇਆਂ ਨਾਮ ਜਪਣ, ਕਿਰਤ ਕਰਨ ਤੇ ਵੰਡ ਕੇ ਛੱਕਣ ਦਾ ਉਪਦੇਸ਼ ਦਿੱਤਾ। ਇਹ ਬਹੁਤ ਡੂੰਘਾ ਸਿਧਾਂਤ ਸੀ। ਇਸ ਵਿੱਚ ਜੀਵਨ ਦੀਆਂ ਡੂੰਘੀਆਂ ਸੱਚਾਈਆਂ ਛੁਪੀਆਂ ਹੋਈਆਂ ਹਨ। ਭਾਵੇਂ ਗੁਰੂ ਨਾਨਕ ਦੇਵ ਜੀ ਦੇ ਨਾਮ ਜਪਣ ਦੀ ਵਿਆਖਿਆ ਬਾਣੀ ਨੂੰ ਪੜ੍ਹਨਾ ਤੇ ਵਿਚਾਰਨਾ ਹੋ ਚੁੱਕੀ ਹੈ, ਜੋ ਆਪਣੀ ਥਾਂ 'ਤੇ ਠੀਕ ਹੈ, ਕਿਉਂਕਿ ਬਾਣੀ ਵੀ ਜੀਵਨ ਦੀਆਂ ਅਟੱਲ ਸੱਚਾਈਆਂ ਨੂੰ ਦਰਸਾਉਂਦੀ ਹੈ, ਪਰ ਸਤਿਨਾਮ ਦੇ ਅਸਲੀ ਅਰਥ ਸਤਿ ਤੋਂ ਭਾਵ ਕਿਸੇ ਚੀਜ਼ ਦੀ ਸੱਚਾਈ। ਭਾਵ ਉਸ ਦਾ ਸਤਿ ਕੱਢ ਲੈਣਾ। ਇਹੋ ਹੀ ਨਾਮ ਹੈ, ਜੋ ਉਸ ਪਰਮਾਤਮਾ ਦੀ ਅਸਲੀ ਉਸਤਤ ਹੈ ਭਾਵ ਸੱਚਾਈ ਹੀ ਪਰਮਾਤਮਾ ਦੀ ਅਸਲੀ ਉਸਤਤ ਹੈ। ਸੱਚਾਈ ਵਿੱਚ ਉਤਰਨਾ ਹੀ ਨਾਮ ਜਪਣਾ ਹੈ। ਜੋ ਜੀਵ ਬਾਣੀ ਤਾਂ ਪੜ੍ਹਦੇ ਹਨ, ਪਰ ਨਾ ਆਪਣੇ ਜੀਵਨ ਨੂੰ ਤੇ ਨਾ ਹੀ ਆਪਣੀਆਂ ਸੋਚਾਂ ਨੂੰ ਸੱਚਾਈ ਵਿੱਚ ਉਤਾਰਦੇ ਹਨ, ਬਾਬੇ ਨਾਨਕ ਦੇਵ ਜੀ ਦੇ ਸਿਧਾਂਤ ਅਨੁਸਾਰ ਉਹ ਨਾਮ ਨਹੀਂ ਜਪ ਰਹੇ। ਭਾਵੇਂ ਬਾਣੀ ਦੇ ਉੱਚਾਰਨ ਵਿੱਚ ਉਹਨਾਂ ਕੋਈ ਕਸਰ ਬਾਕੀ ਨਹੀਂ ਛੱਡੀ, ਉਹ ਅੰਧ ਵਿਸ਼ਵਾਸੀ ਹੀ ਸਮਝੇ ਜਾਣਗੇ।

ਭਾਵੇਂ ਸਾਇੰਸ ਦੀ ਬਾਹਰਮੁਖੀ ਪਦਾਰਥਕ ਖੋਜ ਨੇ ਮਨੁੱਖਤਾ ਦਾ ਬਹੁਤ ਸਾਰਾ ਅੰਧ ਵਿਸ਼ਵਾਸ ਦੂਰ ਕਰ ਦਿੱਤਾ ਹੈ, ਪਰ ਸਿੱਖੀ ਸਿਧਾਂਤ ਅਨੁਸਾਰ ਆਪੇ ਦੀ ਪਛਾਣ ਭਾਵ ਸਵੈ ਪੜਚੋਲ ਮਨੁੱਖ ਦੇ ਅੰਦਰੂਨੀ ਤੇ ਜੀਵਨ ਪ੍ਰਤੀ ਅੰਧ ਵਿਸ਼ਵਾਸ ਨੂੰ ਦੂਰ ਕਰਦਾ ਹੈ। ਸਵੈ-ਪੜਚੋਲ ਦੱਸਦੀ ਹੈ ਕਿ ਮਨੁੱਖ ਅੰਦਰ ਉੱਠਦੇ ਖ਼ਿਆਲ ਲੋਭ, ਲਾਲਚ ਨਾਲ ਭਰੇ ਕਈਆਂ ਕਾਰਨਾਂ ਕਰਕੇ ਸੰਸਾਰ ਨੂੰ ਜੱਫੇ ਪਾਉਂਦੇ ਫਿਰਦੇ ਹਨ, ਇਹ ਜੱਫਿਆਂ 'ਚੋਂ ਤੇ ਇਕੱਠੇ ਕੀਤੇ ਹੋਏ ਕਿਤਾਬੀ ਗਿਆਨ 'ਚੋਂ ਹਉਮੈਂ ਉੱਠ ਖਲੋਂਦੀ ਹੈ, ਜੋ ਅੰਤ ਵਿੱਚ ਇਸ ਦੇ ਦੁੱਖਾਂ ਤੇ ਪਰੇਸ਼ਾਨੀਆਂ ਦਾ ਕਾਰਨ ਬਣਦੇ ਹਨ। ਕਿਉਂਕਿ ਸੰਸਾਰ ਇਸ ਦੀ ਮਲਕੀਅਤ ਨਹੀਂ ਹੈ। ਇਸ ਪ੍ਰਕਿਰਤੀ ਦਾ ਪਰਮਾਤਮਾ ਆਪ ਹੀ ਮਾਲਕ ਹੈ। ਇੱਥੋਂ ਤੱਕ ਕਿ ਖ਼ਿਆਲ ਤੇ ਫੁਰਨੇ ਵੀ ਇਸ ਦੀ ਮਲਕੀਅਤ ਨਹੀਂ ਹਨ। ਇਹ ਵੀ ਜੀਵਨ ਤੱਤਾਂ ਤੋਂ ਉਪਜੀ ਹੋਈ ਸ਼ਕਤੀ ਦਾ ਵਕਤੀ ਪ੍ਰਕਾਸ਼ ਹੈ। ਸੰਸਾਰ ਜੀਵਨ ਲੀਲ੍ਹਾ ਦਾ ਅਖਾੜਾ ਹੈ, ਇੱਥੇ ਮੇਰਾ-ਮੇਰਾ ਕਰਨ ਦੀ ਲੋੜ ਨਹੀਂ, ਨਸ਼ਿਆਂ ਤੋਂ ਰਹਿਤ ਅਨੰਦਪੂਰਵਕ ਜੀਉਣਾ ਹੀ ਜੀਵਨ ਦਾ ਅਸਲੀ ਰਾਜ ਹੈ।

ਜਿਉਂ-ਜਿਉਂ ਮਨੁੱਖ ਸੱਚਾਈਆਂ ਵਿੱਚ ਗਹਿਰਾ ਉੱਤਰਦਾ ਹੈ, ਇਸ ਨੂੰ ਆਪਣੀ ਹੋਂਦ ਦੀਆਂ ਹੱਦਾਂ ਬਹੁਤ ਦੂਰ ਤੱਕ ਦਿਖਾਈ ਦਿੰਦੀਆਂ ਹਨ। ਸੂਰਜ, ਧਰਤੀ, ਆਕਾਸ਼, ਹਵਾ ਤੇ ਪਾਣੀ ਇਸ ਜੀਵਨ ਦੇ ਪੱਕੇ ਅੰਗ ਹਨ। ਇਹਨਾਂ ਤੋਂ ਬਿਨਾਂ ਇੱਥੇ ਕੋਈ ਜੀਵਨ ਸੰਭਵ ਨਹੀਂ ਹੈ। ਧਰਤੀ 'ਤੇ ਤੁਰਦਾ ਫਿਰਦਾ ਹਰ ਜੀਵ ਇੱਕੋ ਜੀਵਨ ਦਾ ਹਿੱਸਾ ਹੈ, ਕੋਈ ਬੇਗਾਨਾ ਨਹੀਂ ਹੈ। ਉਦੋਂ ਬਾਬੇ ਨਾਨਕ ਦੇਵ ਜੀ ਦੀ ਸਾਂਝੀਵਾਲਤਾ ਦੀ ਸਮਝ ਆਉਂਦੀ ਹੈ 'ਸਗਲ ਸੰਗ ਹਮ ਕੋ ਬਨ ਆਈ' ਦੇ ਅਸਲੀ ਅਰਥ ਸਮਝ ਆਉਂਦੇ ਹਨ।

ਅੱਜ ਰਾਜਨੀਤੀ ਮਨੁੱਖੀ ਜੀਵਨ ਦੇ ਬਹੁਤ ਵੱਡੇ ਹਿੱਸੇ ਉੱਤੇ ਭਾਰੂ ਹੁੰਦੀ ਜਾ ਰਹੀ ਹੈ, ਪਰ ਇੱਥੇ ਵੀ ਸੰਸਾਰ ਅੰਦਰ ਉਹ ਹੀ ਰਾਜਨੀਤੀ ਪਲਦੀਆਂ ਸਫਲ ਹੋ ਰਹੀਆਂ ਹਨ, ਜਿਨ੍ਹਾਂ ਨੇ ਗੁਰੂਆਂ ਦਾ ਸਾਂਝੀਵਾਲਤਾ ਵਾਲਾ ਸਿਧਾਂਤ ਦ੍ਰਿੜ੍ਹਤਾ ਨਾਲ ਲਾਗੂ ਕਰ ਰੱਖਿਆ ਹੈ, ਕਿਉਂਕਿ ਇਸ ਦੇ ਉਲਟ ਮਨੁੱਖੀ ਜੀਵਨ ਦਾ ਕੋਈ ਉਜਲਾ ਭਵਿੱਖ ਨਹੀਂ ਹੈ। ਇਹ ਬੁੱਧ ਪੁਰਖਾਂ ਦੀ ਗਹਿਰੀ ਸੋਚ ਦਾ ਫਲ ਹੈ। ਭਾਵੇਂ ਕੁਝ ਲੋਕਾਂ ਨੂੰ ਹਿੰਦੋਸਤਾਨ ਨਾਲ ਕਈ ਤਰ੍ਹਾਂ ਦੇ ਸ਼ਿਕਵੇ ਸ਼ਿਕਾਇਤਾਂ ਹਨ, ਪਰ ਇਸ ਦੇ ਵਿਧਾਨ ਦੀ ਬਣਤਰ ਸਿੱਖ ਸਿਧਾਂਤਾਂ ਅਨੁਸਾਰ ਬਣਾਈ ਗਈ ਹੈ। ਮਨੂੰਵਾਦ ਦੇਸ਼ ਨੂੰ ਇੱਕਮੁੱਠ ਨਹੀਂ ਸੀ ਰੱਖ ਸਕਦਾ। ਇਹ ਸਾਂਝੀਵਾਲਤਾ ਦਾ ਸਿਧਾਂਤ ਹੀ ਦੇਸ਼ ਨੂੰ ਇੱਕ ਲੜੀ ਵਿੱਚ ਪਰੋ ਸਕਿਆ ਹੈ। ਜਿਉਂ-ਜਿਉਂ ਭਾਰਤ ਦੀ ਜਨਤਾ ਗੁਰੂ ਵਿਚਾਰ ਤੇ ਗੁਰੂ ਸਿਧਾਂਤ ਵਿੱਚ ਰੰਗੀ ਜਾਵੇਗੀ, ਇਹ ਦੇਸ਼ ਉੱਨਤੀ ਦੀਆਂ ਮੰਜ਼ਿਲਾਂ ਵੱਲ ਵੱਧਦਾ ਜਾਵੇਗਾ। ਇਹ ਸਿੱਖਾਂ ਲਈ ਬੜੇ ਮਾਣ ਦੀ ਗੱਲ ਹੈ ਕਿ ਯੂਰਪੀਅਨ ਯੂਨੀਅਨ ਤੇ ਯੂ. ਐਨ. ਓ. ਸਭ ਸਿੱਖ ਸਿਧਾਂਤਾਂ ਦਾ ਹੀ ਪ੍ਰਚਾਰ ਕਰ ਰਹੀਆਂ ਹਨ।

ਦੇਸ਼ ਅੰਦਰ ਭਾਜਪਾ ਦੀ ਗਿਰਾਵਟ ਤੇ ਕਾਂਗਰਸ ਦੀ ਚੜ੍ਹਤ ਵੀ ਸਿੱਖ ਸਿਧਾਂਤਾਂ ਤੋਂ ਭਗੌੜੇ ਹੋਣ ਤੇ ਦੂਸਰੇ ਦਾ ਜੁੜੇ ਰਹਿਣ ਕਰਕੇ ਹੈ। ਬੀ.ਜੇ. ਪੀ. ਲੰਮੇ ਸਮੇਂ ਲਈ ਸਫ਼ਲ ਨਹੀਂ ਹੋਵੇਗੀ, ਜਦ ਤੱਕ ਇੱਕ ਗੁਰੂ ਦੇ ਸਾਂਝੀਵਾਲਤਾ ਦੇ ਸਿਧਾਂਤ ਨੂੰ ਦਿਲੋਂ ਨਹੀਂ ਅਪਨਾਉਂਦੀ। ਅੱਜ ਇਹ ਪਾਰਟੀ ਹਿੰਦੂਵਾਦ, ਕੌਮੀਵਾਦ, ਵੱਖਵਾਦ ਤੇ ਜਾਤੀਵਾਦ ਵਿੱਚ ਘਿਰੀ ਹੋਈ ਹੈ। ਦੇਸ਼ਵਾਸੀਆਂ ਦਾ ਇਸ ਸੋਚ ਨੂੰ ਦੁਰਕਾਰ ਦੇਣਾ ਚੰਗੀ ਗੱਲ ਹੈ। ਕਾਂਗਰਸ ਅੰਦਰ ਵੀ ਲੋਕ ਆਪਣੇ ਜਾਤੀ ਹਿੱਤ ਲਈ ਹਿੰਦੂਵਾਦ ਤਾਂ ਪੱਤਾ ਖੇਡਦੇ ਆਏ ਹਨ। ਅੰਤ ਨੂੰ ਦੁਨੀਆਂ ਉੱਤੇ ਵਿਜੇ ਗੁਰੂਆਂ ਦੇ ਦੱਸੇ ਸੱਚੇ-ਸੁੱਚੇ ਆਦਰਸ਼ਾਂ ਦੀ ਹੋਣੀ ਹੈ। ਆਉਂਦਿਆਂ ਸਮਿਆਂ ਵਿੱਚ ਹਰ ਕਾਮਯਾਬ ਰਾਜਨੀਤੀ ਪਾਰਟੀ ਲਈ ਇਹਨਾਂ ਨੂੰ ਧਾਰਨ ਕਰਨਾ ਜ਼ਰੂਰੀ ਹੋ ਗਿਆ ਹੈ। ਵਕਤੀ ਤੌਰ 'ਤੇ ਲੋਕਾਂ ਦੇ ਜਜ਼ਬਾਤਾਂ ਨੂੰ ਭੜਕਾ ਕੇ ਸਾਂਭੀ ਹੋਈ ਤਾਕਤ ਬਹੁਤੀ ਦੇਰ ਟਿਕ ਨਾ ਸਕੇਗੀ।

1984 ਤੋਂ ਬਾਅਦ ਕੁਝ ਸਿੱਖਾਂ ਅੰਦਰ ਵੀ ਸਿੱਖਵਾਦ ਦਾ ਜੋਸ਼ ਖ਼ਾਲਿਸਤਾਨ ਦੇ ਨਾਅਰੇ ਲਾਉਂਦਾ ਆਇਆ ਹੈ। ਇਹਨਾਂ ਦੀ ਦਲੀਲ ਹੈ ਕਿ ਸਿੱਖ ਰਾਜ ਬਿਨਾਂ ਸਿੱਖੀ ਸਤਿਕਾਰ ਤੇ ਸਿੱਖੀ ਸ਼ਾਨ ਬਰਕਰਾਰ ਨਹੀਂ ਰੱਖੀ ਜਾ ਸਕਦੀ। ਸਿੱਖ ਰਾਜ ਖ਼ਤਮ ਹੋ ਜਾਣ ਤੋਂ ਬਾਅਦ ਸਿੱਖੀ ਸਤਿਕਾਰ ਨੂੰ ਉੱਪਰ ਕਿਵੇਂ ਚੁੱਕਿਆ ਜਾਵੇ। ਸਿੱਖ ਰਾਜ ਕਾਇਮ ਵੀ ਗੁਰੂ ਸਿਧਾਂਤਾਂ ਤੇ ਦ੍ਰਿੜ੍ਹਤਾ ਨਾਲ ਚੱਲਣ ਵਾਲੇ ਸਿੱਖ ਸਰਦਾਰਾਂ

ਬਾਕੀ ਸਫ਼ਾ 26 'ਤੇ

# ਦਰਿਆਵਾਂ ਵਰਗੇ ਦਿਲਾਂ ਦੇ ਮਾਲਕ ਹੁੰਦੇ ਨੇ ਟਰੱਕ ਡਰਾਈਵਰ

**ਬੇਅੰਤ ਕੌਰ ਗਿੱਲ, ਮੋਗਾ**
(9465606210)

ਟਰੱਕ ਡਰਾਈਵਰਾਂ ਬਾਰੇ ਵੱਧ ਤੋਂ ਵੱਧ ਜਾਨਣ ਦੀ ਇੱਛਾ ਮੇਰੀ ਬਚਪਨ ਤੋਂ ਹੀ ਰਹੀ ਹੈ ਕਿਉਂਕਿ ਇਹ ਇੱਕ ਸ਼ਹਿਰ ਤੋਂ ਦੂਸਰੇ ਸ਼ਹਿਰ, ਇੱਕ ਸਟੇਟ ਤੋਂ ਦੂਸਰੀ ਸਟੇਟ ਜਾਂਦੇ ਰਾਹੀ ਮੈਨੂੰ ਅਸਲ ਵਿੱਚ ਸ਼ਾਂਤੀ ਦੇ ਪ੍ਰਤੀਕ ਲੱਗਦੇ ਹਨ। ਦੋ ਸਟੇਟਾਂ ਦੇ ਆਪਸੀ ਸੰਬੰਧ ਭਾਵੇਂ ਕਿਹੋ ਜਿਹੇ ਵੀ ਹੋਣ ਪਰ ਇਹ ਲੋਕ ਹਮੇਸ਼ਾ ਸ਼ਾਂਤੀ ਬਣਾਈ ਰੱਖਦੇ ਹਨ। ਕੋਈ ਡਰਾਈਵਰ ਪੰਜਾਬੀ, ਬੰਗਾਲੀ, ਬਿਹਾਰੀ, ਮਰਾਠੀ ਜਾਂ ਹਰਿਆਣਵੀ ਹੋਵੇ, ਇਹਨਾਂ ਦੇ ਹੱਸਦੇ ਚਿਹਰੇ ਸਾਨੂੰ ਕਈ ਸਵਾਲ ਕਰਦੇ ਜਾਪਦੇ ਹਨ। ਜਦ ਇਹ ਸਭ ਰਲਕੇ ਕਿਸੇ ਹੋਟਲ ਜਾਂ ਸੜਕ ਕਿਨਾਰੇ ਘਾਹ 'ਤੇ ਮਹਿਫਲਾਂ ਜਮਾਈ ਬੈਠੇ ਹੁੰਦੇ ਹਨ ਤਾਂ ਕਿਸੇ ਸਤਰੰਗੀ ਪੀਂਘ ਦਾ ਭੁਲੇਖਾ ਪਾਉਂਦੇ ਹਨ। ਭਾਵੇਂ ਸਾਡੀ ਸੋਚ ਇਹਨਾਂ ਲੋਕਾਂ ਪ੍ਰਤੀ ਹਾਂ ਪੱਖੀ ਨਹੀਂ, ਅਸੀਂ ਹਮੇਸ਼ਾ ਇਹਨਾਂ ਨੂੰ ਨਫ਼ਰਤ ਦੀ ਨਿਗਾਹ ਨਾਲ ਹੀ ਦੇਖਦੇ ਹਾਂ, ਪਰ ਇਹਨਾਂ ਲੋਕਾਂ ਨੂੰ ਬਿਲਕੁਲ ਵੀ ਫਰਕ ਨਹੀਂ ਪੈਂਦਾ। ਇਹ ਕਰਮਯੋਗੀ ਲੋਕ ਹਨ ਜੋ ਸਿਰਫ ਕਰਮ ਕਰਦੇ ਰਹਿਣ ਵਿੱਚ ਵਿਸ਼ਵਾਸ ਰੱਖਦੇ ਹਨ।

ਅੱਜ ਭਾਵੇਂ ਅਸੀਂ ਕੁਝ ਵੀ ਕਹੀਏ, ਏਡਜ਼ ਵਰਗੀ ਭਿਆਨਕ ਬਿਮਾਰੀ ਦੀ ਗੱਲ ਹੋਵੇ ਜਾਂ ਫਿਰ ਬਲਾਤਕਾਰ ਦੀ, ਅਸੀਂ ਇਹਨਾਂ ਨੂੰ ਦੋਸ਼ੀ ਕਹਿੰਦੇ ਹਾਂ ਪਰ ਸੱਚ ਤਾਂ ਇਹ ਹੈ ਕਿ ਜਿੰਨਾ ਖਤਰਾ ਅੱਜ ਸਾਨੂੰ ਪੜ੍ਹੇ ਲਿਖੇ ਲੋਕਾਂ ਕੋਲੋਂ ਹੈ ਉਨਾ ਇਹਨਾਂ ਲੋਕਾਂ ਕੋਲੋਂ ਨਹੀਂ। ਇੱਕ ਔਰਤ ਸੜਕ ਦੇ ਕਿਨਾਰੇ ਇਕੱਲਿਆਂ ਜਾਂਦਿਆਂ ਏਨੀ ਅਸੁਰੱਖਿਅਤ ਮਹਿਸੂਸ ਨਹੀਂ ਕਰਦੀ, ਜਿੰਨੀ ਦਫਤਰਾਂ ਵਿੱਚ। ਅੱਜ ਔਰਤਾਂ ਇਹਨਾਂ ਸੜਕਾਂ ਦੇ ਸਿਕੰਦਰਾਂ ਤੋਂ ਇਨਾ ਨਹੀਂ ਡਰਦੀਆਂ ਜਿੰਨਾ ਦਫਤਰਾਂ ਅਤੇ ਵੱਡੀਆਂ ਵੱਡੀਆਂ ਕੰਪਨੀਆਂ ਦੇ ਅਧਿਕਾਰੀਆਂ ਅਤੇ ਬਾਬੂਆਂ ਤੋਂ।

ਡਰਾਈਵਰਾਂ ਬਾਰੇ ਜਾਨਣ ਦੀ ਮੇਰੀ ਇੱਛਾ ਅੱਜ ਹੋਰ ਵੀ ਪ੍ਰਬਲ ਹੋ ਗਈ, ਜਦ ਮੈਂ ਦੇਖਿਆ ਕਿ ਦੋ-ਚਾਰ ਮਨਚਲੇ ਮੁੰਡਿਆਂ ਨੇ ਇੱਕ ਮੋੜ 'ਤੇ ਆਪਣੀ ਗੱਡੀ (ਕਾਰ) ਇੱਕ ਟਰੱਕ ਨੂੰ ਖੱਬੇ ਪਾਸੇ ਤੋਂ ਪਾਸ ਕਰਦਿਆਂ (ਓਵਰਟੇਕ) ਟਰੱਕ ਵਿੱਚ ਮਾਰੀ। ਟਰੱਕ ਵਾਲੇ ਦੀ ਕੋਈ ਗਲਤੀ ਨਹੀਂ ਸੀ। ਖੁਦ ਗਲਤੀ ਕਰਕੇ ਕਾਰ ਵਾਲੇ ਮੁੰਡਿਆਂ ਨੇ ਅੱਗੇ ਹੋ ਕੇ ਟਰੱਕ ਨੂੰ ਰੋਕਿਆ ਅਤੇ ਡਰਾਈਵਰ ਨੂੰ ਗਾਲੀ ਗਲੋਚ ਕਰਨ ਲੱਗੇ ਕਿ ਸਾਡਾ ਨੁਕਸਾਨ ਕਰ ਦਿੱਤਾ। ਡਰਾਈਵਰ ਨੇ ਫੋਨ 'ਤੇ ਕਿਸੇ ਨਾਲ ਗੱਲ ਕੀਤੀ ਤੇ ਪੈਸੇ ਕਾਰ ਵਾਲਿਆਂ ਦੇ ਹੱਥ ਫੜਾ, ਉਹਨਾਂ ਤੋਂ ਖਹਿੜਾ ਛੁਡਾਇਆ ਤੇ ਅੱਗੇ ਚੱਲ ਪਿਆ। ਮੈਂ ਉਸਦੇ ਟਰੱਕ ਦਾ ਨੰਬਰ ਨੋਟ ਕੀਤਾ ਤੇ ਟਰੱਕ ਯੂਨੀਅਨ ਰਾਹੀਂ ਉਸ ਟਰੱਕ ਡਰਾਈਵਰ ਨੂੰ ਲੱਭ ਲਿਆ। ਮੈਂ ਜਦ ਉਸ ਮੁੰਡੇ ਨਾਲ ਉਸ ਐਕਸੀਡੈਂਟ ਬਾਰੇ ਗੱਲ ਕੀਤੀ ਕਿ ਵੀਰ, ਤੇਰੀ ਗਲਤੀ ਵੀ ਨਹੀਂ ਸੀ, ਫਿਰ ਵੀ ਪੈਸੇ ਕਿਉਂ ਦਿੱਤੇ? ਤਾਂ ਉਸਨੇ ਕਿਹਾ ਕਿ ਜੇ ਮੈਂ ਉਹਨਾਂ ਨਾਲ ਬਹਿਸ ਕਰਦਾ ਤਾਂ ਵੀ ਮੇਰਾ ਕੁਝ ਨਹੀਂ ਸੀ ਬਣਨਾ। ਅੱਠ ਦਸ ਹਜਾਰ ਦੇ ਚੱਕਰ ਵਿੱਚ ਮੈਂ ਟਰੱਕ ਵਿੱਚ ਲੱਦਿਆ ਲੱਖਾਂ ਦਾ ਫਲ ਖਰਾਬ ਕਰਵਾ ਲੈਣਾ ਸੀ। ਸੋ ਆਪੇ ਪ੍ਰਮਾਤਮਾ ਹੀ ਉਹਨਾਂ ਨੂੰ ਸੁਮੱਤ ਬਖਸ਼ੂ। ਇਹ ਲੋਕ ਸਾਡੀਆ ਮਜਬੂਰੀਆਂ ਕੀ ਸਮਝਣ। ਇਹ ਕਹਿ ਕੇ ਲੰਬਾ ਹਉਕਾ ਲੈਂਦਿਆਂ, ਉਸਨੇ ਮੁਸਕਰਾਉਣ ਦਾ ਯਤਨ ਕਰਦਿਆਂ ਕਿਹਾ, ਸਮਝ ਲਵਾਂਗੇ ਕਿ ਗੱਡੀ ਨੂੰ ਇੱਕ ਟੈਕਸ ਵੱਧ ਲੱਗ ਗਿਆ। ਮੇਰੀਆਂ ਅੱਖਾਂ ਵਿੱਚ ਹਜ਼ਾਰਾਂ ਸਵਾਲ ਦੇਖ ਕੇ ਉਸ ਮੁੰਡੇ ਨੇ ਅੱਗੇ ਕਹਿਣਾ ਸ਼ੁਰੂ ਕੀਤਾ, ਦੇਖੋ ਜੀ, ਦੇਸ਼ ਦੀ ਰੀੜ੍ਹ ਦੀ ਹੱਡੀ ਅਖਵਾਉਂਦੀ ਟਰਾਂਸਪੋਰਟ ਅੱਜ ਕਿਸ ਮੋੜ 'ਤੇ ਖੜ੍ਹੀ ਹੈ। ਇਸ ਬਾਰੇ ਲੋਕਾਂ ਨੇ ਤਾਂ ਕੀ, ਸਾਡੀਆਂ ਸਰਕਾਰਾਂ ਨੇ ਵੀ ਸੋਚਣ ਦੀ ਕੋਸ਼ਿਸ਼ ਨਹੀਂ ਕੀਤੀ। ਔਰਤਾਂ ਦੀ ਲਿਪਸਟਿਕ ਤੋਂ ਲੈਕੇ ਜਹਾਜਾਂ ਤੱਕ ਨੂੰ ਢੋਂਹਦੀ ਇਸ ਟਰਾਂਸਪੋਰਟ ਦੇ ਮਾਲਕਾਂ ਦੀ ਹਾਲਤ ਅਨਾਥ ਬੱਚੇ ਵਰਗੀ ਹੋ ਗਈ ਹੈ। ਸ਼ੌਕ ਨਾਲ ਵੀ ਇਸ ਧੰਦੇ ਵਿੱਚ ਆਏ ਲੋਕਾਂ ਲਈ ਹੁਣ ਵਾਪਿਸ ਜਾਣਾ 'ਖਾਵੇ ਤਾਂ ਕੋਹੜੀ, ਛੱਡੇ ਤਾਂ ਕਲੰਕੀ' ਵਾਂਗ ਹੈ ਕਿਉਂਕਿ ਥੋੜ੍ਹੀ ਬਹੁਤੀ ਜਮੀਨ ਵੇਚਕੇ ਲਏ ਟਰੱਕ ਜਾਂ ਟਰਾਲੇ ਦੇ ਟੈਕਸ ਚੁਕਾਉਂਦਿਆਂ ਉਹਨਾਂ ਦੇ ਸਾਧਨ ਹੁਣ ਦੁੱਗਣੇ ਕਰਜੇ ਹੇਠ ਹਨ। ਉਹਨਾਂ ਨੂੰ ਆਪਣੇ ਹੀ ਦੇਸ਼ ਦੇ ਟੈਕਸਾਂ ਨੇ ਖਾ ਲਿਆ ਹੈ। ਰੋਟੀ ਖਾਣ ਲਈ ਜੇਬ ਵਿੱਚ ਪੰਜੀ ਹੋਵੇ ਨਾ ਹੋਵੇ, ਟੈਕਸ ਤਾਂ ਦੇਣਾ ਹੀ ਪੈਂਦਾ ਹੈ। ਕਦੇ ਟੋਲ ਟੈਕਸ, ਰੋਡ ਟੈਕਸ, ਸੇਲ ਟੈਕਸ, ਆਰ.ਸੀ. ਟੈਕਸ, ਗੁੱਡਜ਼ ਟੈਕਸ, ਕਦੇ ਪਰਮਿਟ ਟੈਕਸ। ਆਰ.ਸੀ. 'ਤੇ ਪੈਸੇ ਲਗਾਉਣ ਦੇ ਬਾਵਜੂਦ ਵੀ ਨੈਸ਼ਨਲ ਪਰਮਿਟ ਲਈ ਟੈਕਸ ਚੁਕਾਉਣਾ ਪੈਂਦਾ ਹੈ। ...:

ਅਸੀਂ ਜਾਣਦੇ ਜਾਂ ਕਿ ਇਨ੍ਹਾਂ ਟੈਕਸਾਂ ਤੋਂ ਇਲਾਵਾ ਦਿਨ ਰਾਤ ਹੁੰਦੀ ਹੋਰ ਲੁੱਟ ਵੀ ਕਿਸੇ ਤੋਂ ਛੁਪੀ ਨਹੀਂ। ਪੂੰਜੀਪਤੀ ਵਰਗ ਵੱਲੋਂ ਨਵੇਂ-ਨਵੇਂ ਬਹਾਨੇ ਜਿਵੇਂ ਮਾਲ ਲੇਟ ਹੋ ਗਿਆ, ਡੈਮੇਜ ਹੋ ਗਿਆ ਜਾਂ ਸਿੱਲ੍ਹਾ ਹੈ ਕਹਿ ਕੇ ਬਲੈਕਮੇਲ ਕੀਤਾ ਜਾਂਦਾ ਹੈ। ਬਿਨਾਂ ਵਜ੍ਹਾ ਗੱਦੀ ਖਰਚਾ ਵਪਾਰੀਆਂ ਵੱਲੋਂ ਲਿਆ ਜਾਂਦਾ ਹੈ। ਸਮਾਨ ਸਹੀ ਜਗ੍ਹਾ ਸਹੀ ਸਮੇਂ 'ਤੇ ਪਹੁੰਚਾਉਣ ਦੇ ਬਾਵਜੂਦ ਵੀ ਕਿਰਾਏ ਲਈ ਇੰਤਜ਼ਾਰ ਕਰਨਾ ਪੈਂਦਾ ਹੈ। ਭੁੱਖੇ ਤਿਹਾਏ ਜਾਂ ਤਾਂ ਕਿਰਾਏ ਲਈ ਇੰਤਜ਼ਾਰ ਕਰਦੇ ਹਨ ਜਾਂ ਵਪਾਰੀ ਨੂੰ ਆਪਣਾ ਖਾਤਾ ਨੰਬਰ ਦੇ ਕੇ ਮਹੀਨਿਆਂ ਤੋਂ ਵਿਛੜੇ ਪਰਿਵਾਰ ਨੂੰ ਮਿਲਣ ਚਲੇ ਜਾਂਦੇ ਹਨ ਪਰ ਸਦਮਾ ਇਹਨਾਂ ਨੂੰ ਉਦੋਂ ਲੱਗਦਾ ਹੈ ਜਦੋਂ ਕਈ-ਕਈ ਦਿਨ ਵਪਾਰੀਆਂ ਵੱਲੋਂ ਇਹਨਾਂ ਨੂੰ ਪੈਸੇ ਨਹੀਂ ਭੇਜੇ ਜਾਂਦੇ। ਜਿੰਨੀ ਦੇਰ ਇਹਨਾਂ ਨੂੰ ਪਿਛਲਾ ਕਿਰਾਇਆ ਨਹੀਂ ਮਿਲਦਾ, ਓਨੀ ਦੇਰ ਇਹ ਆਪਣੇ ਸਾਧਨ ਦੁਬਾਰਾ ਨਹੀਂ ਚਲਾ ਸਕਦੇ ਕਿਉਂਕਿ ਇਹਨਾਂ ਨੇ ਹਜ਼ਾਰਾਂ ਦਾ ਤੇਲ ਪਵਾਉਣਾ ਹੁੰਦਾ ਹੈ।



ਫਿਰ ਰਸਤੇ ਵਿਚ ਆਉਂਦੀਆਂ ਮੁਸ਼ਕਿਲਾਂ ਵੀ ਘੱਟ ਨਹੀਂ। ਕਈ ਵਾਰ ਬੱਝਵੇਂ ਸਮੇਂ ਦਾ ਮਾਲ ਜਿਵੇਂ ਸਬਜ਼ੀਆਂ, ਫਲ, ਆਦਿ ਸਹੀ ਸਮੇਂ ਵਿੱਚ ਪਹੁੰਚਾਉਣੇ ਹੁੰਦੇ ਹਨ। ਪਰ ਸਰਕਾਰੀ ਅਫਸਰ ਉਹਨਾਂ ਦੀਆਂ ਗੱਡੀਆਂ ਦਿਨੇ ਚੱਲਣ ਨਹੀਂ ਦਿੰਦੇ ਜਦ ਰਾਤ ਨੂੰ ਗੱਡੀਆਂ ਚਲਾਉਂਦੇ ਹਨ ਤਾਂ ਕਾਫੀ ਟਰੈਫਿਕ ਜਾਮ ਵੀ ਲੱਗਦੇ ਹਨ। ਕਿਸੇ ਟਰੈਫਿਕ ਜਾਮ ਜਾਂ ਅਫਸਰਸ਼ਾਹੀ ਦੇ ਅਣਉਚਿਤ ਵਤੀਰੇ ਕਾਰਨ ਮਾਲ ਲੇਟ ਪਹੁੰਚਦਾ ਹੈ ਤਾਂ ਉਸ ਤੋਂ ਬੁਰਾ ਦਿਨ ਇਹਨਾਂ ਲਈ ਹੋਰ ਕੋਈ ਨਹੀਂ ਹੁੰਦਾ ਕਿਉਂਕਿ ਮਾਲ ਖ਼ਰਾਬ ਹੋ ਜਾਂਦਾ ਹੈ। ਉਸ ਖਰਾਬ ਹੋਏ ਮਾਲ ਦੀ ਭਰਪਾਈ ਕਰਨੀ ਪੈਂਦੀ ਹੈ। ਬੱਝਵੇਂ ਸਮੇਂ ਵਿੱਚ ਮਾਲ ਪਹੁੰਚਾਉਣਾ ਖਤਰੇ ਤੋਂ ਖਾਲੀ ਨਹੀਂ ਹੁੰਦਾ ਕਿਉਂਕਿ ਇਸ ਨਾਲ ਰੋਡ ਐਕਸੀਡੈਂਟ ਦਾ ਖਤਰਾ ਵੀ ਬਣਿਆ ਰਹਿੰਦਾ ਹੈ। ਰਸਤਿਆਂ ਅਤੇ ਖਾਣਾ ਖਾਣ ਸਮੇਂ ਡੀਜ਼ਲ ਚੋਰੀ ਵਰਗੀਆਂ ਘਟਨਾਵਾਂ ਆਮ ਹੀ ਵਰਤਦੀਆਂ ਰਹਿੰਦੀਆਂ ਹਨ। ਚੋਰੀ ਹੋਏ ਡੀਜ਼ਲ ਜਾਂ ਸਮਾਨ ਦੀ ਰਿਪੋਰਟ ਵੀ ਪੁਲਿਸ ਦਰਜ ਨਹੀਂ ਕਰਦੀ। ਅਫਸਰਾਂ ਦੇ ਕਹਿਣ ਮੁਤਾਬਿਕ ਦਸੰਬਰ ਮਹੀਨੇ ਵਿੱਚ ਬਣਦਾ ਟਾਰਗਿਟ ਪੂਰਾ ਕਰਨ ਲਈ ਵੱਧ ਤੋਂ ਵੱਧ ਚਲਾਣ ਕੱਟੇ ਜਾਂਦੇ ਹਨ। ਦਸੰਬਰ ਮਹੀਨੇ ਦੀ ਸਰਦ ਰੁੱਤ ਵਿੱਚ ਘਰੋਂ ਬਾਹਰ ਰਹਿਣਾ ਤੇ ਦੂਸਰਾ ਨਜਾਇਜ਼ ਚਲਾਣ ਇਹਨਾਂ ਲੋਕਾਂ ਦੇ ਹੌਂਸਲੇ ਤੋੜ ਕੇ ਰੱਖ ਦਿੰਦੇ ਹਨ। ਕਾਫੀ ਸੇਲ ਟੈਕਸ ਵਪਾਰੀਆਂ ਰਾਹੀਂ ਡਰਾਈਵਰਾਂ ਨੂੰ ਭੁਗਤਣੇ ਪੈਂਦੇ ਹਨ। ਸਰਕਾਰੀ ਏਜੰਸੀਆਂ ਦੇ ਸਮਾਨ ਦੀ ਹੁੰਦੀ ਢੋਆ ਢੁਆਈ ਦਾ ਖਰਚ ਪੱਲਿਓਂ ਕਰਕੇ ਛੇ ਜਾਂ ਅੱਠ-ਅੱਠ ਮਹੀਨੇ ਪੇਮੈਂਟ ਦੀ ਉਡੀਕ ਕਰਨੀ ਪੈਂਦੀ ਹੈ।

ਇੱਕ ਬੋਝ ਹੋਰ ਜੋ ਟਰੱਕ ਯੂਨੀਅਨਾਂ ਰਾਹੀਂ ਇਹਨਾਂ ਡਰਾਈਵਰਾਂ 'ਤੇ ਪਾਇਆ ਜਾਂਦਾ ਹੈ, ਉਹ ਹੈ ਅਫਸਰਾਂ ਤੇ ਲੀਡਰਾਂ ਦੀਆਂ ਵੰਗਾਰਾਂ ਦਾ ਬੋਝ। ਕਿਸੇ ਨੇ ਘਰ ਪਾਉਣਾ ਹੋਵੇ, ਉਸ ਲਈ ਸਰੀਆ, ਰੇਤਾ, ਇੱਟਾਂ ਆਦਿ ਇਹਨਾਂ ਨੂੰ ਬਿਨਾਂ ਕਿਰਾਇਆ ਢੋਹਣੀਆਂ ਪੈਂਦੀਆਂ ਹਨ। ਕਿਸੇ ਅਫਸਰ ਜਾਂ ਲੀਡਰ ਨੇ ਇੱਕ ਸ਼ਹਿਰ ਤੋਂ ਦੂਸਰੇ ਸ਼ਹਿਰ ਰਿਹਾਇਸ਼ ਬਦਲਣੀ ਹੋਵੇ ਤਾਂ ਟਰੱਕ ਜਾਂ ਟਰਾਲੇ ਵਗਾਰ 'ਤੇ ਲਿਜਾਂਦੇ ਹਨ। ਜਿਸ ਲਈ ਕਿਰਾਇਆ ਤਾਂ ਦੂਰ ਦੀ ਗੱਲ, ਤੇਲ ਵੀ ਨਹੀਂ ਪਵਾਕੇ ਦਿੱਤਾ ਜਾਂਦਾ। ਸਰਕਾਰੀ ਰੈਲੀਆਂ ਹੋਣ ਜਾਂ ਵੋਟਾਂ, ਸਭ ਤੋਂ ਸਖਤ ਡਿਊਟੀ ਇਹਨਾਂ ਦੀ ਹੀ ਹੁੰਦੀ ਹੈ। ਭਾਵੇਂ ਸਟੇਟ ਸਰਕਾਰ ਜਾਂ ਕੇਂਦਰ ਸਰਕਾਰ, ਕੋਈ ਵੀ ਆਵੇ, ਇਹਨਾਂ ਲਈ ਕਦੇ ਕੋਈ ਪੈਕੇਜ ਨਹੀਂ ਮਿਲਦੇ। ਮੈਂ ਉਸ ਟਰੱਕ ਡਰਾਈਵਰ ਮੁੰਡੇ ਦੀਆਂ ਗੱਲਾਂ ਪੱਥਰ ਬਣੀ ਸੁਣ ਰਹੀ ਸੀ ਤੇ ਸੋਚ ਰਹੀ ਸੀ ਸੱਚਮੁੱਚ ਸਾਡੀਆਂ ਸਰਕਾਰਾਂ ਨੂੰ ਇਹਨਾਂ ਬਾਰੇ ਸੋਚਣਾ ਚਾਹੀਦਾ ਹੈ। ਸਮਾਜ ਸੇਵੀ ਸੰਸਥਾਵਾਂ ਵੱਲੋਂ ਵੀ ਇਹਨਾਂ ਲਈ ਫਰੀ ਮੈਡੀਕਲ ਚੈੱਕਅੱਪ ਕੈਂਪ ਲਗਵਾਉਣੇ ਚਾਹੀਦੇ ਹਨ। ਇਹਨਾਂ ਦੇ ਲੋੜੀਂਦੇ ਟੈਸਟ ਪ੍ਰਦੂਸ਼ਣ ਰੋਕੂ ਐਕਟ ਵਾਂਗ ਇਹਨਾਂ ਦੇ ਲਾਇਸੰਸ 'ਤੇ ਫਰੀ ਹੋਣੇ ਚਾਹੀਦੇ ਹਨ। ਸਰਕਾਰਾਂ ਨੂੰ ਵੀ ਚਾਹੀਦਾ ਹੈ ਕਿ ਉਹ ਹਰ ਸ਼ਹਿਰ ਜਾਂ ਤਹਿਸੀਲ ਪੱਧਰ ਤੇ ਇੱਕ ਇੱਕ ਡਿਸਪੈਂਸਰੀ ਸਿਰਫ ਡਰਾਈਵਰਾਂ ਅਤੇ ਉਹਨਾਂ ਦੇ ਪਰਿਵਾਰਾਂ ਦੇ ਫਰੀ ਚੈੱਕਅੱਪ ਅਤੇ ਰਿਆਇਤੀ ਦਰਾਂ 'ਤੇ ਦਵਾਈਆਂ ਦੇਣ ਲਈ ਬਣਾਵੇ। ਇਹਨਾਂ ਲਈ ਹਰ ਸੌ ਜਾਂ ਦੋ ਸੌ ਕਿਲੋਮੀਟਰ 'ਤੇ ਅਜਿਹੀਆਂ ਬਿਲਡਿੰਗਾਂ ਬਣਵਾਈਆਂ ਜਾਣ, ਜਿਨ੍ਹਾਂ ਵਿੱਚ ਇਹਨਾਂ ਦੇ ਸੌਣ ਦੇ ਪ੍ਰਬੰਧ ਦੇ ਨਾਲ ਬਿਜਲੀ ਅਤੇ ਖਾਣ ਪੀਣ ਦੇ ਸਮਾਨ ਨੂੰ ਰਿਆਇਤੀ ਦਰਾਂ 'ਤੇ ਮੁਹੱਈਆ ਕਰਵਾਇਆ ਜਾਵੇ।

ਬਾਕੀ ਸਫ਼ਾ 28 'ਤੇ

## ਬਾਲੀਵੁੱਡ ਅਦਾਕਾਰਾ ਦੀਪਿਕਾ ਤੇ ਰਣਵੀਰ ਦਾ ਵਿਆਹ ਤੈਅ



**ਮੁੰਬਈ/ਬਿਊਰੋ ਨਿਊਜ਼ :** ਭਾਰਤ ਦੇ ਸਿਨੇ ਪ੍ਰੇਮੀਆਂ ਨੂੰ ਇਕ ਵਿਆਹ ਦਾ ਬੜੇ ਚਿਰਾਂ ਤੋਂ ਇੰਤਜ਼ਾਰ ਸੀ, ਆਖ਼ਰਕਾਰ ਹੁਣ ਉਹ ਦਿਨ ਵੀ ਆ ਰਿਹਾ ਹੈ। ਬਾਲੀਵੁੱਡ ਅਦਾਕਾਰਾ ਦੀਪਿਕਾ ਪਾਦੂਕੋਣ ਅਤੇ ਅਦਾਕਾਰ ਰਣਵੀਰ ਸਿੰਘ ਦੇ ਵਿਆਹ ਦੀ ਤਰੀਕ ਆਉਣ ਵਾਲੀ 20 ਨਵੰਬਰ ਮਿੱਥੀ ਗਈ ਹੈ। ਮੁੰਬਈ ਫ਼ਿਲਮ ਜਗਤ ਦੀ ਇਸ ਵੱਡੀ ਖ਼ਬਰ ਦਾ ਅਦਾਕਾਰ ਕਬੀਰ ਬੇਦੀ ਨੇ ਆਪਣੇ ਟਵਿੱਟਰ ਖਾਤੇ ਉਤੇ ਖੁਲਾਸਾ ਕਰਦਿਆਂ 'ਚੋਂ ਉਕਤ ਜੋੜੀ ਨੂੰ ਵਿਆਹ ਦੀਆਂ ਵਧਾਈਆਂ ਦਿੰਦੇ ਹੋਏ ਉਨ੍ਹਾਂ ਨੂੰ ਟੈਗ ਵੀ ਕੀਤਾ ਹੈ ਅਤੇ ਦੋਵਾਂ ਦੇ ਚੰਗੇ ਭਵਿੱਖ ਦੀ ਆਸ ਕੀਤੀ ਹੈ। ਗੌਰਤਲਬ ਹੈ ਕਿ ਰਣਵੀਰ ਸਿੰਘ ਅਤੇ ਦੀਪਿਕਾ ਬਾਲੀਵੁੱਡ ਦੀ ਇਕ ਮਸ਼ਹੂਰ ਜੋੜੀ ਹੈ ਅਤੇ ਇਨ੍ਹਾਂ ਦਾ ਕੰਮ ਲੋਕਾਂ ਨੂੰ ਕਾਫੀ ਪਸੰਦ ਆ ਰਿਹਾ ਹੈ। ਸੂਤਰਾਂ ਮੁਤਾਬਕ ਇਹ ਵਿਆਹ 20 ਨਵੰਬਰ ਨੂੰ ਇਟਲੀ ਦੇ ਲੇਕ ਕੋਮੋ ਵਿਖੇ ਹੋਵੇਗਾ। ਦੀਪਿਕਾ ਅਤੇ ਰਣਵੀਰ ਪਿਛਲੇ 6 ਸਾਲ ਤੋਂ ਇਕ ਦੂਜੇ ਨਾਲ ਰਿਸ਼ਤੇ ਵਿਚ ਰਹਿ ਰਹੇ ਹਨ ਪਰ ਕਦੇ ਵੀ ਇਨ੍ਹਾਂ ਨੇ ਆਪਣੇ ਬਾਰੇ ਜਗ-ਜ਼ਾਹਰ ਨਹੀਂ ਕੀਤਾ ਸੀ। ਇਨ੍ਹਾਂ ਦੋਵਾਂ ਨੇ "ਪਦਮਾਵਤ", ਗੋਲੀਆਂ ਦੀ ਰਾਸਲੀਲਾ-ਰਾਮਲੀਲਾ ਅਤੇ ਬਾਜੀਰਾਵ ਮਸਤਾਨੀ ਵਰਗੀਆਂ ਸੁਪਰਹਿੱਟ ਫ਼ਿਲਮਾਂ ਵਿਚ ਇਕੱਠੇ ਕੰਮ ਕੀਤਾ ਹੈ।

# ਲੱਚਰ ਗਾਇਕੀ ਦਾ ਸਿੱਖ ਸਮਾਜ ਉਤੇ ਪੈ ਰਿਹਾ ਬੁਰਾ ਪ੍ਰਭਾਵ

**ਭੁਪਿੰਦਰ ਸਿੰਘ ਸਿੱਧੂ**
(9781345813)

ਬਹੁਤ ਹੀ ਸੋਚੀ ਸਮਝੀ ਸਾਜਿਸ਼ ਤਹਿਤ ਪੰਜਾਬ ਨੂੰ ਇਕ ਨਵੇਂ ਲੱਚਰ ਸਭਿਆਚਾਰ ਵੱਲ ਧੱਕਿਆ ਜਾ ਰਿਹਾ ਹੈ ਜਾਂ ਇੰਜ ਕਹਿ ਲਵੋ ਸਾਡੀ ਨੌਜਵਾਨ ਪੀੜੀ ਇਸ ਨਵੇਂ ਲੱਚਰ ਸੱਭਿਆਚਾਰ ਵਿੱਚ ਡੁੱਬਣ ਨੂੰ ਉਤਾਵਲੀ ਹੋਈ ਬੈਠੀ ਹੈ। ਇਹ ਸੱਭਿਆਚਾਰ ਸਾਨੂੰ ਨਵੀਂ ਕਿਸਮ ਦੀ ਗਾਇਕੀ ਰਾਹੀਂ, ਜਿਸ ਵਿੱਚ ਸੈਕਸ, ਗੁੰਡਾ ਗਰਦੀ, ਨਸ਼ੇ, ਕਤਲ, ਧੀਆਂ-ਭੈਣਾਂ ਦੀ ਇੱਜ਼ਤ ਲੁੱਟਣ ਅਤੇ ਅਸ਼ਕੀ ਆਦਿ ਦੀ ਭਰਮਾਰ ਹੈ, ਰਸਾਤਲ ਵੱਲ ਲੈ ਕੇ ਜਾ ਰਿਹਾ ਹੈ। ਇਸ ਨਾਲ ਸਾਡੀਆਂ ਆਉਣ ਵਾਲੀਆਂ ਪੀੜੀਆਂ ਆਪਣੀ ਸੂਰਬੀਰਤਾ, ਜੁਝਾਰੂਪੁਣਾ ਅਤੇ ਸ਼ਹੀਦੀ ਜਾਮ ਪੀਣ ਵਾਲੀ ਵਿਰਾਸਤ ਨੂੰ ਭੁੱਲਦੀਆਂ ਜਾ ਰਹੀਆਂ ਹਨ। ਇਸ ਦਾ ਅਸਰ ਸਾਡੀ ਆਜ਼ਾਦ ਹਸਤੀ 'ਤੇ ਪੈਣਾ ਲਾਜ਼ਮੀ ਹੈ। ਕਾਰਨ ਸਾਫ ਹੈ ਕਿ ਇਸ ਸਭ ਕਾਸੇ ਨਾਲ ਜੋ ਪੰਜਾਬੀਆਂ ਵਿੱਚ ਤਗੜੇ ਜੁੱਸੇ ਵਾਲੇ, ਦਲੇਰ ਅਤੇ ਗਰੀਬ ਮਜ਼ਲੂਮ ਦੀ ਜਾਨ ਬਚਾਉਣ ਵਾਲੇ ਜੋਧੇ ਪੈਦਾ ਹੁੰਦੇ ਸਨ, ਹੁਣ ਉਹ ਇਸ ਅਖੌਤੀ ਸੰਗੀਤ-ਲੱਚਰ-ਸੱਭਿਆਚਾਰ ਵਿੱਚ ਲੋਕਾਂ ਦੀਆਂ ਧੀਆਂ-ਭੈਣਾਂ ਦੀਆਂ ਇੱਜ਼ਤਾਂ ਲੁੱਟਦੇ ਦਿਖਾਏ ਜਾਂਦੇ ਹਨ। ਅਸੀਂ ਇਹ ਸਾਰਾ ਕੁਝ ਮੂਕ ਦਰਸ਼ਕ ਬਣ ਕਿ ਦੇਖਦੇ ਰਹਿੰਦੇ ਹਾਂ ਕਿਉਂਕਿ ਅਸੀਂ ਸੋਚਦੇ ਹਾਂ ਕਿ ਇਹ ਤਾਣਾ ਬਹੁਤ ਵਿਗੜ ਗਿਆ ਹੈ ਪਰ ਅਸੀਂ ਇਹ ਕਦੇ ਨਹੀ ਸੋਚਿਆ ਕਿ ਜੇਕਰ ਕੁਝ ਵਿਗੜ ਗਿਆ ਹੈ ਤਾਂ ਇਸ ਨੂੰ ਸੁਧਾਰਨਾ ਵੀ ਸਾਨੂੰ ਹੀ ਪੈਣਾ ਹੈ, ਕਿਉਂਕਿ ਇਸ ਨੂੰ ਵਿਗਾੜਨ ਦੀ ਖੁੱਲ ਵੀ ਤਾਂ ਅਸੀਂ ਹੀ ਦਿੱਤੀ ਹੈ।



ਅਸਲ ਵਿੱਚ ਜਿੰਨਾ ਵੀ ਮਨੋਰੰਜਨ ਮੀਡੀਆ ਹੈ, ਉਸ ਦਾ ਸਾਰਾ ਜ਼ੋਰ ਪੰਜਾਬੀਆਂ, ਖਾਸ ਕਰਕੇ ਸਿੱਖਾਂ ਨੂੰ ਨੀਵਾਂ ਦਿਖਾਉਣ ਜਾਂ ਇਹਨਾਂ ਨੂੰ ਖਤਮ ਕਰਨ ਵੱਲ ਲੱਗਾ ਹੋਇਆ ਹੈ। ਤੁਸੀਂ ਦੇਖਿਆ ਹੋਵੇਗਾ ਕਿ ਕਿਵੇਂ ਬਹੁਤੀਆਂ ਹਿੰਦੀ ਫਿਲਮਾਂ ਵਿੱਚ ਸਿੱਖਾਂ ਦੇ ਕਿਰਦਾਰਾਂ ਨੂੰ ਮਜਾਹੀਆ ਕਿਰਦਾਰ ਦੇ ਤੌਰ 'ਤੇ ਦਿਖਾਇਆ ਜਾਂਦਾ ਹੈ। ਤੁਸੀਂ ਇਸ ਤਰਾਂ ਦਾ ਸਿੱਖ ਕਦੇ ਅਸਲ ਜ਼ਿੰਦਗੀ ਵਿੱਚ ਨਹੀ ਦੇਖਿਆ ਹੋਵੇਗਾ ਜਿਸ ਤਰਾਂ ਦਾ ਬੰਬੇ ਫਿਲਮ ਇੰਡਸਟਰੀ ਨੇ (ਕੁਝ ਇੱਕ ਨੂੰ ਛੱਡ ਕੇ) ਸਿੱਖਾਂ ਦਾ ਰੂਪ ਦਿਖਾਇਆ ਹੈ। ਇਸ ਸਭ ਕੁਝ ਦਾ ਅਸਰ ਇਹ ਹੋਇਆ ਕਿ ਪੰਜਾਬੀਆਂ ਖਾਸ ਕਰਕੇ ਸਿੱਖਾਂ ਨੂੰ ਦੂਜੀਆਂ ਕੌਮਾਂ ਵਾਲੇ ਇਕ ਸ਼ਰਾਬੀ, ਭੰਗੜਾ ਪਾਉਣ ਵਾਲੇ ਨਚਾਰ ਜਾਂ ਕਮਲੇ ਕਿਸਮ ਦੇ ਮਨੁੱਖ ਦੇ ਤੌਰ 'ਤੇ ਜਾਣਨ ਲੱਗੇ ਹਨ। ਤੁਸੀਂ ਕਦੇ ਨੋਟ ਕੀਤਾ ਹੋਵੇਗਾ ਕਿ ਜਦੋਂ ਤੁਸੀਂ ਕਦੇ ਪੰਜਾਬੋਂ ਬਾਹਰ ਜਾਂਦੇ ਹੋ ਤਾਂ ਤੁਹਾਨੂੰ ਦੇਖ ਕੇ ਲੋਕ ਕਈ ਵਾਰ ਬੱਲੇ-ਬੱਲੇ ਕਰਦੇ ਹੋਏ ਭੰਗੜਾ ਪਾਉਣ ਦੇ ਸੰਕੇਤ ਦਿੰਦੇ ਹਨ। ਕਾਰਨ ਸਾਫ ਹੈ ਉਹਨਾਂ ਨੂੰ ਅਸੀਂ ਆਪਣੀ ਬਹਾਦਰ ਕੌਮ ਹੋਣ ਬਾਰੇ ਦੱਸ ਨਹੀ ਸਕੇ ਕਿਉਂਕਿ ਸਾਡੇ ਵਿਰੋਧੀਆਂ ਦਾ ਸਾਰਾ ਜ਼ੋਰ ਸਾਡੀ ਹਸਤੀ ਨੂੰ ਮਿਟਾਉਣ 'ਤੇ ਲੱਗਿਆ ਹੋਇਆ ਹੈ।

ਅਸੀਂ ਉਹਨਾਂ ਨੂੰ ਦੇਸ਼ ਦੀ ਆਜ਼ਾਦੀ ਵਿੱਚ 95% ਕੁਰਬਾਨੀਆਂ ਦੇਣ ਵਾਲੇ ਯੋਧਿਆਂ ਬਾਰੇ ਨਹੀ ਦੱਸ ਸਕੇ। ਨਹੀਂ ਦੱਸ ਸਕੇ ਕਿ ਕਿਵੇਂ ਇਸ ਕੌਮ ਨੇ ਹਜ਼ਾਰਾਂ ਸਾਲਾਂ ਤੋਂ ਗੁਲਾਮ ਇਸ ਮੁਲਕ ਦੇ ਲੋਕਾਂ ਨੂੰ ਆਜ਼ਾਦੀ ਦਿਵਾਈ। ਕਿਵੇਂ ਇਹਨਾਂ ਸਿੱਖ ਜੋਧਿਆਂ ਨੇ ਕਾਬਲ ਤੋਂ ਦਿੱਲੀ ਤੱਕ ਆਪਣੀ ਧਾਂਕ ਜਮਾਈ। ਅਸੀਂ ਨਾ ਹੀ ਆਪਣੇ ਹਜ਼ਾਰਾਂ ਬਹਾਦਰ ਜੋਧਿਆਂ ਬਾਰੇ ਦੱਸ ਸਕੇ ਹਾਂ ਕਿ ਕਿਵੇਂ ਹਰੀ ਸਿੰਘ ਨਲਵਾ ਵਰਗਿਆਂ ਨੇ ਅਫਗਾਨਿਸਤਾਨ ਨੂੰ ਫਤਿਹ ਕੀਤਾ। ਬਾਹਰਲੇ ਮੁਲਕਾਂ ਵਾਲੇ ਇਹਨਾਂ ਸਿੰਘਾਂ ਦੀਆਂ ਬਹਾਦਰੀਆਂ ਦੇ ਕਿਸੇ ਆਪਣੀਆਂ ਆਉਣ ਵਾਲੀਆਂ ਨਸਲਾਂ ਨੂੰ ਸਕੂਲਾਂ ਦੇ ਸਿਲੇਬਸਾਂ ਵਿੱਚ ਪੜ੍ਹਾ ਕੇ ਉਹਨਾਂ ਨੂੰ ਬਹਾਦਰ ਬਣਾਉਣ ਵੱਲ ਲੱਗੇ ਹੋਏ ਹਨ ਪਰ ਇਕ ਅਸੀਂ ਅਤੇ ਸਾਡਾ ਮੁਲਕ ਹੈ ਜੋ ਪੰਜਾਬੀਆਂ ਤੇ ਸਿੱਖਾਂ ਨੂੰ ਨੀਵਾਂ ਦਿਖਾਉਣ 'ਤੇ ਲੱਗੇ ਹੋਏ ਹਨ।

ਸਾਡੇ ਬੱਚੇ ਇਸ ਪਾਸੇ ਇਸ ਕਰਕੇ ਹੀ ਜਾ ਰਹੇ ਹਨ ਕਿਉਂਕਿ ਉਹਨਾਂ ਨੂੰ ਹੋਰ ਕੁਝ ਦਿਖਾਇਆ ਹੀ ਨਹੀ ਜਾ ਰਿਹਾ ਹੈ। ਉਹਨਾਂ ਨੂੰ ਸਾਡੀ ਬਹਾਦਰੀ ਦੇ ਕਿੱਸੇ, ਸਰਬ ਸਾਂਝੀਵਾਲਤਾ, ਗਰੀਬ ਦੀ ਰੱਖਿਆ, ਬਰਾਬਰਤਾ ਅਤੇ ਕਿੰਨਾ ਕੁਝ ਹੋਰ ਜੋ ਸਾਡੇ ਸਮਾਜ ਖਾਸ ਕਰਕੇ ਸਿੱਖ ਧਰਮ ਨਾਲ ਸਬੰਧਤ ਹੈ, ਸਾਡੇ ਮਾਣਮੱਤੇ ਅਤੇ ਗੌਰਵਸ਼ਾਲੀ ਇਤਿਹਾਸ ਤੋਂ ਦੂਰ ਕਰ ਦਿੱਤਾ ਗਿਆ ਹੈ। ਉਹਨਾਂ ਨੂੰ ਇੱਕ ਵਿਲੱਖਣ ਕੌਮ ਬਾਰੇ ਕੁਝ ਨਾ ਹੀ ਦਿਖਾਇਆ ਜਾ ਰਿਹਾ ਹੈ ਅਤੇ ਨਾ ਹੀ ਪੜਾਇਆ ਜਾ ਰਿਹਾ ਹੈ। ਇਸ ਸਭ ਕਾਸੇ ਦੇ ਦੋਸ਼ੀ ਸਾਡੀ ਕੌਮ ਦੇ ਆਗੂ, ਰਾਜਨੀਤਿਕ ਅਤੇ ਧਾਰਮਿਕ ਦੋਵੇਂ ਬਰਾਬਰ ਦੇ ਸ਼ਰੀਕ ਹਨ, ਜਿਨਾਂ ਨੇ ਕਦੇ ਵੀ ਇਸ ਪਾਸੇ ਵੱਲ ਧਿਆਨ ਨਹੀ ਦਿੱਤਾ। ਹਾਂ ਜਦੋਂ ਕੋਈ ਆਪਣੇ ਤੌਰ 'ਤੇ ਕੁਝ ਖਾਸ ਆਪਣੀ ਕੌਮ ਵਾਸਤੇ ਕਰਦਾ ਹੈ ਤਾਂ ਫਿਰ ਜਾ ਕੇ ਕਦੇ-ਕਦੇ ਇਹ ਉਸ ਨੂੰ ਸਨਮਾਨ ਦੇਣ ਤੱਕ ਦੀ ਸੋਚਦੇ ਹਨ। ਬਹੁਤਾ ਕਰਕੇ ਤਾਂ ਕੋਈ ਇਸ ਪਾਸੇ ਵੱਲ ਡਾਇਰੈਕਟਰ, ਪ੍ਰੋਡਿਊਸਰ ਸੋਚਦਾ ਵੀ ਨਹੀਂ ਕਿਉਂਕਿ ਜੇਕਰ ਉਹ ਕਿਸੇ ਪ੍ਰੋਗਰਾਮ ਵਿੱਚ ਸਿੱਖਾਂ ਦੀ ਵੱਖਰੀ ਪਹਿਚਾਣ ਜਾਂ ਕੁਝ ਖਾਸ ਦਿੱਖ ਦਿਖਾਉਣ ਦੀ ਕੋਸ਼ਿਸ਼ ਕਰਦਾ ਹੈ ਤਾਂ ਉਸ ਨੂੰ ਅਜਿਹਾ ਪ੍ਰੋਗਰਾਮ ਸ਼ੁਰੂ ਕਰਨ ਤੋਂ ਪਹਿਲਾਂ ਹੀ ਇਸ ਦਾ ਵਿਰੋਧ ਝੱਲਣਾ ਪੈਂਦਾ ਹੈ। ਇਸ ਦੀ ਵਜਾ ਕਰਕੇ ਅੱਜ ਤੱਕ ਕੋਈ ਵੀ ਜ਼ਿਆਦਾਤਰ ਇਸ ਪਾਸੇ ਵੱਲ ਕੰਮ ਨਹੀ ਹੋ ਸਕਿਆ। ਧਾਰਮਿਕ ਬੰਦਿਸ਼ਾਂ ਦੀ ਵਜਾ ਕਰਕੇ ਹੀ ਅਸੀਂ ਆਪਣੇ ਇਸ ਗੌਰਵਸ਼ਾਲੀ ਇਤਿਹਾਸ ਨੂੰ ਸਾਰੀ ਦੁਨੀਆ ਵਿੱਚ ਫੈਲਾਉਣ ਤੋਂ ਵਾਂਝੇ ਰਹਿ ਗਏ ਹਾਂ। ਦੁਨੀਆ ਤਾਂ ਬਹੁਤ ਦੂਰ ਦੀ ਗੱਲ ਹੈ, ਅਸੀਂ ਆਪਣੀ ਨਵੀਂ ਅਤੇ ਆਉਣ ਵਾਲੀ ਪੀੜੀ ਨੂੰ ਵੀ ਇਸ ਤੋਂ ਦੂਰ ਕਰਦੇ ਜਾ ਰਹੇ ਹਾਂ। ਬੱਚਿਆਂ ਉਪਰ ਉਸ ਚੀਜ ਦਾ ਜਿਆਦਾ ਅਸਰ ਪੈਂਦਾ ਹੈ ਜੋ ਉਹ ਦੇਖਦੇ ਹਨ ਅਤੇ ਸਾਨੂੰ ਪਤਾ ਹੀ ਹੈ ਕਿ ਉਹ ਕੀ ਦੇਖ ਰਹੇ ਹਨ ਅਤੇ ਉਹਨਾਂ ਨੂੰ ਕੀ ਦਿਖਾਇਆ ਜਾ ਰਿਹਾ ਹੈ। ਕਿਸੇ ਵੀ ਕੌਮ ਜਾਂ ਰਾਸ਼ਟਰ ਨੂੰ ਖਤਮ ਕਰਨ ਲਈ ਉਸ ਦੇ ਸੱਭਿਆਚਾਰ ਨੂੰ ਖਤਮ ਕਰ ਦਿਉ ਬੱਸ ਸਾਰਾ ਕੁਝ ਆਪਣੇ ਆਪ ਹੀ ਖਤਮ ਹੋ ਜਾਵੇਗਾ, ਇਹੋ ਕੁਝ ਸਾਡੇ ਨਾਲ ਹੋ ਰਿਹਾ ਹੈ। ਸਾਡੀ ਨੌਜਵਾਨ ਪੀੜੀ ਨੂੰ ਲੱਚਰਤਾ ਦੇ ਰੂਪ ਵਿਚ ਮਿੱਠੀ ਜ਼ਹਿਰ (ਸਲੋਅ ਪੁਆਇਜ਼ਨ) ਦਿੱਤੀ ਜਾ ਰਹੀ ਹੈ, ਜਿਸ ਦੀ ਜ਼ੱਦ ਵਿੱਚ ਨੌਜਵਾਨਾਂ ਦਾ ਆਉਣਾ ਸੁਭਾਵਿਕ ਹੀ ਹੈ।

ਤੁਸੀਂ ਦੇਖਿਆ ਹੋਵੇਗਾ ਕਿ ਟੀਵੀ.ਚੈਨਲਾਂ 'ਤੇ ਸਭ ਤੋਂ ਜ਼ਿਆਦਾ ਪ੍ਰਦੇਸ਼ਿਕ ਚੈਨਲ ਪੰਜਾਬੀ ਦੇ ਹਨ ਜਿਨਾਂ ਉਪਰ ਸਾਰਾ ਦਿਨ ਪੰਜਾਬੀ ਲੱਚਰ ਗਾਣਿਆਂ ਤੋਂ ਸਿਵਾਏ ਕੁਝ ਨਹੀਂ ਦਿਖਾਇਆ ਜਾ ਰਿਹਾ। ਲਗਾਤਾਰ 24-24 ਘੰਟੇ ਘਟੀਆ ਕਿਸਮ ਦੇ ਸੱਭਿਆਚਾਰ ਦੇ ਨਾਮ 'ਤੇ ਗੰਦ ਪਰੋਸਿਆ ਜਾ ਰਿਹਾ ਹੈ। ਇਸ ਦਾ ਅਸਰ ਸਾਡੇ ਸਮਾਜ ਖਾਸ ਕਰਕੇ ਨੌਜਵਾਨ ਵਰਗ 'ਤੇ ਪੈਣਾ ਲਾਜ਼ਮੀ ਹੈ, ਜਿਸ ਕਾਰਨ ਹੁਣ ਇਹ ਲੱਚਰਪੁਣਾ ਸਾਡੇ ਸਮਾਜਕ ਕੰਮਾਂਕਾਰਾਂ, ਖੁਸ਼ੀਆਂ ਦੇ ਮੌਕੇ ਅਤੇ ਹੋਰ ਕਈ ਪਰੋਗਰਾਮਾਂ ਦਾ ਇਕ ਹਿੱਸਾ ਬਣਦਾ ਜਾ ਰਿਹਾ। ਪੰਜਾਬੀਆਂ ਦਾ ਵਿਆਹ ਦੇਖ ਕਿ ਇੰਝ ਲਗਦਾ ਹੈ, ਜਿਵੇਂ ਅਸੀਂ ਕਿਸੇ ਮੁਗਲ ਬਾਦਸ਼ਾਹ ਦੀ ਮਹਿਫਲ ਵਿੱਚ ਮਹਿਮਾਨ ਹੋਈਏ। ਸ਼ਰਾਬ ਤੇ ਸ਼ਬਾਬ ਸਾਹਮਣੇ ਪਰੋਸਿਆ ਜਾ ਰਿਹਾ ਹੁੰਦਾ ਹੈ। ਮੁਜ਼ਰੇ ਵਾਂਗ ਸਟੇਜ 'ਤੇ ਅੱਧ-ਨੰਗੀਆਂ ਲੜਕੀਆਂ ਨਾਚ ਕਰ ਰਹੀਆਂ ਹੁੰਦੀਆਂ ਹਨ ਜਿਸ ਵਿੱਚ ਸਾਡੇ ਲੜਕੇ ਅਤੇ ਲੜਕੀਆਂ ਵੀ ਹਿੱਸਾ ਲੈ ਰਹੇ ਹੁੰਦੇ ਹਨ। ਅਸੀਂ ਨਾ ਚਾਹੁੰਦੇ ਹੋਏ ਵੀ ਇਸ ਦਾ ਹਿੱਸਾ ਜ਼ਰੂਰ ਬਣਦੇ ਹਾਂ। ਮੁਗਲ ਬਾਦਸ਼ਾਹਾਂ ਦਾ ਇਕ ਅਸੂਲ ਹੁੰਦਾ ਸੀ ਪਰ ਅਸੀਂ ਉਹ ਵੀ ਹੱਦ ਪਾਰ ਦਿੱਤੀ। ਉਹ ਇਹ ਕਿ ਉਹਨਾਂ ਸਾਹਮਣੇ ਸਿਰਫ ਨਚਾਰ (ਪ੍ਰੋਫੈਸ਼ਨਲ)ਹੀ ਨੱਚਦੇ ਸਨ ਪਰ ਇਥੇ ਤਾਂ ਸਾਡੀਆਂ ਆਪਣੀਆਂ ਕੁੜੀਆਂ, ਧੀਆਂ, ਭੈਣਾਂ ਅਤੇ ਮੁੰਡੇ ਨੱਚਦੇ ਹਨ।

ਅਖੀਰ ਵਿੱਚ ਮੈਂ ਇਹੀ ਕਹਾਂਗਾ ਕਿ ਹੁਣ ਵੀ ਸਮਾਂ ਹੈ ਜੇਕਰ ਅੱਜ ਵੀ ਅਸੀਂ ਇਸ ਪਾਸੇ ਵੱਲੋਂ ਆਪਣੇ ਆਪ ਨੂੰ ਤੇ ਆਪਣੇ ਬੱਚਿਆਂ ਨੂੰ ਮੋੜ ਲਈਏ ਤਾਂ ਸਾਡੇ ਇਸ ਉਪਰਾਲੇ ਨਾਲ ਇਕ-ਇਕ ਕਰਕੇ ਸਾਰਾ ਸਮਾਜ ਇਸ ਦਲਦਲ ਵਿੱਚੋਂ ਨਿਕਲ ਸਕਦਾ ਹੈ। ਬਾਅਦ ਵਿੱਚ ਹੱਥ ਮਲਣ ਦਾ ਕੋਈ ਫਇਦਾ ਨਹੀ ਹੋਵੇਗਾ। ਆਓ ਪ੍ਰਣ ਕਰੀਏ ਕਿ ਜਿਥੋਂ ਤੱਕ ਹੋ ਸਕੇ ਅਸੀਂ ਇਹਨਾਂ ਬੁਰਾਈਆਂ ਨੂੰ ਰੋਕਣ ਵਿੱਚ ਆਪਣਾ ਯੋਗਦਾਨ ਪਾਈਏ ਅਤੇ ਆਪਣੇ ਘਰ ਤੋਂ ਇਹ ਸ਼ੁਰੂ ਕਰੀਏ ਕਿ ਅਸੀਂ ਆਪਣੇ ਪਰਿਵਾਰ ਵਿੱਚ ਕਿਸੇ ਵੀ ਖੁਸ਼ੀ ਦੇ ਮੌਕੇ 'ਤੇ ਇਸ ਲੱਚਰ ਸਭਿਆਚਾਰ ਤੋਂ ਤੌਬਾ ਕਰਾਂਗੇ। ਇਸੇ ਤਰਾਂ ਆਪਣੇ ਸਾਕ-ਸਬੰਧੀਆਂ ਨੂੰ ਇਸ ਬੁਰਾਈ ਤੋਂ ਬਚਣ ਲਈ ਪ੍ਰੇਰਤ ਵੀ ਕਰਾਂਗੇ। ਸੋਚਿਓ ਜ਼ਰੂਰ ਅਸੀਂ ਕਿਥੋਂ ਤੁਰੇ ਸੀ ਤੇ ਕਿਥੇ ਪਹੁੰਚ ਗਏ ਹਾਂ। ਕੀ ਸਾਡੀ ਕੌਮ ਇਸ ਕੰਮ ਵਾਸਤੇ ਗੁਰੂ ਸਹਿਬ ਨੇ ਬਣਾਈ ਸੀ। ਯਾਦ ਕਰਿਓ ਉਹਨਾਂ ਨਿੱਕੀਆਂ ਜਿੰਦਾਂ ਨੂੰ, ਕੀ ਕੁਝ ਨਹੀਂ ਕੀਤਾ ਉਹਨਾਂ ਸਾਡੇ ਵਾਸਤੇ ਅਤੇ ਅਸੀਂ ਕੀ ਸਿਲਾ ਦਿਤਾ ਉਹਨਾਂ ਦੀਆਂ ਕੁਰਬਾਨੀਆਂ ਦਾ।

ਬਾਕੀ

## ਗੈਂਗਸਟਰਾਂ ਦਾ ਖ਼ੌਫ-ਪੰਜਾਬ ਲਈ ਵੱਡਾ ਖ਼ਤਰਾ

ਬਾਅਦ ਉਸ ਨੇ ਅਤੇ ਉਸਦੇ ਸਾਥੀਆਂ ਨੇ ਉਸ ਦੀ ਲਾਸ਼ 'ਤੇ ਭੰਗੜਾ ਪਾਇਆ ਸੀ। ਖੁਫੀਆ ਵਿਭਾਗ ਦੀਆਂ ਰਿਪੋਰਟਾਂ ਅਨੁਸਾਰ ਪੰਜਾਬ ਦੇ ਕਈ ਗੈਂਗਸਟਰ ਆਈਐਸਆਈ ਦੇ ਸੰਪਰਕ ਵਿੱਚ ਹਨ, ਜੋ ਨਾ ਕੇਵਲ ਇਨ੍ਹਾਂ ਨੂੰ ਲਗਾਤਾਰ ਹਥਿਆਰ ਦਿੰਦੀ ਹੈ, ਸਗੋਂ ਨਸ਼ਾ ਤਸਕਰੀ ਵਿੱਚ ਧੱਕ ਰਹੀ ਹੈ, ਕਈ ਗੈਂਗਸਟਰਾਂ ਨੂੰ ਨਕਲੀ ਨੋਟ ਤੇ ਹੈਰੋਇਨ ਦੀ ਸਪਲਾਈ ਵੀ ਕਰਦੀ ਹੈ। ਪੰਜਾਬ ਪੁਲਿਸ ਦੁਆਰਾ ਹੁਣੇ ਜਿਹੇ ਗ੍ਰਿਫਤਾਰ ਕੀਤੇ ਬੰਬੀਹਾ ਗੈਂਗ ਦੇ 11 ਮੈਂਬਰਾਂ ਕੋਲੋਂ ਚੀਨ ਵਿੱਚ ਬਣੇ ਹਥਿਆਰ ਬਰਾਮਦ ਕੀਤੇ ਹਨ। ਪਾਕਿਸਤਾਨ ਵਿਚ ਸਰਗਰਮ ਬੱਬਰ ਖਾਲਸਾ ਦੇ ਮੁਖੀ ਵਧਾਵਾ ਸਿੰਘ 'ਤੇ ਆਈ ਐਸ ਆਈ ਲਗਾਤਾਰ ਪੰਜਾਬ ਵਿੱਚ ਨਕਲੀ ਕਰੰਸੀ ਲਈ ਦਬਾਅ ਪਾ ਰਹੀ ਹੈ। ਹਾਲ ਹੀ ਚੰਡੀਗੜ੍ਹ ਵਿੱਚ ਇੱਕ ਮੁਕਾਬਲੇ ਦੇ ਦੌਰਾਨ ਜਿੰਦਾ ਗਿਰਫਤਾਰ ਕੀਤੇ ਗਏ ਗੈਂਗਸਟਰ ਦਿਲਪ੍ਰੀਤ ਸਿੰਘ ਬਾਬਾ ਨੇ ਪੁਲਿਸ ਪੁੱਛਗਿਛ ਵਿੱਚ ਖੁਲਾਸਾ ਕੀਤਾ ਕਿ ਉਹ ਤੇ ਭਗੌੜਾ ਗੈਂਗਸਟਰ ਹਰਵਿੰਦਰ ਸੰਧੂ ਰਿੰਦਾ ਕਈ ਵਾਰ ਵਧਾਵਾ ਸਿੰਘ ਨਾਲ ਗੱਲ ਕਰ ਚੁੱਕੇ ਹਨ। ਪੰਜਾਬ ਪੁਲਿਸ ਦੇ ਖੁਫੀਆ ਵਿਭਾਗ ਪ੍ਰਮੁੱਖ ਰਾਜ ਕੁੰਵਰ ਫਤਹਿ ਪ੍ਰਤਾਪ ਸਿੰਘ ਨੇ ਮੰਨਿਆ ਹੈ ਕਿ ਕਈ ਗੈਂਗਸਟਰ ਪਾਕਿਸਤਾਨ ਦੀ ਖ਼ੁਫ਼ੀਆ ਏਜੰਸੀ ਆਈ ਐਸ ਆਈ ਦੇ ਸੰਪਰਕ ਵਿੱਚ ਹਨ, ਪੁਲਿਸ ਉਨ੍ਹਾਂ ਉੱਤੇ ਨਜ਼ਰ ਰੱਖ ਰਹੀ ਹੈ। ਗੁਜ਼ਰੇ ਕੁੱਝ ਸਮੇਂ ਤੋਂ ਪੰਜਾਬ ਦੇ ਗੈਂਗਸਟਰ ਆਪਣੀ ਗਤੀਵਿਧੀਆਂ ਚਲਾਉਣ ਲਈ ਸੋਸ਼ਲ ਮੀਡਿਆ ਦਾ ਖੁੱਲ ਕੇ ਇਸਤੇਮਾਲ ਕਰ ਰਹੇ ਹਨ। ਪੰਜਾਬ ਦੀਆਂ ਜੇਲ੍ਹਾਂ ਵਿਚ ਬੰਦ ਵੱਡੇ ਗੈਂਗਸਟਰ ਆਪਣੀ ਅਪਰਾਧਿਕ ਗਤੀਵਿਧੀਆਂ ਦੇ ਅਪਡੇਟ ਬਕਾਇਦਾ ਆਪਣੇ ਫੇਸਬੁਕ ਪੇਜ ਉੱਤੇ ਸਾਂਝਾ ਕਰਦੇ ਹਨ। ਜਮਾਲਗੋਟਾ ਗੈਂਗ ਨੇ 30 ਅਪ੍ਰੈਲ 2016 ਨੂੰ ਜਦੋਂ ਫਾਜਿਲਕਾ ਦੇ ਪੂਰਵ ਗੈਂਗਸਟਰ ਅਤੇ ਰਾਜਨੇਤਾ ਜਸਵਿੰਦਰ ਸਿੰਘ ਰਾਕੀ ਦੀ ਹੱਤਿਆ ਕੀਤੀ ਸੀ, ਉਸ ਦੇ ਬਾਅਦ ਜਮਾਲਗੋਟਾ ਨੇ ਆਪ ਫੇਸਬੁਕ ਅਪਡੇਟ ਦੇ ਜਰੀਏ ਨਾ ਹੀ ਕੇਵਲ ਇਸ ਦੀ ਜਿੰਮੇਵਾਰੀ ਲਈ ਸੀ , ਸਗੋਂ ਬਠਿੰਡਾ ਦੇ ਇੱਕ ਪ੍ਰਮੁੱਖ ਪੁਲਿਸ ਮੁਖੀ ਨੂੰ ਧਮਕਾਇਆ ਵੀ ਸੀ। ਹਾਲ ਹੀ ਵਿਚ ਗ੍ਰਿਫਤਾਰ ਕੀਤੇ ਗਏ ਗੈਂਗਸਟਰ ਦਿਲਪ੍ਰੀਤ ਸਿੰਘ ਦਾਹਿਆ ਉਰਫ ਬਾਬਾ ਨੇ ਵੀ ਪੰਜਾਬੀ ਗਾਇਕ ਪਰਮੇਸ਼ ਵਰਮਾ ਉੱਤੇ ਹਮਲਾ ਕਰਨ ਦੇ ਬਾਅਦ ਫੇਸਬੁਕ ਉੱਤੇ ਇਸਦੀ ਜਿੰਮੇਵਾਰੀ ਲਈ ਸੀ। ਉਸ ਨੇ ਬਕਾਇਦਾ ਸੋਸ਼ਲ ਮੀਡਿਆ ਦਾ ਇਸਤੇਮਾਲ ਕਰਨ ਲਈ ਇੱਕ ਗੁਰਗਾ ਵੀ ਰੱਖਿਆ ਹੈ , ਜਿਸ ਨੂੰ ਮੋਹਾਲੀ ਪੁਲਿਸ ਨੇ ਗਿਰਫਤਾਰ ਕੀਤਾ ਸੀ । ਪੁਲਿਸ ਸੂਤਰਾਂ ਦੇ ਮੁਤਾਬਿਕ ਹਾਲ ਹੀ ਵਿਚ ਗਿਰਫਤਾਰ ਕੀਤੇ ਗਏ ਦਰਜਨ ਤੋਂ ਵੱਧ ਗੈਂਗਸਟਰ ਸੋਸ਼ਲ ਮੀਡੀਆ 'ਤੇ ਮਿਲੇ ਲਿੰਕਸ ਦੇ ਜਰੀਏ ਹੀ ਫੜੇ ਗਏ ਹਨ।

## ਅੰਧ ਵਿਸ਼ਵਾਸਾਂ ਤੋਂ ਉੱਠ ਕੇ ਗਿਆਨ ਮਾਰਗ 'ਤੇ ਤੁਰੋ

ਨੇ ਕੀਤਾ ਸੀ, ਜਿਨ੍ਹਾਂ ਦੇ ਦਰਬਾਰ ਵਿੱਚ ਹਿੰਦੂ ਤੇ ਮੁਸਲਮਾਨਾਂ ਨੂੰ ਯੋਗਤਾ ਅਨੁਸਾਰ ਬਗ਼ੈਰ ਕਿਸੇ ਵਿਤਕਰੇ ਤੋਂ ਪੂਰਨ ਸਤਿਕਾਰ ਮਿਲਦਾ ਸੀ। ਉਹਨਾਂ ਦੇ ਹਿਰਦਿਆਂ ਵਿੱਚ ਕੌਮੀ ਨਫ਼ਰਤ ਭਾਵ ਨਹੀਂ ਸੀ। ਸਿੱਖ ਰਾਜ ਦਾ ਡਿੱਗਣਾ ਠੀਕ ਸਾਡੇ ਆਪਣੇ ਕੁਝ ਲੋਕਾਂ ਦੀ ਗੱਦਾਰੀ ਸੀ, ਪਰ ਯਾਦ ਰਹੇ ਕਿ ਯੋਗ ਕੌਮਾਂ ਨੂੰ ਕੋਈ ਲੰਮੇ ਸਮੇਂ ਲਈ ਅਧੀਨ ਨਹੀਂ ਰੱਖ ਸਕਦਾ। ਉਹਨਾਂ ਦੀ ਯੋਗਤਾ ਆਪਣੀ ਸਰਦਾਰੀ ਕਿਸੇ ਨਾ ਕਿਸੇ ਰੂਪ ਵਿੱਚ ਜ਼ਰੂਰ ਕਾਇਮ ਰੱਖਦੀ ਹੈ। ਹਿੰਦੋਸਤਾਨ ਅੰਦਰ ਸਿੱਖਾਂ ਨੇ ਸਰਦਾਰੀ ਬੜੇ ਮਹਿੰਗੇ ਭਾਅ ਲਈ ਹੈ। ਇਸ ਪਿੱਛੇ ਗੁਰੂ ਤੇ ਗੁਰੂਆਂ ਦੇ ਸਿੱਖ ਸਰਦਾਰਾਂ ਦੀਆਂ ਸ਼ਹਾਦਤਾਂ ਦੀ ਲੰਬੀ ਕਹਾਣੀ ਖਲੋਤੀ ਹੈ। ਹੁਣ ਇਸ ਨੂੰ ਤੰਗ ਨਜ਼ਰੀਏ ਨਾਲ ਵੱਖਵਾਦ ਦੀ ਝੋਲੀ ਪਾ ਦੇਣਾ ਬੜੀ ਭਾਰੀ ਗੁਸਤਾਖ਼ੀ ਹੋਵੇਗੀ। ਸਾਡੇ ਗੁਰੂਆਂ ਦਾ ਉਪਦੇਸ਼ ਸਿਰਫ਼ ਪੰਜਾਬ ਜਾਂ ਹਿੰਦੋਸਤਾਨ ਲਈ ਨਹੀਂ, ਇਹ ਜਗਤ ਮੁਸ਼ਕਲਾਂ ਨੂੰ ਸੁਲਝਾਉਣ ਵਾਲਾ ਉਪਦੇਸ਼ ਹੈ। ਇਸ ਦੇ ਸਿਧਾਂਤਾਂ ਨੂੰ ਜੀਵਨ ਤੇ ਨਿੱਤ ਦੇ ਕਰਮਾਂ ਵਿੱਚ ਵਸਾਉਣਾ ਹੀ ਸਾਡੇ ਲਈ ਰਾਜ ਕਰਨਾ ਹੋ ਸਕਦਾ ਹੈ। ਸਾਨੂੰ ਜਗਤ ਵਿੱਚ ਆਪਣੀ ਸਰਦਾਰੀ ਗੁਰੂ ਸਿਧਾਂਤਾਂ 'ਤੇ ਖੜ੍ਹੀ ਕਰਨੀ ਚਾਹੀਦੀ ਹੈ, ਨਾ ਕਿ ਰਾਜ ਕਰਨ ਦੀ ਲਾਲਸਾ ਉੱਤੇ। ਜੇਕਰ ਸਭ ਨੂੰ ਨਾਲ ਲੈ ਕੇ ਚੰਗਾ ਜੀਵਨ ਜੀਉਣ ਦੇ ਗੁਰੂਆਂ ਦੇ ਦਿੱਤੇ ਸਿਧਾਂਤ ਪਿੱਛੇ ਸੁੱਟ ਦਿੱਤੇ ਗਏ, ਤਾਂ ਖਾਲਸਾ ਰਾਜ ਅੰਦਰ ਵੀ ਖਾਨਾਜੰਗੀ ਛਿੜ ਸਕਦੀ ਹੈ। ਜਾਤਾਂ ਦੇ ਆਧਾਰ 'ਤੇ ਗੁਰਦੁਆਰੇ ਕਾਇਮ ਹੋ ਚੁੱਕੇ ਹਨ। ਇਸੇ ਆਧਾਰ 'ਤੇ ਖ਼ਾਲਿਸਤਾਨ ਨੂੰ ਕਾਇਮ ਰੱਖਣਾ ਵੀ ਮੁਸ਼ਕਲ ਹੋ ਜਾਵੇਗਾ। ਨਿੱਤ ਦੀਆਂ ਲੜਾਈਆਂ ਜਿਸ ਤਰ੍ਹਾਂ ਹੁਣੇ ਪੰਜਾਬ ਅੰਦਰ ਰਵੀਦਾਸੀਆਂ ਨੇ ਲੜੀ ਹੈ, ਖਾਲਿਸਤਾਨ ਅੰਦਰ ਇਹੋ ਜਿਹੀਆਂ ਲੜਾਈਆਂ ਪਰੇਸ਼ਾਨੀ ਦਾ ਕਾਰਨ ਬਣ ਕੇ ਸਿੱਖੀ ਸਤਿਕਾਰ ਨੂੰ ਦੁਨੀਆਂ ਵਿੱਚ ਉੱਚਾ ਚੁੱਕਣ ਦੀ ਬਜਾਇ ਗਿਰਾਵਟ ਦਾ ਕਾਰਨ ਬਣ ਸਕਦੀਆਂ ਹਨ। ਇਸ ਕਰਕੇ ਸਾਨੂੰ ਹਰ ਥਾਂ ਗੁਰੂ ਸਿਧਾਂਤਾਂ ਦਾ ਇਸ ਜਗਤ ਵਿੱਚ ਰਾਜ ਹੋਵੇ ਇਸ ਗੱਲ 'ਤੇ ਪਹਿਰਾ ਦੇਣਾ ਚਾਹੀਦਾ ਹੈ। ਸਿੱਖੀ ਚੜ੍ਹਤ ਲਈ ਵੱਖਰੇ ਰਾਜ ਦੀ ਮੰਗ ਇਸ ਸਮੇਂ ਖ਼ਤਰਿਆਂ ਭਰੀ ਹੈ, ਕਿਉਂਕਿ ਹੁਣ ਸੰਸਾਰ ਗਲੋਬਲ ਪਿੰਡ ਬਣ ਚੁੱਕਾ ਹੈ। ਸਾਨੂੰ ਆਪਣੀ ਸੋਚ ਵੀ ਸੰਸਾਰਕ ਪੱਧਰ 'ਤੇ ਬਣਾਉਣੀ ਪਵੇਗੀ। ਜਦੋਂ ਅਸੀਂ ਯੋਗਤਾ ਦੇ ਆਧਾਰ 'ਤੇ ਮਨਮੋਹਨ ਸਿੰਘ ਦੀ ਤਰ੍ਹਾਂ ਹਿੰਦੋਸਤਾਨ ਨੂੰ ਦੁਨੀਆਂ ਸਾਹਮਣੇ ਆਉਂਦੇ ਹਾਂ, ਤਾਂ ਸੰਸਾਰ ਅੰਦਰ ਸਿੱਖੀ ਸਤਿਕਾਰ ਨੂੰ ਉੱਚੇ ਉੱਠਣ ਦਾ ਮੌਕਾ ਮਿਲਦਾ ਹੈ। ਵੱਖਵਾਦ ਦੇ ਨਾਅਰਿਆਂ ਨਾਲ ਸਿੱਖੀ ਸਤਿਕਾਰ ਨੂੰ ਹਿੰਦੋਸਤਾਨ ਅੰਦਰ ਭਾਰੀ ਸੱਟ ਵੱਜੇਗੀ। ਜਿਸ ਤਰ੍ਹਾਂ ਮੁਸਲਮਾਨਾਂ ਨੂੰ ਵੱਜੀ ਹੈ। ਅਸੀਂ ਹਿੰਦੋਸਤਾਨ ਨੂੰ ਸਿਰਜਣ ਵਾਲੇ ਦੇਸ਼-ਭਗਤਾਂ ਤੋਂ ਹੱਟ ਕੇ ਦੇਸ਼ ਤੋੜਨ ਵਾਲੇ ਦੇਸ਼ ਧਰੋਹੀ ਬਣ ਜਾਵਾਂਗੇ। ਗਿਆਨ ਵਿਹੂਣੀ ਆਪਣੇ ਰਾਜ ਦੀ ਰੱਟ ਸਿੱਖੀ ਸਤਿਕਾਰ ਵਧਾਉਣਾ ਨਹੀਂ, ਘਟਾਉਣਾ ਹੈ। ਮਜ਼੍ਹਬਾਂ ਤੇ ਕੌਮਾਂ ਦੇ ਆਧਾਰ 'ਤੇ ਮਨੁੱਖਤਾ ਨੂੰ ਵੰਡ ਕੇ ਇਹ ਦਲੀਲ ਦੇਣੀ ਕਿ ਘੱਟ ਗਿਣਤੀ ਗੁਲਾਮ ਹੋ ਜਾਵੇਗੀ। ਲੰਮੇ ਸਮੇਂ ਲਈ ਠੀਕ ਨਹੀਂ ਹੈ। ਜਿਉਂ-ਜਿਉਂ ਗਿਆਨਪੂਰਵਕ ਮਨੁੱਖਤਾ ਅੰਦਰ ਅੰਧ-ਵਿਸ਼ਵਾਸ ਘਟੇਗਾ। ਮਜ਼੍ਹਬ ਦੀ ਪਕੜ ਕਮਜ਼ੋਰ ਹੁੰਦੀ ਜਾਵੇਗੀ। ਹਿੰਦੂ, ਮੁਸਲਿਮ, ਸਿੱਖ, ਇਸਾਈ, ਸਭਨਾਂ ਦੀਆਂ ਜੀਵਨ ਲੋੜਾਂ ਇੱਕੋ ਜਿਹੀਆਂ ਹਨ। ਲੋਕ ਆਪਣੀਆਂ ਰੋਜ਼ਾਨਾ ਜੀਵਨ ਲੋੜਾਂ ਲਈ ਇੱਕ ਜਾਨ ਹੋ ਕੇ ਜੂਝਣਾ ਪਸੰਦ ਕਰਨਗੇ। ਇਸ ਸਮੇਂ ਵੀ ਬਹੁਤ ਲੋਕਾਂ ਨੂੰ ਰੱਬ ਦਾ ਤੇ ਅਗਲੇ ਜਨਮ ਦਾ ਫ਼ਿਕਰ ਬੇਲੋੜਾ ਦਿਖਾਈ ਦੇਣ ਲੱਗ ਪਿਆ ਹੈ। ਇਸੇ ਜੀਵਨ ਤੇ ਇਸੇ ਧਰਤੀ ਨੂੰ ਸਵਰਗ ਬਣਾਉਣ ਵਿੱਚ ਹੀ ਮਨੁੱਖਤਾ ਦੀ ਮੁਕਤੀ ਹੈ। ਵੱਖਵਾਦੀ ਦਾ ਮਜ਼੍ਹਬੀ ਅੰਧ ਵਿਸ਼ਵਾਸ ਬਹੁਤੀ ਦੇਰ ਨਾ ਚੱਲੇਗਾ। ਇਹ ਸਮੇਂ ਦੀ ਸੱਚਾਈ ਹੈ।

# ਬਰਕਤ, ਬਰਕਤ ਸਿੰਘ ਉਰਫ਼ ਬਾਬਾ ਬਰਕਤ

**ਜਸਵੰਤ ਸਿੰਘ ਸੰਧੂ ਘਰਿੰਡਾ**
510-516-5971

ਸੰਨ 1947 ਵਿਚ ਪੰਜਾਬ ਦੀ ਵੰਡ ਹੋਈ। ਸਦੀਆਂ ਤੋਂ ਇਕੱਠੇ ਰਹਿੰਦੇ ਪੰਜਾਬੀਆਂ ਨੂੰ ਆਪਣੀਆਂ ਜੰਮਣ ਭੋਇੰ ਅਤੇ ਆਂਢ ਗੁਆਂਢੀ ਵਸਣ ਵਾਲੇ ਜਿਗਰੀ ਦੋਸਤਾਂ ਤੋਂ ਵਿਛੜਨਾ ਪਿਆ। 10 ਲੱਖ ਬੇਗੁਨਾਹ ਮਾਰੇ ਗਏ। ਮੁੜ ਦੁਬਾਰਾ ਆਪਣੀਆਂ ਜਨਮ ਭੋਆਂ ਤੇ ਆਪਣੇ ਗੁਆਂਢੀਆਂ ਨੂੰ ਮਿਲਣ ਲਈ ਤਰਸਦੇ ਪਤਾ ਨਹੀਂ ਕਿੰਨੇ ਲੋਕ ਮੜ੍ਹੀਆਂ ਵਿਚ ਸੜ ਗਏ ਜਾਂ ਕਬਰਾਂ ਵਿਚ ਸੌਂ ਗਏ।



ਬਚਪਨ ਦੀਆਂ ਯਾਦਾਂ ਮਨੁੱਖ ਦਾ ਅਖੀਰ ਉਮਰ ਤੱਕ ਖਹਿੜਾ ਨਹੀਂ ਛੱਡਦੀਆਂ। ਬਚਪਨ ਦੇ ਸਾਥੀ ਯਾਦ ਆਉਂਦੇ ਰਹਿੰਦੇ (ਖਾਸ ਕਰਕੇ ਉਸ ਜਗ੍ਹਾ ਦੇ ਜਿੱਥੇ ਅਸੀਂ ਵੰਡ ਕਾਰਨ ਜਾ ਨਹੀਂ ਸਕਦੇ) ਜਿਨ੍ਹਾਂ ਨਾਲ ਲੁਕਣ ਮੀਟੀਆਂ ਖੇਡੀਆਂ ਜਿਨ੍ਹਾਂ ਨਾਲੋਂ ਅਸੀਂ ਵਿਛੜ ਜਾਂਦੇ ਹਾਂ, ਸਾਡੀ ਯਾਦਾਸ਼ਤ ਵਿਚੋਂ ਉਨ੍ਹਾਂ ਦੀਆਂ ਕਹਾਣੀਆਂ ਬਾਕੀ ਰਹਿ ਜਾਂਦੀਆਂ ਨੇ, ਉਨ੍ਹਾਂ ਦੀਆਂ ਬਾਤਾਂ ਪਾ ਪਾ ਕੇ ਅਸੀਂ ਬੀਤੇ ਸੁਪਨੇ ਵੇਖਣ ਦੀ ਕੋਸ਼ਿਸ਼ ਕਰਦੇ ਹਾਂ।

ਪੰਜਾਬ ਦੀ ਵੰਡ ਦੇ ਦਰਦ ਨੂੰ ਮਹਿਸੂਸ ਕਰਦਿਆਂ ਕਈ ਲੇਖਕਾਂ ਨੇ ਇਸ ਦਰਦ ਨੂੰ ਘਟਾਉਣ ਵਾਸਤੇ ਸ. ਕੁਲਵੰਤ ਸਿੰਘ ਵਿਰਕ ਅਤੇ ਸ. ਨਾਨਕ ਸਿੰਘ ਜੀ ਸਮੇਤ ਕਈ ਲੇਖਕਾਂ ਨੇ ਕਹਾਣੀਆਂ ਤੇ ਨਾਵਲ ਲਿਖੇ। ਇਨ੍ਹਾਂ ਵਿਚ ਕਲਪਨਾ ਘੱਟ ਤੇ ਹੋਈ-ਬੀਤੀ ਜ਼ਿਆਦਾ ਸੀ। ਇਨਸਾਨ ਦੇ ਅੰਦਰ ਕਿੰਨਾ ਉਦਰੇਵਾਂ ਹੁੰਦਾ ਹੈ, ਆਪਣਿਆਂ ਨਾਲ ਦਿਲ ਦੀਆਂ ਗੱਲਾਂ ਵਟਾਉਣ ਦਾ? ਦੇਸ਼ ਆਜ਼ਾਦ ਹੋ ਗਿਆ ਪਰ ਜਿਨ੍ਹਾਂ ਨੂੰ ਇਸ ਆਜ਼ਾਦੀ ਬਦਲੇ ਅਸਹਿ ਅਤੇ ਅਕਹਿ ਕਸ਼ਟ ਝੱਲਣੇ ਪਏ ਤੇ ਕੁਰਬਾਨੀ ਦਾ ਬੱਕਰਾ ਬਣਨਾ ਪਿਆ, ਉਨ੍ਹਾਂ ਦੇ ਅੰਦਰ ਪੈਂਦੀਆਂ ਤਰਾਟਾਂ ਅਜੇ ਤੱਕ ਮੱਠੀਆਂ ਨਹੀਂ ਪਈਆਂ ਅਤੇ ਨਾ ਹੀ ਪੈਣਗੀਆਂ।

ਪਾਕਿਸਤਾਨ ਵਿਚ ਲਾਇਲਪੁਰ (ਅੱਜ ਕੱਲ ਫੈਸਲਾਬਾਦ) ਦੇ ਨਾਸਿਰ ਢਿੱਲੋਂ ਅਤੇ ਨਨਕਾਣਾ ਸਾਹਿਬ ਦੇ ਭੁਪਿੰਦਰ ਸਿੰਘ ਲਵਲੀ ਜੀ ਨੇ 'ਪੰਜਾਬੀ ਲਹਿਰ' ਨਾਂ ਦੀ ਇਕ ਸੰਸਥਾ ਬਣਾਈ ਹੈ ਜਿਸ ਵਿਚ ਉਹ ਸੰਨ 1947 ਤੋਂ ਪਹਿਲਾਂ ਦੇ ਬਜ਼ੁਰਗਾਂ ਨਾਲ ਮੁਲਾਕਾਤਾਂ ਕਰਕੇ, ਯੂ.ਟਿਊਬ ਰਾਹੀਂ ਦੋਹਾਂ ਪੰਜਾਬਾਂ ਦੇ ਪੰਜਾਬੀਆਂ ਨਾਲ ਸਾਂਝੀਆਂ ਕਰ ਕੇ ਚੜ੍ਹਦੇ ਅਤੇ ਲਹਿੰਦੇ ਪੰਜਾਬ ਦੇ ਪੰਜਾਬੀਆਂ ਵਿਚ ਪੁਰਾਣੀ ਸਾਂਝ ਪੈਦਾ ਕਰਕੇ ਅਮਨ ਬਹਾਲ ਕਰਨ ਦੀ ਇਕ ਤਗੜੀ ਮੁਹਿੰਮ ਚਲਾ ਰਹੇ ਹਨ, ਜੋ ਕਿ ਸ਼ਲਾਘਾਯੋਗ ਕਦਮ ਹੈ। ਮੈਂ ਇਹ ਕਾਫ਼ੀ ਮੁਲਾਕਾਤਾਂ ਸੁਣੀਆਂ ਨੇ। ਨਾਸਿਰ ਢਿੱਲੋਂ ਜੀ, ਜਿਹੜਾ ਸਵਾਲ ਅਖੀਰ ਵਿਚ ਪੁੱਛਦੇ ਨੇ ਕਿ 'ਹੁਣ ਵਾਲਾ ਵਸੇਬ ਸਹੀ ਹੈ ਕਿ ਵੰਡ ਤੋਂ ਪਹਿਲਾਂ ਵਾਲਾ? ਤਾਂ ਹਰ ਇਕ ਬਜ਼ੁਰਗ ਦਾ ਇਕੋ ਜਵਾਬ ਹੁੰਦਾ ਹੈ ਕਿ 'ਵੰਡ ਤੋਂ ਪਹਿਲਾਂ ਵਾਲਾ ਠੀਕ ਸੀ ਹੁਣ ਵਾਲਾ ਨਹੀਂ'। ਉਦੋਂ ਪਿਆਰ ਮੁਹੱਬਤ ਸੀ ਪਰ ਹੁਣ ਉਹ ਗੱਲਾਂ ਨਹੀਂ ਰਹੀਆਂ। ਉਹ ਆਪਣੇ ਪਿੰਡ ਤੇ ਸਾਥੀਆਂ ਨੂੰ ਵੇਖਣਾ, ਮਿਲਣਾ ਚਾਹੁੰਦੇ ਨੇ ਪਰ ਦੋਹਾਂ ਮੁਲਕਾਂ ਦੇ ਹਾਲਾਤ ਮੁਤਾਬਕ ਉਹ ਆ ਜਾ ਨਹੀਂ ਸਕਦੇ। ਅੱਜ ਵੀ ਪੁਰਾਣੇ ਪਿੰਡਾਂ ਅਤੇ ਸਾਥੀਆਂ ਨੂੰ ਯਾਦ ਕਰਕੇ ਉਨ੍ਹਾਂ ਦੀਆਂ ਅੱਖਾਂ ਵਿਚ ਅੱਥਰੂ ਵਹਿ ਤੁਰਦੇ ਨੇ?

ਮੈਨੂੰ ਸਾਹਿਤ ਪੜ੍ਹਨ ਦਾ ਬੜਾ ਸ਼ੌਕ ਹੈ। ਮੈਂ ਅੱਡ ਅੱਡ ਲੇਖਕਾਂ ਦੇ ਕਹਾਣੀਆਂ, ਨਾਵਲ ਤੇ ਜੀਵਨ ਕਹਾੜੀਆਂ ਪੜ੍ਹੀਆਂ ਨੇ ਜਿਵੇਂ ਸ. ਗੁਰਬਖਸ਼ ਸਿੰਘ ਪ੍ਰੀਤ ਲੜੀ, ਨਾਨਕ ਸਿੰਘ, ਸੋਹਣ ਸਿੰਘ ਸੀਤਲ ਆਦਿ। ਜਦ ਮੈਂ ਸੋਹਣ ਸਿੰਘ ਸੀਤਲ ਜੀ ਦੀ ਜੀਵਨ ਕਹਾਣੀ 'ਵੇਖੀ ਮਾਣੀ ਦੁਨੀਆਂ' ਪੜ੍ਹੀ ਤਾਂ ਉਸ ਵਿਚ ਵੰਡ ਦਾ ਜ਼ਿਕਰ ਉਨ੍ਹਾਂ ਕੀਤਾ ਹੈ ਕਿ ਸਾਡੇ ਪਿੰਡ ਬਾਰੇ ਪਹਿਲਾਂ ਅਫ਼ਵਾਹ ਸੀ ਕਿ ਇਹ ਭਾਰਤ ਵਿਚ ਰਹੇਗਾ ਪਰ ਅਚਾਨਕ 17 ਅਗਸਤ ਨੂੰ ਖ਼ਬਰ ਆ ਗਈ ਕਿ ਸਾਡਾ ਪਿੰਡ (ਕਾਦੀਵਿੰਡ, ਜ਼ਿਲ੍ਹਾ ਕਸੂਰ, ਪਹਿਲਾਂ ਲਾਹੌਰ) ਪਾਕਿਸਤਾਨ ਵਿਚ ਆ ਗਿਆ। ਸਾਡੇ ਤੇ ਬਿਨ ਬਦਲੋਂ ਬਿਜਲੀ ਡਿੱਗ ਪਈ। ਢਾਡੀ ਜਥਾ ਬਣਾਉਣ ਤੋਂ ਬਾਅਦ ਮੈਂ ਵਾਹੀ ਛੱਡੀ ਹੋਈ ਸੀ। ਮੇਰੀ ਜ਼ਮੀਨ ਵਾਹੁਣ ਵਾਲੇ ਸਾਰੇ ਮੁਸਲਮਾਨ ਸਨ। ਪਿੰਡ ਵਿਚ ਉਨ੍ਹਾਂ ਦੀ ਗਿਣਤੀ ਵੀ ਸਿੱਖਾਂ ਤੋਂ ਜ਼ਿਆਦਾ ਸੀ।

ਮੇਰੇ ਪਾਸ ਅੱਲ੍ਹਾਦਿੱਤਾ, ਉਸ ਦਾ ਲੜਕਾ ਕਰਮਦੀਨ, ਰੁੜਾ ਅਤੇ ਮੰਗੂ ਘੁਮਿਆਰ ਆਏ ਅਤੇ ਕਿਹਾ ਸਰਦਾਰ ਜੀ, ਅਸੀਂ ਬਾਰ੍ਹਾਂ-ਤੇਰ੍ਹਾਂ ਸਾਲ ਤੋਂ ਆਪ ਜੀ ਦਾ ਨਮਕ ਖਾ ਰਹੇ ਹਾਂ। ਇਸ ਔਖ ਵੇਲੇ ਕੰਮ ਨਾ ਆਏ ਤਾਂ ਅਸੀਂ ਕੀ ਹੋਏ। ਜੋ ਹੁਕਮ ਕਰੋ ਅਸੀਂ ਹਾਜ਼ਰ ਹਾਂ। ਭਾਰਤ ਵਿਚ ਚਾਰ ਮੀਲ ਦੀ ਵਿੱਥ 'ਤੇ ਸਨਖਤਰੇ ਪਿੰਡ ਵਿਚ ਮੇਰੀ ਪਤਨੀ ਦੀ ਭੈਣ ਵਿਆਹੀ ਹੋਈ ਸੀ। ਸਨਖਤਰੇ ਵਾਲਾ ਸੰਬੰਧੀ ਪੂਰਨ ਸਿੰਘ ਗੱਡ ਲੈ ਕੇ ਆ ਗਿਆ। ਸਾਰਾ ਸਾਮਾਨ ਲੱਦ ਕੇ ਅਸੀਂ ਸਨਖਤਰੇ ਆ ਗਏ। ਜਾਣ ਲੱਗੇ ਉਹ ਸਾਰੇ ਰੋ ਰਹੇ ਸਨ।

ਮਹੀਂ ਦਾ ਵਾਗੀ ਸੀ ਮੀਆਂ ਮੰਗੂ ਦਾ ਪੁੱਤਰ ਬਰਕਤ। ਉਹ ਵੀ ਬਰਕਤ ਸਮੇਤ ਹੱਦ ਉਤੇ ਛੱਡਣ ਵੇਲੇ ਆਪਣੇ ਪੁੱਤਰ ਦੀ ਬਾਂਹ ਮੈਨੂੰ ਫੜਾ ਕੇ ਭਰੀਆਂ ਅੱਖਾਂ ਨਾਲ ਕਹਿਣ ਲੱਗਾ, ਸਰਦਾਰ ਜੀ, ਇਹ ਬਾਰ੍ਹਾਂ ਵਰ੍ਹਿਆਂ ਦਾ ਸੀ, ਜਦ ਤੁਹਾਡੇ ਮਾਲ ਮਗਰ ਲੱਗਾ ਸੀ। ਤਿੰਨ ਸਾਲ ਬੀਤ ਗਏ ਨੇ, ਤੁਸਾਂ ਇਹ ਨੂੰ ਪੁੱਤਰਾਂ ਵਾਂਗ ਪਾਲਿਆ ਹੈ। ਪੁੱਤਰਾਂ ਦੇ ਬਰਾਬਰ ਦੁੱਧ ਅਤੇ



ਉਨਾਂ ਵਰਗੇ ਹੀ ਕੱਪੜੇ ਦਿੱਤੇ ਨੇ, ਤੁਸੀਂ ਇਸ ਨੂੰ ਬੜਾ ਪਿਆਰ ਦਿੱਤਾ ਹੈ। ਅੱਜ ਤੋਂ ਇਹ ਤੁਹਾਡਾ ਪੁੱਤਰ ਹੋਇਆ। ਇਸ ਨੂੰ ਅੰਮ੍ਰਿਤ ਛਕਾ ਕੇ ਸਿੱਖ ਬਣਾ ਲਓ। ਅੱਖਾਂ ਪੂੰਝਦੀ ਮੰਗੂ ਦੀ ਘਰਵਾਲੀ ਬੋਲੀ, ਸਰਦਾਰ ਜੀ, ਮੈਂ ਇਹ ਨੂੰ ਬੱਤੀ ਧਾਰਾਂ ਬਖ਼ਸ਼ੀਆਂ ਨੇ। ਇਹ ਅੱਜ ਤੋਂ ਤੁਹਾਡਾ ਹੋਇਆ। (ਉਸ ਵੇਲੇ ਮੈਂ ਸੋਚ ਰਿਹਾ ਸਾਂ, ਜਿਹੜੀ ਇਨਸਾਨੀਅਤ ਸਧਾਰਨ ਮਨੁੱਖਾਂ ਵਿਚ ਹੈ, ਓਹਾ ਕਿਤੇ ਨੀਤੀਵਾਨਾਂ ਵਿਚ ਵੀ ਹੁੰਦੀ ਤਾਂ ਇਹ ਮੁਲਕ ਟੁਕੜੇ ਨਾ ਹੁੰਦਾ। ਨੀਤੀਵਾਨਾਂ ਦੀ ਤੰਗਦਿਲੀ ਨੇ ਮੁਲਕ ਦੀ ਖ਼ੂਬਸੂਰਤੀ ਮਾਰ ਦਿੱਤੀ)

ਇਸ ਪਾਸੇ ਆ ਕੇ ਬਰਕਤ ਤਿੰਨ ਦਿਨ ਸਾਡੇ ਕੋਲ ਰਿਹਾ। ਉਹ ਬਹੁਤ ਖੁਸ਼ ਸੀ ਕਿ ਉਹ ਸਾਰੀ ਉਮਰ ਸਾਡੇ ਨਾਲ ਰਹੇਗਾ। ਉਸ ਵੇਲੇ ਉਸ ਦੇ ਸਿਰ ਦੇ ਵਾਲ ਵਾਹਵਾ ਛੇ-ਛੇ ਇੰਚ ਲੰਮੇ ਸਨ। ਉਹ ਧਾਗੇ ਨਾਲ ਕੱਠੇ ਕਰਕੇ ਬੰਨ੍ਹ ਲੈਂਦਾ ਅਤੇ ਪੱਗ ਬੜੀ ਘੁੱਟ ਕੇ ਬੰਨ੍ਹਦਾ।

ਤੀਸਰੇ ਦਿਨ ਇਕ ਅਜਿਹੀ ਘਟਨਾ ਘਟੀ, ਜਿਸ ਕਾਰਨ ਮੈਂ ਬਰਕਤ ਨੂੰ ਵਾਪਸ ਭੇਜਣ ਦਾ ਫੈਸਲਾ ਕਰ ਲਿਆ।

ਇਕ ਬੁਚੜਾ ਜਿਹਾ ਫਕੀਰ ਪਾਕਿਸਤਾਨ ਨੂੰ ਜਾ ਰਿਹਾ ਸੀ। ਮਾੜੀ ਜੇਹੀ ਟੈਰ ਸੀ, ਉਸ ਦੇ ਥੱਲੇ, ਪਿੰਡ ਦੇ ਮੁੰਡਿਆਂ ਦੀ ਨਜ਼ਰ ਪੈ ਗਿਆ। ਚਾਰੇ-ਪੰਜੇ ਮੁੰਡੇ ਪੰਦਰਾਂ ਸਾਲ ਤੋਂ ਛੋਟੀ ਉਮਰ ਦੇ ਸਨ। ਐਵੇਂ ਖੇਡ (ਦੋਹੀਂ ਪਾਸੀਂ ਬੇਗੁਨਾਹ ਇਨਸਾਨ ਨੂੰ ਮਾਰਨਾ ਉਸ ਵਕਤ ਖੇਡ ਹੀ ਬਣ ਗਈ ਸੀ।) ਵਜੋਂ ਹੀ ਉਨ੍ਹਾਂ ਬਰਛੀਆਂ ਮਾਰਕੇ ਉਸ ਫਕੀਰ ਨੂੰ ਮਾਰ ਦਿੱਤਾ ਤੇ ਮਰੀ ਜਹੀ ਟੈਰ ਖੋਹ ਕੇ ਲੈ ਆਏ। ਮਰਨ ਵਾਲੇ ਦੀ ਸਾਰੀ ਜਾਇਦਾਦ ਨਿਕਲੀ ਦੋ ਤਿੰਨ ਰੁਪਏ ਦੀ ਭਾਨ, ਦੋ ਕੁ ਸੇਰ ਆਟਾ ਗੁਥਲੀ ਵਿਚ ਤੇ ਦੋ ਮੈਲੀਆਂ ਜਿਹੀਆਂ ਜੁੱਲੀਆਂ।

ਸਾਰੀ ਰਾਤ ਮੈਂ ਸੋਚਦਾ ਰਿਹਾ, 'ਜੇ ਕਿਸੇ ਨੇ ਬਰਕਤ ਨੂੰ ਮਾਰ ਦਿੱਤਾ, ਤਾਂ ਸਾਰੀ ਉਮਰ ਇਹ ਭਾਰ ਮੇਰੀ ਆਤਮਾ ਤੋਂ ਨਹੀਂ ਲਹੇਗਾ।'

ਅਗਲੇ ਦਿਨ ਮੈਂ ਬਰਕਤ ਨੂੰ ਫੈਸਲਾ ਸੁਣਾਇਆ ਤਾਂ ਉਹ ਕਹੇ, ਮੈਂ ਨਹੀਂ ਜਾਣਾ। ਉਹਨੇ ਬੜੀ ਦ੍ਰਿੜਤਾ ਨਾਲ ਕਿਹਾ 'ਐਡੇ ਐਡੇ ਮੇਰੇ ਵਾਲ਼ ਨੇ, ਦਾੜ੍ਹੀ ਅਜੇ ਮੈਨੂੰ ਆਈ ਨਹੀਂ, ਪੁੱਛਣ ਵਾਲਿਆਂ ਨੂੰ ਮੈਂ ਦੱਸਦਾ ਹਾਂ, ਮੈਂ ਗਿਆਨੀ ਜੀ ਦਾ ਛੋਟਾ ਪੁੱਤਰ ਆਂ। ਮੇਰਾ ਨਾਂ ਬਰਕਤ ਸਿੰਘ ਏ।'

ਮੁੱਕਦੀ ਗੱਲ , ਦੋ ਆਦਮੀ ਨਾਲ ਦੇ ਕੇ ਮੈਂ ਉਸ ਨੂੰ ਵਾਪਸ ਪਿੰਡ ਭੇਜ ਦਿੱਤਾ।

ਮੈਂ ਜਜ਼ਬਾਤੀ ਕਿਸਮ ਦਾ ਬੰਦਾ ਹਾਂ। ਅਜਿਹੀਆਂ ਸੰਤਾਲੀ ਵਿਚ ਵਾਪਰੀਆਂ ਘਟਨਾਵਾਂ ਮੇਰੇ ਮਨ ਉਤੇ ਬੜਾ ਡੂੰਘਾ ਅਸਰ ਕਰਦੀਆਂ ਨੇ। 'ਵੇਖੀ ਮਾਣੀ ਦੁਨੀਆਂ' ਵਿਚ ਬਰਕਤ ਦਾ ਉਪਰੋਕਤ ਜ਼ਿਕਰ ਪੜ੍ਹ ਕੇ ਮੇਰੇ ਮਨ ਵਿਚ ਖਿਆਲ ਆਇਆ ਕਿ ਬਾਬੂ ਸੀਤਲ ਜੀ (ਜਿਨ੍ਹਾਂ ਦਾ ਮੈਂ ਬੜਾ ਵੱਡਾ ਪ੍ਰਸੰਸਕ ਹਾਂ) ਦੇ ਇਸ 'ਵੇਖੀ ਮਾਣੀ ਦੁਨੀਆਂ'ਦੇ ਪਾਤਰ ਬਰਕਤ ਦਾ ਪਤਾ ਕੀਤਾ ਜਾਵੇ। ਫੇਸਬੁੱਕ ਉਤੇ ਸੀਤਲ ਜੀ ਦੇ ਪਿੰਡ ਲਾਗੇ ਖੁੱਡੀਆਂ ਪਿੰਡ ਦਾ ਸਈਅਦ ਦਿਲਦਾਰ ਹੁਸੈਨ ਸ਼ਾਹ ਜੀ ਮੇਰਾ ਫੇਸਬੁੱਕ ਫਰੈਂਡ ਬਣ ਗਿਆ। ਸੋ ਉਸ ਨੂੰ ਬਰਕਤ ਬਾਰੇ ਪਤਾ ਕਰਨ ਲਈ ਕਿਹਾ। ਉਹ ਕਾਦੀਵਿੰਡ ਗਏ ਅਤੇ ਪਤਾ ਲੱਗਾ ਕਿ ਬਾਬਾ ਬਰਕਤ ਜ਼ਿੰਦਾ ਹੈ। ਹੁਣ ਉਸ ਦੀ ਉਮਰ ਪਚਾਸੀ ਸਾਲ ਹੋ ਚੁੱਕੀ ਹੈ। ਮੈਨੂੰ ਉਨ੍ਹਾਂ ਖੁਸ਼ਖ਼ਬਰੀ ਦਿੱਤੀ ਕਿ ਮੈਂ ਅੱਜ ਹੀ ਬਾਬੇ ਬਰਕਤ ਨੂੰ ਸੀਤਲ ਜੀ ਦੇ ਘਰ ਸੱਦ ਕੇ ਤੁਹਾਡੀਆਂ, 'ਵੇਖੀ ਮਾਣੀ ਦੁਨੀਆਂ ਵਿਚੋਂ ਦੱਸੀਆਂ ਗੱਲਾਂ ਦੱਸੀਆਂ ਤਾਂ ਉਸ ਨੇ ਸੀਤਲ ਜੀ ਦੇ ਚਾਚੇ ਵਧਾਵਾ ਸਿੰਘ ਤੇ ਉਸ ਵਕਤ ਦੇ ਢਾਡੀ ਜਥੇ ਦੇ ਸਾਥੀਆਂ ਦੇ ਨਾਂ ਦੱਸੇ। ਮੈਂ ਉਸ ਨਾਲ, ਬਾਬੇ ਬਰਕਤ ਸਮੇਤ ਸਾਰੇ ਕਾਦੀਵਿੰਡ ਪਿੰਡ ਦੀ ਡਾਕੂਮੈਂਟਰੀ ਫਿਲਮ ਬਣਾਉਣ ਵਾਸਤੇ ਐਤਵਾਰ (29 ਜੁਲਾਈ) ਦਾ ਟਾਈਮ ਦੇ ਕੇ ਆ ਗਿਆ ਪਰ 30 ਜੁਲਾਈ ਮੇਰੇ ਕਾਦੀਵਿੰਡ ਵਾਲੇ ਰਿਸ਼ਤੇਦਾਰ ਨੇ ਖ਼ਬਰ ਦਿੱਤੀ ਕਿ ਬਾਬੇ ਬਰਕਤ ਦੀ ਮੌਤ ਹੋ ਗਈ ਹੈ। ਸਾਰੇ ਪਿੰਡ ਵਿਚ ਗੱਲਾਂ ਹੋ ਰਹੀਆਂ ਨੇ ਕਿ ਬਾਬੇ ਬਰਕਤ ਦੀ ਮੌਤ ਸੰਨ 1947 ਵਿਚ ਸੀਤਲ ਜੀ ਦਾ ਪੁੱਤ ਬਣਨ ਅਤੇ ਵਾਪਸ ਕਾਦੀਵਿੰਡ ਪਿੰਡ ਆਉਣ ਦੀਆਂ ਗੱਲਾਂ ਸੁਣ ਕੇ ਬਾਬੇ ਦਾ ਹਉਕਾ ਨਿਕਲ ਗਿਆ। ਮੌਤ ਦੀ ਖਬਰ ਨੇ ਸਾਰੇ ਪਿੰਡ ਨੂੰ ਹੈਰਾਨ ਕਰ ਦਿੱਤਾ। ਮੈਨੂੰ ਵੀ ਉਸ ਦੀ ਮੌਤ ਦਾ ਡੂੰਘਾ ਅਫ਼ਸੋਸ ਹੋਇਆ। ਸਰੀਰਕ ਸੱਟ ਨਾਲੋਂ ਮਾਨਸਿਕ ਸੱਟ ਮਨੁੱਖੀ ਮਨ ਉਤੇ ਜ਼ਿਆਦਾ ਅਸਰ ਕਰਦੀ ਹੈ। ਸਦਮੇ ਨਾਲ ਹੁੰਦੀਆਂ ਮੌਤਾਂ ਆਮ ਅਖ਼ਬਾਰਾਂ ਵਿਚ ਛਪਦੀਆਂ ਹਨ। "ਬਨੇਰੇ ਨੂੰ ਹੱਥ ਪੈਣ ਵਾਲਾ ਸੀ ਕਮੰਦ ਟੁੱਟ ਗਈ"।

ਸ. ਗੁਰਬਖਸ਼ ਸਿੰਘ ਪ੍ਰੀਤਲੜੀ ਨੇ ਵੀ ਆਪਣੀ ਜੀਵਨ ਕਹਾਣੀ 'ਮੰਜ਼ਿਲ ਦਿਸ ਪਈ' ਵਿਚ ਅਜਿਹੀ ਘਟਨਾ ਦਾ ਜ਼ਿਕਰ ਕਰਦੇ ਹਨ। ਗੁਰਦੁਆਰਾ ਪੰਜਾ ਸਾਹਿਬ ਸੰਨ 1935 ਵਿਚ ਮੇਰੀ ਨਿਗਰਾਨੀ ਹੇਠ ਬਣਿਆ। ਇਸ ਦੇ ਪ੍ਰਬੰਧਕ ਸ. ਤਰਲੋਕ ਸਿੰਘ ਗੁਰੂਘਰ ਦੇ ਅਣਥੱਕ ਅਤੇ ਨਿਸ਼ਕਾਮ ਸੇਵਕ ਸਨ। ਮੈਂ ਉਨ੍ਹਾਂ ਨੂੰ ਅਣਥੱਕ ਕੰਮ ਕਰਦਿਆਂ ਦੇਖਿਆ। ਉਹ ਯਾਤਰੂਆਂ ਦਾ ਅਸਬਾਬ ਆਪਣੇ ਸਿਰ ਤੇ ਚੁੱਕਣੋਂ ਵੀ ਸੰਕੋਚ ਨਾ ਕਰਦੇ। ਹਰ ਇਕ ਨਾਲ ਨਿਮਰਤਾ ਨਾਲ ਮਿੱਠਾ ਬੋਲਦੇ। ਉਨ੍ਹਾਂ ਦੇ ਉਦਮ ਨਾਲ ਸੈਂਕੜੇ ਕਮਰੇ ਉਸਰ ਗਏ। ਪੱਖਿਆਂ ਸਮੇਤ ਕਈ ਸਹੂਲਤਾਂ ਪੈਦਾ ਕਰ ਦਿੱਤੀਆਂ। ਯਾਤਰੂਆਂ ਦੀ ਗਿਣਤੀ ਵੀ ਵਧ ਗਈ ਪਰ ਇਸ ਤੋਂ ਪਹਿਲਾਂ ਕੋਠੇ ਭਾਵੇਂ ਕੱਚੇ ਸਨ, ਯਾਤਰੂ ਸਾਰੀ ਰਾਤ ਸ਼ਬਦ ਪੜ੍ਹਦੇ ਰਹਿੰਦੇ, ਉਨ੍ਹਾਂ ਦੇ ਚਿਹਰਿਆਂ 'ਤੇ ਸ਼ਰਧਾ ਦੀ ਕੋਈ ਮਿਠਾਸ ਹੁੰਦੀ ਸੀ।

ਉਨ੍ਹਾਂ ਨੇ ਮੇਰੇ ਨਾਲ ਸ਼ੰਕਾ ਪ੍ਰਗਟ ਕੀਤਾ, ਏਸ ਗੁਰਦੁਆਰੇ ਦੀ ਵਧੀ ਆਮਦਨ ਅਤੇ ਰੌਣਕ ਮੈਨੂੰ ਤਸੱਲੀ ਤਾਂ ਬਹੁਤ ਦੇਂਦੀ ਹੈ, ਕਦੇ-ਕਦੇ ਕਮੇਟੀ ਦੇ ਮੈਂਬਰਾਂ ਵਿਚ ਵਧਦੀ ਖਿੱਚੋਤਾਣ ਯਾਤਰੂਆਂ ਵਿਚ ਸ਼ਰਧਾ ਦੀ ਥਾਂ ਕਵਲੀਆਂ ਰੁਚੀਆਂ, ਜੋ ਧਾਰਮਿਕ ਆੜ ਹੇਠ ਐਸ਼ ਭਰੀ ਛੁੱਟੀ ਮਨਾਉਣ ਆਉਂਦੇ ਨੇ, ਕਈ ਘਟਨਾਵਾਂ ਮੈਨੂੰ ਉਪਰਾਮ ਕਰ ਦੇਂਦੀਆਂ ਨੇ। ਮੈਂ ਛੱਡ ਕੇ ਕਿਧਰੇ ਚਲਾ ਜਾਣਾ ਚਾਹੁੰਦਾ ਹਾਂ। ਕਤਲ ਹੋਇਆ ਹੈ, ਵਿਭਚਾਰ ਦੀਆਂ ਸ਼ਿਕਾਇਤਾਂ ਆਉਂਦੀਆਂ ਨੇ। ਕਮਰੇ, ਬਰਤਨਾਂ ਤੇ ਬਿਸਤਰਿਆਂ ਤੋਂ ਲੋਕ ਲਾਲੋ-ਲਾਲ ਹੋ ਕੇ ਅੱਖਾਂ ਕੱਢਣ ਲੱਗ ਪੈਂਦੇ ਨੇ। ਲੜਾਈ ਤੱਕ ਨੌਬਤ ਆ ਜਾਂਦੀ ਹੈ। ਮੇਰੇ ਉਦਮ ਨੇ ਨਿੱਜੀ ਖੁਸ਼ੀਆਂ ਦੇ ਲੋਕਾਂ ਦੀ ਭੀੜ ਗੁਰੂ ਨਾਨਕ ਦੇ ਘਰ ਲਿਆ ਇਕੱਠੀ ਕੀਤੀ ਹੈ ਤੇ ਏਸ ਭੀੜ-ਭੜੱਕੇ ਤੋਂ ਉਕਤਾ ਕੇ ਗੁਰੂ ਨਾਨਕ ਦੀ ਰੂਹ ਏਥੋਂ ਕਿਸੇ ਹੋਰ ਥਾਂ ਚਲੀ ਗਈ ਹੈ।

ਸ. ਗੁਰਬਖਸ਼ ਸਿੰਘ ਪ੍ਰੀਤਲੜੀ ਅਨੁਸਾਰ ਉਨ੍ਹਾਂ ਨੇ ਅੰਤਰਕਰਨ ਵਿਚ ਕਿਸੇ ਬੇ-ਅਨੁ-ਕੁਸ਼ਲਤਾ ਦੀ ਬੇਚੈਨੀ ਸੀ। ਮੇਰਾ ਯਕੀਨ ਇਹੋ ਹੈ ਕਿ ਏਸੇ ਆਤਮਿਕ ਵਿਪਰੀਤੀ ਕਾਰਨ ਉਨ੍ਹਾਂ ਦੀ ਮੌਤ ਛੇਤੀ ਹੀ ਹੋ ਗਈ। ਮੇਰਾ ਵੀ ਖਿਆਲ ਹੈ ਸ਼ਾਇਦ ਬਾਬਾ ਬਰਕਤ ਦੀ ਮੌਤ ਉਪਰੋਕਤ ਕਾਰਨ ਨਾਲ ਹੋਈ ਹੋਵੇ, ਸੀਤਲ ਜੀ ਦੀ 'ਵੇਖੀ ਮਾਣੀ ਦੁਨੀਆਂ' ਵਾਲਾ ਤੇਰ੍ਹਾਂ ਸਾਲ ਦਾ ਪੱਗ ਬੰਨ੍ਹਣ ਵਾਲਾ ਬਰਕਤ ਤਾਅ ਜ਼ਿੰਦਗੀ ਮੇਰੀ ਯਾਦਾਸ਼ਤ ਵਿਚ ਉਕਰਿਆ ਰਹੇਗਾ। ਆਮੀਨ!

# ਬਾਦਲਾਂ ਦੀ ਸਿਰਸੇਵਾਲੇ ਨੂੰ ਸ਼ਹਿ ਕਾਰਨ ਵਾਪਰਿਆ ਸੀ ਬੇਅਦਬੀ ਕਾਂਡ

ਜਸਟਿਸ ਰਣਜੀਤ ਸਿੰਘ ਕਮਿਸ਼ਨ ਵੱਲੋਂ ਸਾਲ 2015 ਵਿੱਚ ਬਰਗਾੜੀ ਅਤੇ ਬੁਰਜ ਜਵਾਹਰ ਸਿੰਘ ਵਾਲਾ ਬੇਅਦਬੀ ਕਾਂਡ ਅਤੇ ਬਹਿਬਲ ਕਲਾਂ ਅਤੇ ਕੋਟਕਪੂਰਾ ਵਿਖੇ ਹੋਈ ਗੋਲੀਬਾਰੀ ਦੇ ਸਬੰਧ ਵਿੱਚ ਤਿਆਰ ਕੀਤੀ ਗਈ ਰਿਪੋਰਟ ਦੇ ਪਹਿਲੇ ਛੇ ਸਫ਼ੇ ਕਮਿਸ਼ਨ ਨੂੰ ਸੰਵਿਧਾਨਕ ਵਿਵਸਥਾਵਾਂ ਤਹਿਤ ਸੌਂਪੇ ਗਏ ਕੰਮ ਅਤੇ ਕਾਰਜਵਿਧੀ ਬਾਰੇ ਦੱਸਦੇ ਹਨ।

ਪੰਨਾ ਨੰਬਰ 7 ਉੱਤੇ ਦਰਜ ਹੈ ਕਿ 25 ਸਤੰਬਰ 2015 ਨੂੰ ਪਿੰਡ ਜਵਾਹਰ ਸਿੰਘ ਵਾਲਾ ਗੁਰਦੁਆਰੇ ਕੋਲ ਪਰਚੇ ਲੱਗੇ ਮਿਲੇ ਜਿਨ੍ਹਾਂ ਉਤੇ ਗੁਰੂ ਗ੍ਰੰਥ ਸਾਹਿਬ ਜੀ ਬਾਰੇ ਬਹੁਤ ਹੀ ਭੱਦੀ ਸ਼ਬਦਾਵਲੀ ਲਿਖੀ ਗਈ ਸੀ ਅਤੇ ਡੇਰਾ ਸੱਚਾ ਸੌਦਾ ਦੇ ਮੁਖੀ ਗੁਰਮੀਤ ਰਾਮ ਰਹੀਮ ਦੀ ਫਿਲਮ "ਮੈਸੇਂਜਰ ਆਫ ਗੌਡ" ਦੇ ਪੰਜਾਬ ਵਿਚ ਰਿਲੀਜ਼ ਨਾ ਹੋਣ ਦੇਣ ਪ੍ਰਤੀ ਗੁੱਸਾ ਜ਼ਾਹਰ ਕੀਤਾ ਗਿਆ ਸੀ। ਇਨ੍ਹਾਂ ਵਿਚ ਇਹ ਧਮਕੀ ਵੀ ਦਿੱਤੀ ਗਈ ਸੀ ਕਿ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗਾਂ ਨੂੰ ਸੜਕਾਂ ਉਤੇ ਖਿਲਾਰ ਦਿੱਤਾ ਜਾਵੇਗਾ ।

ਕਮਿਸ਼ਨ ਦੀ ਰਿਪੋਰਟ ਦੇ ਪੰਨਾ ਨੰਬਰ 40 ਉੱਤੇ ਦਰਜ ਕੀਤਾ ਗਿਆ ਹੈ ਕਿ ਕਮਿਸ਼ਨ ਮੂਹਰੇ ਪੇਸ਼ ਹੋਏ ਬਹੁਤ ਸਾਰੇ ਗਵਾਹਾਂ ਨੇ ਇਸ ਗੱਲ ਦਾ ਦੁੱਖ ਜ਼ਾਹਰ ਕੀਤਾ ਹੈ ਕਿ ਜਦੋਂ ਸਰਸੇ ਵਾਲੇ ਦੇ ਭਗਤ ਸਰਸੇ ਵਾਲੇ ਦੀ ਫਿਲਮ ਨੂੰ ਰਿਲੀਜ਼ ਕਰਵਾਉਣ ਲਈ ਪੰਜਾਬ ਵਿਚ ਧਰਨੇ ਲਾ ਕੇ ਬੈਠੇ ਰਹੇ ਅਤੇ ਸੜਕਾਂ ਤੇ ਰੇਲਾਂ ਰੁਕ ਗਈਆਂ ਤਾਂ ਪੁਲਸ ਨੇ ਕੁਝ ਨਹੀਂ ਕਿਹਾ। ਪਰ ਜਦੋਂ ਸਿੱਖਾਂ ਨੇ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਰੋਸ ਵਿਚ ਕੋਟਕਪੂਰਾ ਅਤੇ ਬਹਿਬਲ ਕਲਾਂ ਵਿਚ ਇਕ ਦਿਨ ਦਾ ਧਰਨਾ ਦਿੱਤਾ ਤਾਂ ਸ਼ਾਂਤਮਈ ਧਰਨੇ ਉੱਤੇ ਬੈਠੇ ਸਿੱਖਾਂ ਦੇ ਗੋਲੀਆਂ ਮਾਰੀਆਂ ਗਈਆਂ।

ਪੰਨਾ ਨੰਬਰ 48 ਉੱਤੇ ਲਿਖਿਆ ਗਿਆ ਹੈ ਕਿ ਉਹ ਸਮੇਂ ਦੇ ਮੋਗਾ ਦੇ ਐਸਐਸਪੀ ਚਰਨਜੀਤ ਸ਼ਰਮਾ ਨੇ ਕਮਿਸ਼ਨ ਸਾਹਮਣੇ ਇਸ ਗੱਲ ਦਾ ਖੁਲਾਸਾ ਕੀਤਾ ਕਿ ਉਨ੍ਹਾਂ ਨੂੰ ਬਾਦਲ ਸਰਕਾਰ ਵੱਲੋਂ ਸਖ਼ਤ ਹਦਾਇਤਾਂ ਸਨ ਕਿ ਜਦੋਂ ਡੇਰਾ ਪ੍ਰੇਮੀ ਆਪਣੇ ਮੁਖੀ ਦੀ ਫ਼ਿਲਮ ਨਾ ਰਿਲੀਜ਼ ਹੋਣ ਕਰਕੇ ਧਰਨੇ ਉੱਤੇ ਬੈਠੇ ਹੋਣ ਤਾਂ ਉਨ੍ਹਾਂ ਖਿਲਾਫ ਕੋਈ ਕਾਰਵਾਈ ਨਾ ਕੀਤੀ ਜਾਵੇ।

ਪੰਨਾ ਨੰਬਰ 82 ਉੱਤੇ ਦਰਜ ਹੈ ਕਿ ਕਮਿਸ਼ਨ ਸਾਹਮਣੇ ਉਸ ਸਮੇਂ ਦੇ ਬਠਿੰਡਾ ਦੇ ਕਾਊਂਟਰ ਇੰਟੈਲੀਜੈਂਸ ਦੇ ਆਈਜੀ ਜਤਿੰਦਰ ਜੈਨ ਨੇ ਇਸ ਗੱਲ ਦਾ ਖੁਲਾਸਾ ਕੀਤਾ ਕਿ 2015 ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਦੀ ਚੋਰੀ ਦੇ ਮਾਮਲੇ ਵਿਚ ਦਰਜ ਹੋਏ ਕੇਸ ਦੀ ਪੁਲਸ ਜਾਂਚ ਵਿਚ ਹੋਰਾਂ ਦੇ ਨਾਲ-ਨਾਲ ਕੁਝ ਡੇਰਾ ਪ੍ਰੇਮੀਆਂ ਉਪਰ ਵੀ ਸ਼ੱਕ ਦੀ ਸੂਈ ਸ਼ੁਰੂ ਤੋਂ ਹੀ ਸੀ ਪਰ ਉਪਰੋਂ ਦਬਾਅ ਕਾਰਨ ਜਾਂਚ ਇਸ ਪਾਸੇ ਤੁਰੀ ਹੀ ਨਹੀਂ।

ਇਸੇ ਤਰ੍ਹਾਂ ਕਮਿਸ਼ਨ ਦੀ ਰਿਪੋਰਟ ਦੇ ਪੰਨਾ ਨੰਬਰ 112 'ਤੇ ਲਿਖਿਆ ਗਿਆ ਹੈ ਕਿ ਪਿੰਡ ਬੁਰਜ ਜਵਾਹਰ ਸਿੰਘਵਾਲਾ ਵਿਖੇ ਲੱਗੇ ਪਰਚਿਆਂ ਦੀ ਭਾਸ਼ਾ ਤੋਂ ਸਾਫ਼ ਸੀ ਕਿ ਇਸ ਸਾਰੇ ਕਾਂਡ ਵਿਚ ਡੇਰਾ ਪ੍ਰੇਮੀਆਂ ਦਾ ਹੱਥ ਹੋ ਸਕਦਾ ਹੈ ਪਰ ਪੁਲਿਸ ਨੇ ਇਸ ਵੱਲ ਆਪਣੀ ਜਾਂਚ ਤੋਰੀ ਹੀ ਨਹੀਂ। ਪੁਲਸ ਕੋਲ ਕੋਈ ਕਾਰਨ ਨਹੀਂ ਸੀ ਕਿ ਉਹ ਡੇਰਾ ਪ੍ਰੇਮੀਆਂ ਤੇ ਸ਼ੱਕ ਨਾ ਕਰਦੀ ਪਰ ਫਿਰ ਵੀ ਪੁਲਿਸ ਨੇ ਕਦੇ ਵੀ ਪ੍ਰੇਮੀਆਂ ਦਾ ਇਸ ਘਟਨਾ ਪਿੱਛੇ ਹੱਥ ਹੋਣ ਦੀ ਗੱਲ ਨੂੰ ਗੰਭੀਰਤਾ ਨਾਲ ਨਹੀਂ ਲਿਆ।

ਪੰਨਾ ਨੰਬਰ 137 ਉੱਤੇ ਸਾਫ਼ ਲਿਖਿਆ ਗਿਆ ਹੈ ਕਿ ਜਦ ਕਿ ਬਾਅਦ ਵਿਚ ਪਤਾ ਲੱਗਿਆ ਕਿ ਸਾਰਾ ਕਾਰਾ ਸਿਰਸੇ ਵਾਲੇ ਸਾਧ ਦੇ ਕਥਿਤ ਪ੍ਰੇਮੀਆਂ ਦਾ ਹੀ ਕੀਤਾ ਹੋਇਆ ਸੀ।

ਕਮਿਸ਼ਨ ਵੱਲੋਂ ਇਸ ਬਾਰੇ ਹੋਰ ਖੁਲਾਸਾ ਕਰਦਿਆਂ ਲਿਖਿਆ ਗਿਆ ਹੈ ਕਿ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਦੀ ਚੋਰੀ ਇਕ ਜੂਨ 2015 ਨੂੰ ਹੋਈ ਅਤੇ ਡੇਰਾ ਸੱਚਾ ਸੌਦਾ ਦੇ ਮੁਖੀ ਦੀ ਫਿਲਮ ੧੮ ਸਤੰਬਰ 20 15 ਨੂੰ ਸਾਰੇ ਭਾਰਤ ਵਿਚ ਰਿਲੀਜ਼ ਹੋਈ ਸੀ ਪਰ ਪੰਜਾਬ ਵਿਚ ਇਹ ਫ਼ਿਲਮ ਰਿਲੀਜ਼ ਨਾ ਹੋ ਸਕੀ। ਸਾਫ ਜ਼ਾਹਰ ਹੈ ਕਿ ਉਸ ਸਮੇਂ ਦੀ ਪੰਜਾਬ ਸਰਕਾਰ ਦੇ ਸਿਆਸੀ ਨੇਤਾਵਾਂ ਅਤੇ ਡੇਰਾ ਮੁਖੀ ਵਿਚਾਲੇ ਲੁਕਣਮੀਚੀ ਚੱਲ ਰਹੀ ਸੀ। ਕਮਿਸ਼ਨ ਨੇ ਆਪਣੀ ਰਿਪੋਰਟ ਵਿਚ ਗੰਭੀਰ ਸਵਾਲ ਉਠਾਇਆ ਕਿ ਸ਼ਾਇਦ ਇਸੇ ਲੜੀ ਵਿਚ 24 ਸਤੰਬਰ ਨੂੰ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਡੇਰਾ ਸੱਚਾ ਸੌਦਾ ਦੇ ਮੁਖੀ ਨੂੰ ਮੁਆਫੀ ਦੇ ਦਿੱਤੀ ਸੀ, ਜਿਸ ਤੋਂ ਬਾਅਦ ਫ਼ਿਲਮ ਵੀ ਪੰਜਾਬ ਵਿਚ ਰਿਲੀਜ਼ ਹੋ ਗਈ।

ਇੱਥੋਂ ਗੱਲ ਸਮਝ ਆਉਂਦੀ ਹੈ ਕਿ ਗੁਰੂ ਗ੍ਰੰਥ ਸਾਹਿਬ ਪ੍ਰਤੀ ਭੱਦੀ ਸ਼ਬਦਾਵਲੀ ਵਾਲੇ ਪਰਚਿਆਂ ਨੂੰ ਕੰਧਾਂ ਨੂੰ ਉਤੇ ਲਾਉਣ ਦੇ ਹੁਕਮ ਪਹਿਲਾਂ ਹੀ ਦਿੱਤੇ ਜਾ ਚੁੱਕੇ ਸਨ ਅਤੇ ਇਹ ਪਰਚੇ 24 ਅਤੇ 25 ਸਤੰਬਰ ਨੂੰ ਲਗਾਏ ਗਏ। ਇਸ ਦਾ ਮਤਲਬ 24 ਸਤੰਬਰ ਨੂੰ ਅਕਾਲ ਤਖ਼ਤ ਸਾਹਿਬ ਤੋਂ ਡੇਰਾ ਮੁਖੀ ਨੂੰ ਮੁਆਫੀ ਮਿਲਣ ਦੀ ਘਟਨਾ ਤੋਂ ਪਹਿਲਾਂ ਪਰਚੇ ਲਾਉਣ ਦੇ ਹੁਕਮ ਦੇ ਦਿੱਤੇ ਗਏ ਸਨ। ਇਸ ਕਰਕੇ ਇਨ੍ਹਾਂ ਹੁਕਮਾਂ ਨੂੰ ਵਾਪਸ ਨਹੀਂ ਲਿਆ ਗਿਆ ਅਤੇ ਡੇਰਾ ਪ੍ਰੇਮੀ ਆਪਣੀ ਪੱਧਰ ਉੱਤੇ ਹੀ ਇਹ ਪਰਚੇ ਲਾ ਰਹੇ ਸਨ। ਉਨ੍ਹਾਂ ਨੂੰ ਸਰਕਾਰ ਅਤੇ ਡੇਰੇ ਵਿਚਾਲੇ ਹੋ ਰਹੀ ਗੱਲਬਾਤ ਦਾ ਬਿਲਕੁਲ ਪਤਾ ਨਹੀਂ ਹੋਵੇਗਾ।

ਪੰਨਾ ਨੰਬਰ 139 ਉੱਤੇ ਇਸ ਮਾਮਲੇ ਵਿੱਚ ਕਿਹਾ ਗਿਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕਮਿਸ਼ਨ ਨੂੰ ਕੋਈ ਸਹਿਯੋਗ ਨਹੀਂ ਦਿੱਤਾ ਗਿਆ, ਸਗੋਂ ਸਿਆਸੀ ਪਾਰਟੀ ਅਕਾਲੀ ਦਲ ਦੇ ਪਿੱਛੇ ਲੱਗ ਕੇ ਕਮਿਸ਼ਨ ਬਾਰੇ ਸਿਆਸੀ ਬਿਆਨਬਾਜ਼ੀ ਕੀਤੀ ਗਈ। ਪੰਨਾ ਨੰਬਰ 142 ਉੱਤੇ ਡੇਰਾ ਮੁਖੀ ਨੂੰ ਦਿੱਤੀ ਗਈ ਮੁਆਫੀ ਤੋਂ ਬਾਅਦ ਸਿੱਖ ਜਥੇਬੰਦੀਆਂ ਦੇ ਉਸ ਫ਼ੈਸਲੇ ਦਾ ਜ਼ਿਕਰ ਹੈ, ਜਿਸ ਵਿੱਚ ਸਰਬੱਤ ਖਾਲਸਾ ਬੁਲਾਉਣ ਦੀ ਗੱਲ ਕਹੀ ਗਈ ਹੈ।

ਰਿਪੋਰਟ ਵਿਚ ਲਿਖਿਆ ਗਿਆ ਕਿ ਸਿੱਖਾਂ ਵਿੱਚ ਡੇਰਾ ਮੁਖੀ ਨੂੰ ਮੁਆਫ਼ੀ ਦੇਣ ਕਰਕੇ ਭਾਰੀ ਰੋਸ ਸੀ। ਪੰਥਕ ਜਥੇਬੰਦੀਆਂ ਨੇ 12 ਅਕਤੂਬਰ ਨੂੰ ਲੁਧਿਆਣੇ ਵਿਚ ਸਰਬੱਤ ਖ਼ਾਲਸਾ ਦੇ ਸਬੰਧ ਵਿਚ ਅਤੇ ਅਕਾਲ ਤਖ਼ਤ ਦੇ ਜਥੇਦਾਰ ਨੂੰ ਹਟਾਉਣ ਵਾਸਤੇ ਮੀਟਿੰਗ ਬੁਲਾਈ। ਇਸੇ ਦਿਨ ਕਿਸੇ ਨੇ ਬਰਗਾੜੀ ਵਿਚ ਗੁਰੂ ਸਾਹਿਬ ਦੇ ਅੰਗ ਖਿਲਾਰ ਦਿੱਤੇ। ਕੀ ਇਹ ਇਤਫਾਕ ਸੀ ? ਇੱਕ ਵਾਰ ਮੁੜ ਡੇਰਾ ਮੁਖੀ ਨੂੰ ਮੁਆਫੀ ਦੇਣ ਦੇ ਵਿਰੁੱਧ ਹੋ ਰਹੇ ਸਰਬੱਤ ਖ਼ਾਲਸਾ ਵਾਸਤੇ ਸੱਦੀ ਗਈ ਮੀਟਿੰਗ ਵਾਲੇ ਦਿਨ ਗੁਰੂ ਗ੍ਰੰਥ ਸਾਹਿਬ ਦੇ ਅੰਗ ਖਿਲਾਰੇ ਗਏ। ਕਮਿਸ਼ਨ ਨੇ ਤਿੱਖਾ ਵਿਅੰਗ ਕਰਦਿਆਂ ਟਿੱਪਣੀ ਕੀਤੀ ਕਿ "ਜੇਕਰ ਇਹ ਵੀ ਇਤਫਾਕ ਸੀ ਤਾਂ ਫਿਰ ਇਹ ਇਤਫਾਕਾਂ ਦੀ ਹੱਦ ਸੀ।" 16 ਅਕਤੂਬਰ ਨੂੰ ਅਕਾਲ ਤਖਤ ਨੇ ਡੇਰਾ ਮੁਖੀ ਨੂੰ ਦਿੱਤੀ ਮੁਆਫੀ ਵਾਪਸ ਲਈ ਅਤੇ 19 ਅਕਤੂਬਰ ਨੂੰ ਫਿਰ ਕਿਸੇ ਨੇ ਗੁਰੂ ਸਾਹਿਬ ਦੇ ਅੰਗ ਪਿੰਡ ਗੁਰੂਸਰ ਵਿਚ ਖਿਲਾਰ ਦਿੱਤੇ। ਸਰਬੱਤ ਖ਼ਾਲਸਾ ਤੋਂ ਪਹਿਲਾਂ 4 ਨਵੰਬਰ ਨੂੰ ਫੇਰ ਮੱਲ ਕੇ ਪਿੰਡ ਵਿਚ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨੇ ਖਿਲਾਰੇ ਗਏ, ਇਸ ਕਰਕੇ ਇਨ੍ਹਾਂ ਸਾਰੀਆਂ ਘਟਨਾਵਾਂ ਵਿਚ ਆਪਸੀ ਸਬੰਧ ਲਗਦਾ ਹੈ।

ਪੰਨਾ ਨੰਬਰ 143 ਉੱਤੇ ਕਮਿਸ਼ਨ ਨੇ ਪਿੰਡ ਬੁਰਜ ਜਵਾਹਰ ਸਿੰਘਵਾਲਾ ਦੇ ਡੇਰਾ ਪ੍ਰੇਮੀ ਗੁਰਦੇਵ ਸਿੰਘ ਦਾ ਜ਼ਿਕਰ ਕੀਤਾ ਹੈ, ਜਿਸ ਦਾ ਜੂਨ 2016 ਵਿੱਚ ਕਤਲ ਹੋ ਗਿਆ ਸੀ। ਕਮਿਸ਼ਨ ਨੇ ਗੁਰਦੇਵ ਸਿੰਘ ਦਾ ਜ਼ਿਕਰ ਕਰਦੇ ਹੋਏ ਲਿਖਿਆ ਕਿ ਕਈ ਗਵਾਹਾਂ ਨੇ ਦੱਸਿਆ ਕਿ ਗੁਰਦੇਵ ਸਿੰਘ ਗੁਰੂ ਸਾਹਿਬ ਬਾਰੇ ਅਕਸਰ ਭੱਦੀ ਸ਼ਬਦਾਵਲੀ ਬੋਲਦਾ ਸੀ, ਇਸ ਕਰਕੇ ਸਭ ਨੂੰ ਉਸ ਉਤੇ ਸ਼ੱਕ ਸੀ ਪਰ ਪੁਲਿਸ ਨੇ ਕਦੇ ਵੀ ਗੁਰਦੇਵ ਸਿੰਘ ਤੋਂ ਗੰਭੀਰਤਾ ਨਾਲ ਪੁੱਛਗਿੱਛ ਨਹੀਂ ਕੀਤੀ।

ਕਮਿਸ਼ਨ ਨੇ ਰਿਪੋਰਟ ਵਿਚ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦਾ ਵੀ ਜ਼ਿਕਰ ਕੀਤਾ ਹੈ। ਕਮਿਸ਼ਨ ਨੇ ਨੋਟ ਕੀਤਾ ਕਿ ਬੇਅਦਬੀ ਦੀਆਂ ਪ੍ਰਮੁੱਖ ਘਟਨਾਵਾਂ ਮੋਗੇ ਦੇ ਨੇੜੇ-ਤੇੜੇ ਅਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਦੇ ਪਿੰਡ ਰੋਡੇ ਕੋਲ ਹੀ ਵਾਪਰਦੀਆਂ ਹਨ। ਪਰਚੇ ਉਤੇ ਲਿਖੀ ਗਈ ਭੱਦੀ ਭਾਸ਼ਾ ਵੀ ਇਸ ਗੱਲ ਵਲ ਇਸ਼ਾਰਾ ਕਰਦੀ ਹੈ ਕਿ ਡੇਰਾ ਪ੍ਰੇਮੀਆਂ ਦਾ ਇਸ ਵਿਚ ਹੱਥ ਹੋ ਸਕਦਾ ਹੈ। ਡੇਰਾ ਪ੍ਰੇਮੀ ਅਕਸਰ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ, ਰਣਜੀਤ ਸਿੰਘ ਢੱਡਰੀਆਂਵਾਲੇ ਅਤੇ ਪੰਥਪ੍ਰੀਤ ਦੇ ਵਿਰੋਧ ਵਿਚ ਬੋਲਦੇ ਰਹਿੰਦੇ ਸਨ।

ਪੰਨਾ ਨੰਬਰ 140 ਉੱਤੇ ਕਮਿਸ਼ਨ ਟਿੱਪਣੀ ਕਰਦਾ ਹੈ ਕਿ ਜਦੋਂ ਗੁਰਦੇਵ ਸਿੰਘ ਦਾ ਕਤਲ ਹੋ ਗਿਆ ਤਾਂ ਪੰਜਾਬ ਪੁਲਸ ਨੇ ਉਸ ਦੀ ਪਤਨੀ ਨੂੰ ਨੌਕਰੀ ਦੇ ਦਿੱਤੀ, ਜਦੋਂਕਿ ਬਹਿਬਲ ਕਲਾਂ ਵਿੱਚ ਮਾਰੇ ਗਏ ਦੋ ਸਿੱਖਾਂ ਦੇ ਪਰਿਵਾਰਾਂ ਪ੍ਰਤੀ ਸਰਕਾਰ ਨੇ ਕੋਈ ਜ਼ਿੰਮੇਵਾਰੀ ਨਹੀਂ ਨਿਭਾਈ। ਲੱਗਦਾ ਹੈ ਕਿ ਡੇਰਾ ਪ੍ਰੇਮੀਆਂ ਤੇ ਡੇਰੇ ਦਾ ਡਰ ਇੰਨਾ ਜ਼ਿਆਦਾ ਸੀ ਕਿ ਪੁਲਿਸ ਬਲਾਂ ਕੋਲ ਇਸ ਨੂੰ ਸਹਿਣ ਕਰਨ ਅਤੇ ਡੇਰਾ ਪ੍ਰੇਮੀਆਂ ਖ਼ਿਲਾਫ਼ ਕਾਰਵਾਈ ਕਰਨ ਦੀ ਸ਼ਕਤੀ ਹੀ ਨਹੀਂ ਸੀ ਬਚੀ।

ਪੰਨਾ ਨੰਬਰ 145 ਉੱਤੇ ਇਸ ਪ੍ਰਸ਼ਨ 'ਤੇ ਵੀ ਗੌਰ ਕੀਤਾ ਗਿਆ ਹੈ ਕਿ ਇਸ ਦੌਰਾਨ ਹੋਈਆਂ ਬੇਅਦਬੀ ਦੀਆਂ ਘਟਨਾਵਾਂ ਦਾ ਸਬੰਧ ਉਸ ਸਮੇਂ ਬਿਹਾਰ ਵਿੱਚ ਹੋ ਰਹੀਆਂ ਵਿਧਾਨ ਸਭਾ ਦੀਆਂ ਚੋਣਾਂ ਨਾਲ ਵੀ ਹੋ ਸਕਦਾ ਹੈ। ਕਮਿਸ਼ਨ ਨੇ ਇਸ ਨਾਲ ਹੀ ਜੋੜਦੇ ਹੋਏ ਲਿਖਿਆ ਕਿ ਡੇਰਾ ਸੱਚਾ ਸੌਦਾ ਦਾ ਮੁਖੀ ਉਸ ਸਮੇਂ ਵੱਖ-ਵੱਖ ਰਾਜਨੀਤਿਕ ਪਾਰਟੀਆਂ ਤੋਂ ਸਮਰਥਨ ਲੈਂਦਾ ਸੀ ਅਤੇ ਕਾਨੂੰਨ ਦੀ ਪਹੁੰਚ ਤੋਂ ਬਾਹਰ ਵਾਲਾ ਵਿਅਕਤੀ ਸੀ। ਉਹ ਆਪਣੇ ਸਾਮਰਾਜ ਨੂੰ ਵਧਾਉਣ ਵਾਸਤੇ ਕਿਸੇ ਵੀ ਹੱਦ ਤੱਕ ਜਾ ਸਕਦਾ ਸੀ।

ਪੰਨਾ ਨੰਬਰ 172 'ਤੇ ਜ਼ਿਕਰ ਕੀਤਾ ਗਿਆ ਹੈ ਕਿ ਬਰਗਾੜੀ ਕਾਂਡ ਵਿਚ ਪ੍ਰੇਮੀਆਂ ਦਾ ਹੱਥ ਹੋਣ ਦੇ ਕਾਫ਼ੀ ਸਬੂਤ ਮਿਲ ਰਹੇ ਹਨ। ਅੱਗੇ ਚੱਲ ਕੇ ਹੋਰ ਹੋਈਆਂ ਬੇਅਦਬੀ ਦੀਆਂ ਘਟਨਾਵਾਂ ਦੀ ਵੀ ਚੰਗੀ ਤਰ੍ਹਾਂ ਜਾਂਚ ਹੋਣੀ ਚਾਹੀਦੀ ਹੈ ਅਤੇ ਸੰਭਵ ਹੈ ਕਿ ਇਨ੍ਹਾਂ ਸਭ ਘਟਨਾਵਾਂ ਦਾ ਹੱਲ ਪ੍ਰੇਮੀਆਂ ਦੇ ਬੂਹੇ ਜਾ ਕੇ ਨਿਕਲ ਆਵੇ।

ਪੰਨਾ 177 ਉੱਤੇ ਦਰਜ ਹੈ ਕਿ ਲਗਭਗ ਸਾਰੇ ਪੁਲਸ ਅਫਸਰਾਂ ਤੋਂ ਇਹ ਪੁੱਛਿਆ ਗਿਆ ਕਿ ਕੀ ਕਦੇ ਉਨ੍ਹਾਂ ਨੇ ਬੇਅਦਬੀ ਮਾਮਲੇ ਵਿੱਚ ਡੇਰਾ ਪ੍ਰੇਮੀਆਂ ਦੀ ਜਾਂਚ ਗੰਭੀਰਤਾ ਨਾਲ ਕੀਤੀ ਤਾਂ ਸਭ ਦਾ ਲਗਭਗ ਇਕੋ ਜਿਹਾ ਜਵਾਬ ਸੀ ਕਿ ਨਹੀਂ।

ਇਸ ਤੋਂ ਇਹ ਲੱਗਦਾ ਹੈ ਕਿ ਡੇਰਾ ਸਿਰਸਾ ਦਾ ਸਾਮਰਾਜ ਵੱਡਾ ਸੀ ਅਤੇ ਪੰਜਾਬ ਸਰਕਾਰ ਇਸ ਦੇ ਪ੍ਰਭਾਵ ਵਿਚ ਸੀ। ਇਹ ਸਾਰੇ ਹਾਲਾਤ ਉਦੋਂ ਬਦਲੇ ਜਦੋਂ ਡੇਰਾ ਮੁਖੀ ਨੂੰ ਬਲਾਤਕਾਰ ਦੇ ਦੋਸ਼ਾਂ ਵਿਚ ਉਮਰ ਕੈਦ ਦੀ ਸਜ਼ਾ ਹੋ ਗਈ।

ਪੰਨਾ 180 'ਤੇ ਲਿਖਿਆ ਗਿਆ ਹੈ ਕਿ ਇਹ ਗੱਲ ਕਿਸੇ ਵੀ ਤਰ੍ਹਾਂ ਸਮਝ ਵਿਚ ਨਹੀਂ ਆਈ ਕਿ ਇੱਕ ਪਾਸੇ ਡੇਰਾ ਪ੍ਰੇਮੀ ਗੁਰਦੇਵ ਸਿੰਘ ਦੇ ਕਤਲ ਤੋਂ ਬਾਅਦ ਉਸ ਦੀ ਪਤਨੀ ਨੂੰ ਤੁਰੰਤ ਨੌਕਰੀ ਦੇ ਦਿੱਤੀ ਜਾਂਦੀ ਹੈ, ਜਦੋਂਕਿ ਬਹਿਬਲ ਕਲਾਂ ਅਤੇ ਕੋਟਕਪੂਰਾ ਗੋਲੀਬਾਰੀ ਕਾਂਡ ਵਿਚ ਮਰਨ ਵਾਲਿਆਂ ਦੇ ਪੀੜਤਾਂ ਬਾਰੇ ਅਜਿਹਾ ਕੁਝ ਵੀ ਨਹੀਂ ਕੀਤਾ ਗਿਆ। ਇਸ ਸਾਰੇ ਘਟਨਾਕ੍ਰਮ ਵਿੱਚ ਪੁਲਸ ਦਾ ਕਿਰਦਾਰ ਵੀ ਡੇਰੇ ਦੇ ਸਾਹਮਣੇ ਬਹੁਤ ਕਮਜ਼ੋਰ ਨਜ਼ਰ ਆਇਆ। ਰਿਪੋਰਟ ਵਿਚ ਇਸ ਨੂੰ ਬਹੁਤ ਡਰਾਵਣੀ ਸਥਿਤੀ ਦੱਸਿਆ ਗਿਆ ਹੈ।

**ਬਾਦਲਾਂ ਦਾ ਰੋਲ ਰਿਹਾ ਨਿਰਾਸ਼ਾਜਨਕ** : ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਵਿਚ ਪੰਜਾਬ ਦੇ ਸਿਆਸਤਦਾਨ ਬਾਦਲ ਪਿਓ ਪੁੱਤ ਬਾਰੇ ਕਾਫੀ ਸਖਤ ਟਿੱਪਣੀਆਂ ਹਨ। ਲਿਖਿਆ ਗਿਆ ਹੈ ਕਿ ਇਹ ਦੋਵੇਂ ਆਪਣੇ ਮੂੰਹੋਂ ਕਹੀ ਗਈ ਕਿਸੇ ਵੀ ਗੱਲ ਦਾ ਜਵਾਬ ਨਾ ਦੇ ਸਕੇ ਅਤੇ ਨਾ ਹੀ ਕੋਈ ਸਬੂਤ ਦੇ ਸਕੇ, ਸਾਰੇ ਸਵਾਲਾਂ ਦੇ ਜਵਾਬ ਟਾਲਦੇ ਹੀ ਰਹੇ।

ਕਮਿਸ਼ਨ ਨੇ ਰਿਪੋਰਟ ਵਿਚ ਲਿਖਿਆ ਹੈ ਕਿ ਸੰਨ 2015 ਵਿਚ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਬਰਗਾੜੀ ਤੋਂ ਚੋਰੀ ਹੋਣ ਤੋਂ ਲੈ ਕੇ ਪਵਿੱਤਰ ਅੰਗਾਂ ਦਾ ਸੜਕਾਂ ਤੇ ਖਿਲਾਰੇ ਹੋਏ ਮਿਲਣ ਤੱਕ ਅਤੇ ਕੋਟਕਪੂਰਾ ਤੇ ਬਹਿਬਲ ਕਲਾਂ ਗੋਲੀ ਕਾਂਡ ਅਤੇ ਉਸ ਤੋਂ ਬਾਅਦ ਸੂਬੇ ਵਿੱਚ ਹੋਈਆਂ ਬੇਅਦਬੀ ਦੀਆਂ ਘਟਨਾਵਾਂ ਬਾਰੇ ਉਦੋਂ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੇ ਅਖ਼ਬਾਰਾਂ ਵਿੱਚ ਆਏ ਬਿਆਨ ਹੀ ਦੋਵਾਂ ਪਿਓ ਪੁੱਤ ਲਈ ਮੁਸੀਬਤ ਬਣ ਗਏ। ਕਮਿਸ਼ਨ ਨੇ ਦੋਵਾਂ ਤੋਂ ਸਿਰਫ ਇਹ ਪੁੱਛਿਆ ਸੀ ਕਿ ਉਨ੍ਹਾਂ ਦੇ ਬਿਆਨਾਂ ਦਾ ਆਧਾਰ ਕੀ ਸੀ ਪਰ ਦੋਵਾਂ ਨੇ ਇਸ ਸਵਾਲ ਦਾ ਜਵਾਬ ਨਹੀਂ ਦਿੱਤਾ। ਇਹ ਦੋਵੇਂ ਜਣੇ ਨਿੱਜੀ ਤੌਰ ਤੇ ਕਮਿਸ਼ਨ ਸਾਹਮਣੇ ਪੇਸ਼ ਹੀ ਨਹੀਂ ਹੋਏ ਪਰ ਚਿੱਠੀ ਪੱਤਰ ਰਾਹੀਂ ਕਮਿਸ਼ਨ ਨਾਲ ਰਾਬਤਾ ਜ਼ਰੂਰ ਸ਼ੁਰੂ ਕੀਤਾ।

ਪੰਨਾ ਨੰਬਰ 145 ਉੱਤੇ ਕਮਿਸ਼ਨ ਲਿਖਦਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਪ੍ਰਧਾਨ ਅਤੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਪ੍ਰਧਾਨ ਵਿਜੇ ਸਾਂਪਲਾ ਵੱਲੋਂ ਪੰਜਾਬ ਦੇ ਰਾਜਪਾਲ ਨੂੰ ਸੌਂਪੇ ਗਏ ਇਕ ਯਾਦ ਪੱਤਰ ਤੋਂ ਇੱਕ ਹੋਰ ਪਾਸਾ ਵੀ ਸਾਹਮਣੇ ਆਇਆ। ਸਾਡੇ ਕੋਲ ਉਸ ਯਾਦ ਪੱਤਰ ਦੀ ਕਾਪੀ ਹੈ ਜਿਸ ਵਿੱਚ ਦੋਵਾਂ ਨੇ ਕਿਹਾ ਹੈ ਕਿ ਪੰਜਾਬ ਵਿੱਚ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੀਆਂ ਘਟਨਾਵਾਂ ਇੱਕ ਗਹਿਰੀ ਰਚੀ ਗਈ ਰਾਸ਼ਟਰੀ ਸਾਜ਼ਿਸ਼ ਦਾ ਹਿੱਸਾ ਹਨ। ਉਦੋਂ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਵੀ ਇਕ ਪੰਜਾਬੀ ਅਖ਼ਬਾਰ ਵਿਚ ਬਿਆਨ ਦਿੰਦੇ ਹੋਏ ਕਿਹਾ ਸੀ ਕਿ ਬੇਅਦਬੀ ਦੀਆਂ ਘਟਨਾਵਾਂ ਪਿੱਛੇ ਵਿਦੇਸ਼ੀ ਤਾਕਤਾਂ ਦਾ ਹੱਥ ਹੈ, ਜੋ ਕਿ ਸੂਬੇ ਵਿਚ ਸ਼ਾਂਤੀ ਦਾ ਮਾਹੌਲ ਖਰਾਬ ਕਰਨਾ ਚਾਹੁੰਦੀਆਂ ਹਨ।

ਪੰਨਾ ਨੰਬਰ 145-146 ਉੱਤੇ ਕਮਿਸ਼ਨ ਨੇ ਸੁਖਬੀਰ ਸਿੰਘ ਬਾਦਲ ਅਤੇ ਵਿਜੇ ਸਾਂਪਲਾ ਨੂੰ ਇੱਕ ਪੱਤਰ ਭੇਜ ਕੇ ਕਿਹਾ ਕਿ ਜੇ ਉਨ੍ਹਾਂ ਕੋਲ ਅਜਿਹਾ ਕੋਈ ਸਬੂਤ ਹੈ, ਤਾਂ ਜਾਣਕਾਰੀ ਦੇਣ, ਜਿਸ ਨਾਲ ਕਿ ਉਨ੍ਹਾਂ ਦੇ ਬਿਆਨਾਂ ਨੂੰ ਸਾਬਤ ਕੀਤਾ ਜਾ ਸਕੇ। ਇਸ ਬਾਰੇ ਵਿਜੇ ਸਾਂਪਲਾ ਨੇ ਅੱਜ ਤੱਕ ਕੋਈ ਜਵਾਬ ਹੀ ਨਹੀਂ ਦਿੱਤਾ, ਜਦ ਕਿ ਸੁਖਬੀਰ ਬਾਦਲ ਨੇ ਜਵਾਬ ਦਿੰਦੇ ਹੋਏ ਕਮਿਸ਼ਨ ਉਤੇ ਹੀ ਪੱਖਪਾਤੀ ਹੋਣ ਦੇ ਇਲਜ਼ਾਮ ਲਾ ਦਿੱਤੇ।

ਕਮਿਸ਼ਨ ਨੇ ਲਿਖਿਆ ਕਿ ਸੁਖਬੀਰ ਬਾਦਲ ਦਾ ਜਵਾਬ ਮੁੱਦੇ ਤੋਂ ਭਟਕਾਉਣ ਵਾਲਾ ਸੀ, ਇਸ ਕਰਕੇ ਉਨ੍ਹਾਂ ਨੂੰ ਪੱਤਰ ਲਿਖ ਕੇ ਇੱਕ ਹੋਰ ਮੌਕਾ ਦਿੱਤਾ ਗਿਆ ਤਾਂ ਕਿ ਉਹ ਜੇ ਕੋਈ ਜ਼ਰੂਰੀ ਜਾਣਕਾਰੀ ਦੇ ਸਕਣ, ਜੋ ਕਿ ਉਨ੍ਹਾਂ ਵੱਲੋਂ ਕਹੀ ਗਈ ਰਾਸ਼ਟਰੀ ਸਾਜ਼ਿਸ਼ ਵਾਲੀ ਗੱਲ ਉਤੇ ਕੁਝ ਚਾਨਣਾ ਪਾ ਸਕਦੀ। ਕਮਿਸ਼ਨ ਨੇ ਪੱਤਰ ਲਿਖ ਕੇ ਸੁਖਬੀਰ ਬਾਦਲ ਨੂੰ ਕਿਹਾ ਕਿ ਤੁਹਾਡੇ ਵੱਲੋਂ ਭੇਜੇ ਗਏ ਪੱਤਰ ਨੂੰ ਪੜ੍ਹ ਕੇ ਅਜਿਹਾ ਲੱਗਦਾ ਹੈ ਕਿ ਤੁਹਾਨੂੰ ਕਿਸੇ ਰਾਸ਼ਟਰੀ ਸਾਜਿਸ਼ ਬਾਰੇ ਪਤਾ ਹੈ ਪਰ ਤੁਸੀਂ ਉਸ ਬਾਰੇ ਦੱਸ ਨਹੀਂ ਰਹੇ, ਦੇਸ਼ ਦੇ ਜ਼ਿੰਮੇਵਾਰ ਨਾਗਰਿਕ ਹੁੰਦੇ ਹੋਏ ਅਤੇ ਇੱਕ ਅਜਿਹੀ ਪਾਰਟੀ ਦੇ ਪ੍ਰਧਾਨ ਹੁੰਦੇ ਹੋਏ, ਜੋ ਕਿ ਪੰਥਕ ਏਜੰਡੇ ਦਾ ਪ੍ਰਚਾਰ ਕਰਨ ਦਾ ਦਾਅਵਾ ਕਰਦੀ ਹੈ, ਇਹ ਤੁਹਾਡਾ ਫਰਜ਼ ਹੀ ਨਹੀਂ ਸਗੋਂ ਜ਼ਿੰਮੇਵਾਰੀ ਹੈ ਕਿ ਤੁਸੀਂ ਕਿਸੇ ਅਜਿਹੀ ਵਿਦੇਸ਼ੀ ਸਾਜ਼ਿਸ਼ ਬਾਰੇ ਜਾਣਕਾਰੀ ਦਿਓ। ਇਸ ਕਰਕੇ ਜੇ ਤੁਹਾਡੇ ਕੋਲ ਕੋਈ ਜਾਣਕਾਰੀ ਹੈ ਤਾਂ ਕਮਿਸ਼ਨ ਨੂੰ ਸਾਰੀ ਗੱਲ ਦੱਸੋ। ਇਸ ਬਾਰੇ ਤੁਸੀਂ ਅਕਤੂਬਰ 2015 ਵਿੱਚ ਅਖ਼ਬਾਰਾਂ ਨੂੰ ਵੀ ਬਿਆਨ ਦਿੱਤਾ ਸੀ। ਤੁਸੀਂ ਉਸ ਸਮੇਂ ਦੌਰਾਨ ਰਾਜ ਦੇ ਗ੍ਰਹਿ ਮੰਤਰੀ ਵੀ ਸੀ ਅਤੇ ਇਸ ਕਰਕੇ ਤੁਹਾਡੀ ਜ਼ਿੰਮੇਵਾਰੀ ਸੀ ਕਿ ਤੁਸੀਂ ਕਿਸੇ ਵੀ ਅਜਿਹੀ ਜਾਣਕਾਰੀ ਦੇ ਮਿਲਣ 'ਤੇ ਕੋਈ ਕਾਰਵਾਈ ਕਰਦੇ। ਤੁਹਾਡੇ ਦੁਆਰਾ ਕਹੀ ਗਈ ਗੱਲ ਇਸ ਕਰਕੇ ਵੀ ਮਹੱਤਵਪੂਰਨ ਹੋ ਜਾਂਦੀ ਹੈ, ਕਿਉਂਕਿ ਹਾਲੇ ਤੱਕ ਕਮਿਸ਼ਨ ਸਾਹਮਣੇ ਅਜਿਹੀ ਕੋਈ ਗੱਲ ਹੀ ਨਹੀਂ ਆਈ ਕਿ ਬੇਅਦਬੀ ਦੀਆਂ ਘਟਨਾਵਾਂ ਵਿੱਚ ਕਿਸੇ ਵਿਦੇਸ਼ੀ ਤਾਕਤ ਦਾ ਹੱਥ ਹੈ।

ਪੰਨਾ 147 ਉੱਤੇ ਸੁਖਬੀਰ ਬਾਦਲ ਨੂੰ ਦਿਤੇ ਗਏ ਇੱਕ ਹੋਰ ਪੱਤਰ ਦਾ ਵੀ ਜ਼ਿਕਰ ਹੁੰਦਾ ਹੈ। ਇਸ ਵਿੱਚ ਕਮਿਸ਼ਨ ਲਿਖਦਾ ਹੈ ਕਿ ਹਾਲਾਂਕਿ ਕਮਿਸ਼ਨ ਵੱਲੋਂ ਲਿਖੇ ਗਏ ਪਹਿਲੇ ਪੱਤਰ ਦੇ ਜਵਾਬ ਵਿੱਚ ਤੁਸੀਂ ਕਮਿਸ਼ਨ ਬਾਰੇ ਗਲਤ ਬਿਆਨਬਾਜ਼ੀ ਕੀਤੀ ਹੈ ਪਰ ਫਿਰ ਵੀ ਤੁਹਾਡੀ ਬੇਮਤਲਬ ਦੀ ਬਿਆਨਬਾਜ਼ੀ ਵੱਲ ਧਿਆਨ ਨਾ ਦਿੰਦੇ ਹੋਏ ਕਮਿਸ਼ਨ ਤੁਹਾਨੂੰ ਇਕ ਹੋਰ ਮੌਕਾ ਦਿੰਦਾ ਹੈ ਕਿ ਤੁਸੀਂ ਜੋ ਵੀ ਜਾਣਕਾਰੀ ਤੁਹਾਡੇ ਕੋਲ ਹੈ, ਕਮਿਸ਼ਨ ਨੂੰ ਮੁਹੱਈਆ ਕਰਵਾਓ। ਤੁਹਾਨੂੰ ਇੱਕ ਹੋਰ ਮੌਕਾ ਦਿੱਤਾ ਜਾਂਦਾ ਹੈ ਕਿ ਤੁਸੀਂ 16 ਮਾਰਚ 2018 ਨੂੰ ਕਮਿਸ਼ਨ ਮੂਹਰੇ ਪੇਸ਼ ਹੋ ਕੇ ਇਸ ਬਾਰੇ ਜਾਣਕਾਰੀ ਮੁਹੱਈਆ ਕਰਵਾਓ। ਪੰਨਾ 147 'ਤੇ ਹੀ ਕਮਿਸ਼ਨ ਨੇ ਲਿਖਿਆ ਕਿ ਸੁਖਬੀਰ ਬਾਦਲ ਦਾ ਦੂਜਾ ਪੱਤਰ ਉਸ ਨੂੰ ੧੫ ਮਾਰਚ ੨੦੧੮ ਨੂੰ ਮਿਲਿਆ। ਇਸ ਪੱਤਰ ਵਿੱਚ ਵੀ ਸੁਖਬੀਰ ਬਾਦਲ ਨੇ ਕਮਿਸ਼ਨ ਉਤੇ ਹੀ ਇਲਜ਼ਾਮਬਾਜ਼ੀ ਕੀਤੀ। ਪੰਨਾ ਨੰਬਰ 149 'ਤੇ ਇਸ ਬਾਰੇ ਕਮਿਸ਼ਨ ਕਹਿੰਦਾ ਹੈ ਕਿ ਸ਼ਾਇਦ ਸੁਖਬੀਰ ਬਾਦਲ ਕੋਲ ਕੋਈ ਅਜਿਹੀ ਜਾਣਕਾਰੀ ਹੈ ਹੀ ਨਹੀਂ ਸੀ, ਜਿਸ ਵਿਚ ਵਿਦੇਸ਼ੀ ਤਾਕਤਾਂ ਦਾ ਹੱਥ ਬੇਅਦਬੀ ਦੀਆਂ ਘਟਨਾਵਾਂ ਅਤੇ ਗੋਲੀ ਕਾਂਡ ਵਿਚ ਸਾਬਤ ਹੁੰਦਾ ਹੋਵੇ। ਜਾਂ ਤਾਂ ਉਨ੍ਹਾਂ ਨੇ ਪੰਜਾਬ ਦੇ ਰਾਜਪਾਲ ਨੂੰ ਝੂਠਾ ਮੰਗ ਪੱਤਰ ਦਿੱਤਾ ਸੀ ਅਤੇ ਜਾਂ ਫਿਰ ਉਹ ਅਜਿਹੀ ਜਾਣਕਾਰੀ ਨੂੰ ਆਪਣੇ ਤੱਕ ਹੀ ਸੀਮਤ ਰੱਖਣੀ ਚਾਹੁੰਦੇ ਸਨ। ਅਜਿਹੇ ਵਿੱਚ ਉਨ੍ਹਾਂ ਖਿਲਾਫ ਆਈਪੀਸੀ ਦੇ ਸੈਕਸ਼ਨ 176 ਜਾਂ ਸੈਕਸ਼ਨ 177 ਤਹਿਤ ਕਾਰਵਾਈ ਵੀ ਕੀਤੀ ਜਾ ਸਕਦੀ ਹੈ।

ਪੰਨਾ 54 ਤੇ ਕਮਿਸ਼ਨ ਲਿਖਦਾ ਹੈ ਕਿ ਕੋਟਕਪੂਰਾ ਅਤੇ ਬਹਿਬਲ ਕਲਾਂ ਵਿਚ ਹੋਏ ਗੋਲੀ ਕਾਂਡ ਬਾਰੇ ਕਮਿਸ਼ਨ ਨੇ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਚਿੱਠੀ ਭੇਜ ਕੇ ਸੰਪਰਕ ਕੀਤਾ ਅਤੇ ਜਾਣਕਾਰੀ ਦੇਣ ਲਈ ਕਿਹਾ। ਇਸ ਬਾਰੇ ਪ੍ਰਕਾਸ਼ ਸਿੰਘ ਬਾਦਲ ਨੇ ਇਹ ਕਹਿੰਦੇ ਹੋਏ ਕੋਈ ਵੀ ਜਾਣਕਾਰੀ ਸਾਂਝੀ ਕਰਨ ਤੋਂ ਮਨ੍ਹਾ ਕਰ ਦਿੱਤਾ ਕਿ ਉਨ੍ਹਾਂ ਦੀ ਪਾਰਟੀ ਨੇ ਕਮਿਸ਼ਨ ਨੂੰ ਰੱਦ ਕਰ ਦਿੱਤਾ ਹੈ। ਉਨ੍ਹਾਂ ਦਾ ਇਹ ਜਵਾਬ ਕਮਿਸ਼ਨ ਵੱਲੋਂ ਜਾਣਕਾਰੀ ਨਾ ਦੇਣ ਲਈ ਇਕ ਬਹਾਨੇ ਵਜੋਂ ਮੰਨਿਆ ਜਾਂਦਾ ਹੈ। ਪੰਨਾ ਨੰਬਰ 151 ਅਤੇ 152 ਉੱਤੇ ਪ੍ਰਕਾਸ਼ ਸਿੰਘ ਬਾਦਲ ਦੇ ਮੁੱਖ ਮੰਤਰੀ ਰਹਿੰਦੇ ਹੋਏ ਸ਼ਾਂਤਮਈ ਤਰੀਕੇ ਨਾਲ ਧਰਨਾ ਦੇ ਰਹੇ ਸਿੱਖਾਂ ਖਿਲਾਫ ਕਾਰਵਾਈ ਦਾ ਜ਼ਿਕਰ ਹੈ। ਇਸ ਕਾਰਵਾਈ ਵਿੱਚ ਦੋ ਲੋਕਾਂ ਨੇ ਆਪਣੀ ਜਾਨ ਗਵਾਈ ਅਤੇ ਹੋਰ ਕਈ ਗੰਭੀਰ ਤਰੀਕੇ ਨਾਲ ਜ਼ਖਮੀ ਹੋਏ। ਕਮਿਸ਼ਨ ਨੇ ਟਿੱਪਣੀ ਕੀਤੀ ਕਿ ਹਰੇਕ ਨੂੰ ਆਪਣੇ ਗਲਤ ਕੰਮਾਂ ਅਤੇ ਗੈਰ ਕਾਨੂੰਨੀ ਕਾਰਵਾਈਆਂ ਵਾਸਤੇ ਹਿਸਾਬ ਦੇਣਾ ਪਏਗਾ। ਉਹ ਸਾਰੇ ਜੋ ਘਟਨਾਵਾਂ ਸਬੰਧੀ ਜਾਣਕਾਰੀ ਜਾਂ ਸਬੂਤ ਦੇ ਸਕਦੇ ਹਨ, ਕਾਨੂੰਨ ਦੁਆਰਾ ਅਜਿਹਾ ਕਰਨ ਲਈ ਪਾਬੰਦ ਹਨ। ਉਹ ਸਬੂਤ ਜਾਂ ਜਾਣਕਾਰੀ ਦੇਣ ਵਾਸਤੇ ਕਿਸੇ ਵੀ ਹਾਲਾਤ ਵਿਚ ਮਨ੍ਹਾ ਨਹੀਂ ਕਰ ਸਕਦੇ।

ਕਮਿਸ਼ਨ ਨੇ 14 ਅਕਤੂਬਰ 2015 ਨੂੰ ਹੋਏ ਕੋਟਕਪੂਰਾ ਅਤੇ ਬਹਿਬਲ ਕਲਾਂ ਗੋਲੀ ਕਾਂਡ ਤੋਂ ਇੱਕ ਰਾਤ ਪਹਿਲਾਂ ਦੀਆਂ ਘਟਨਾਵਾਂ ਨੂੰ ਵੀ ਨੋਟ ਕੀਤਾ ਹੈ। ਪੰਨਾ ਨੰਬਰ 152 ਉੱਤੇ ਉਹ ਲਿਖਦੇ ਹਨ ਕਿ ਕਮਿਸ਼ਨ ਕੋਲ ਹੁਣ ਤੱਕ ਪਹੁੰਚੇ ਸਬੂਤਾਂ ਮੁਤਾਬਕ ਫ਼ਰੀਦਕੋਟ ਦਾ ਜ਼ਿਲ੍ਹਾ ਪ੍ਰਸ਼ਾਸਨ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਸੰਪਰਕ ਵਿੱਚ ਸੀ। ਮੁੱਖ ਮੰਤਰੀ ਨੇ ਉਦੋਂ ਦੇ ਡੀਜੀਪੀ ਸੁਮੇਧ ਸੈਣੀ ਨੂੰ ਸਥਿਤੀ ਨਾਲ ਨਜਿੱਠਣ ਲਈ ਨਿਰਦੇਸ਼ ਵੀ ਦਿੱਤੇ ਸਨ । ਸਰੋਤਾਂ ਮੁਤਾਬਕ ਉਦੋਂ ਦੇ ਕੋਟਕਪੂਰਾ ਦੇ ਸ਼੍ਰੋਮਣੀ ਅਕਾਲੀ ਦਲ ਦੇ ਐਮਐਲਏ ਮਨਤਾਰ ਸਿੰਘ ਬਰਾੜ ਦੀ ਵੀ ਮੁੱਖ ਮੰਤਰੀ ਨਾਲ ਸਿੱਧੀ ਗੱਲ ਹੋਈ ਸੀ ਅਤੇ ਮਨਤਾਰ ਸਿੰਘ ਬਰਾੜ ਮੁੱਖ ਮੰਤਰੀ ਨਾਲ ਉਨ੍ਹਾਂ ਦੇ ਮੁੱਖ ਸਕੱਤਰ ਗਗਨਦੀਪ ਸਿੰਘ ਬਰਾੜ ਰਾਹੀਂ ਸੰਪਰਕ ਵਿੱਚ ਸਨ। ਗਗਨਦੀਪ ਬਰਾੜ ਨੇ ਡੀਸੀ ਫ਼ਰੀਦਕੋਟ ਨੂੰ 14 ਅਕਤੂਬਰ ਨੂੰ ਤੜਕੇ 01:51 ਮਿੰਟ ਤੋਂ ਸ਼ੁਰੂ ਹੋ ਕੇ ਦਿਨ ਚੜ੍ਹਦੇ ਤੱਕ ਘੱਟੋ ਘੱਟ ਚਾਰ ਵਾਰ ਫੋਨ ਰਾਹੀਂ ਸੁਨੇਹੇ ਭੇਜੇ। ਦਿਨ ਚੜ੍ਹਦੇ ਹੀ ਕੋਟਕਪੂਰਾ ਅਤੇ ਬਹਿਬਲ ਕਲਾਂ ਵਿੱਚ ਗੋਲੀਬਾਰੀ ਦੀ ਘਟਨਾ ਹੋ ਗਈ ਸੀ। ਵਿਧਾਇਕ ਮਨਤਾਰ ਸਿੰਘ ਬਰਾੜ ਅਤੇ ਗਗਨਦੀਪ ਬਰਾੜ ਦੀ ਵੀ ਆਪਸ ਵਿੱਚ 14 ਅਕਤੂਬਰ ਨੂੰ ਤੜਕੇ ਮੂੰਹ ਹਨੇਰੇ 2:28 ਵਜੇ ਤੋਂ ਸ਼ਾਮ ਨੂੰ 3:11 ਵਜੇ ਤੱਕ ਫੋਨ ਰਾਹੀਂ ਚਾਰ ਵਾਰ ਕੀਤੀ ਗਈ ਗੱਲਬਾਤ ਦਾ ਪਤਾ ਲੱਗਿਆ ਹੈ।

ਪੰਨਾ ਨੰਬਰ 150 ਉਤੇ ਹੀ ਦਰਜ ਹੈ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਇਸ ਸਾਰੀ ਟੈਲੀਫੋਨ ਗੱਲਬਾਤ ਦੇ ਸਬੂਤ ਵੀ ਭੇਜੇ ਗਏ ਸੀ। ਕਮਿਸ਼ਨ ਨੂੰ ਸਿੱਧਾ ਜਵਾਬ ਦੇਣ ਦੀ ਬਜਾਏ ਪ੍ਰਕਾਸ਼ ਸਿੰਘ ਬਾਦਲ ਨੇ ਪੱਤਰ ਭੇਜ ਕੇ ਕਮਿਸ਼ਨ ਨੂੰ ਪੁਰਾਣੇ ਸਮੇਂ 80ਵੇਂ ਤੇ 90ਵੇਂ ਦਹਾਕੇ ਦੌਰਾਨ ਪੰਜਾਬ ਵਿੱਚ ਕੀ ਹੋਇਆ, ਉਸ ਬਾਰੇ ਦੱਸਣਾ ਸ਼ੁਰੂ ਕਰ ਦਿੱਤਾ। ਕਮਿਸ਼ਨ ਲਿਖਦਾ ਹੈ ਕਿ ਪੰਜਾਬ ਦੇ ਇਤਿਹਾਸ ਵਿਚ ਕੀ ਹੋਇਆ, ਉਸ ਦਾ ਕਮਿਸ਼ਨ ਦੁਆਰਾ ਹੁਣ ਹੋਈਆਂ ਘਟਨਾਵਾਂ ਦੀ ਕੀਤੀ ਜਾ ਰਹੀ ਜਾਂਚ ਨਾਲ ਕੋਈ ਸਬੰਧ ਨਹੀਂ ਹੈ। ਪੰਨਾ ਨੰਬਰ 157 ਉੱਤੇ ਦਰਜ ਹੈ ਕਿ ਕਮਿਸ਼ਨ ਦੇ ਧਿਆਨ ਵਿੱਚ ਇਹ ਗੱਲ ਆਈ ਹੈ ਕਿ ਸੁਖਬੀਰ ਸਿੰਘ ਬਾਦਲ ਵਰਗੇ ਕੁਝ ਸਿਆਸੀ ਨੇਤਾ ਕਮਿਸ਼ਨ ਖ਼ਿਲਾਫ਼ ਗਲਤ ਭਾਸ਼ਾ ਵਰਤ ਰਹੇ ਹਨ। ਅਜਿਹੇ ਸਿਆਸੀ ਨੇਤਾਵਾਂ ਦੁਆਰਾ ਕੰਟਰੋਲ ਕੀਤਾ ਗਿਆ ਮੀਡੀਆ ਦਾ ਇੱਕ ਹਿੱਸਾ ਇਨ੍ਹਾਂ ਦਾ ਬੁਲਾਰਾ ਬਣ ਕੇ ਵਿਹਾਰ ਕਰ ਰਿਹਾ ਹੈ ਅਤੇ ਝੂਠੀ ਅਤੇ ਭੜਕਾਊ ਜਾਣਕਾਰੀ ਬਿਨਾਂ ਕਿਸੇ ਜ਼ਿੰਮੇਵਾਰੀ ਤੋਂ ਲੋਕਾਂ ਨੂੰ ਦੇ ਰਿਹਾ ਹੈ। ਘੱਟੋ-ਘੱਟ ਮੀਡੀਆ ਤੋਂ ਇਹ ਆਸ ਕੀਤੀ ਜਾ ਸਕਦੀ ਹੈ ਕਿ ਇਹ ਤਾਂ ਜ਼ਿੰਮੇਵਾਰੀ ਨਾਲ ਕੰਮ ਕਰੇ।

ਰਿਪੋਰਟ ਲੀਕ ਹੋਣ 'ਤੇ ਹੋਈ ਸਰਕਾਰ ਦੀ ਕਿਰਕਿਰੀ : ਪੰਜਾਬ ਵਿਚ ਅਕਾਲੀ-ਭਾਜਪਾ ਰਾਜ ਦੌਰਾਨ ਹੋਈਆਂ ਬੇਅਦਬੀ ਦੀਆਂ ਘਟਨਾਵਾਂ ਦੀ ਜਾਂਚ ਬਾਰੇ ਗਠਿਤ ਜਸਟਿਸ ਰਣਜੀਤ ਸਿੰਘ ਕਮਿਸ਼ਨ ਨੇ ਆਪਣੀ ਜਾਂਚ ਰਿਪੋਰਟ ਦਾ ਪਹਿਲਾ ਭਾਗ ਲੰਘੀ 30 ਜੂਨ, 2018 ਨੂੰ ਪੰਜਾਬ ਦੇ ਮੁੱਖ ਮੰਤਰੀ ਅਮਰਿੰਦਰ ਸਿੰਘ ਨੂੰ ਸੌਂਪ ਦਿੱਤਾ ਸੀ। ਮੁੱਖ ਮੰਤਰੀ ਨੇ ਇਹ ਰਿਪੋਰਟ ਆਗਾਮੀ ਪੰਜਾਬ ਵਿਧਾਨ ਸਭਾ ਸੈਸ਼ਨ ਵਿਚ ਰੱਖਣੀ ਪਰ ਉਸ ਤੋਂ ਪਹਿਲਾਂ ਹੀ ਇਹ ਰਿਪੋਰਟ ਸ਼ਰੇਆਮ ਹੋ ਗਈ ਹੈ। ਇਸ ਤਰ੍ਹਾਂ ਪੰਜਾਬ ਵਿੱਚ ਸ਼੍ਰੀ ਗੁਰੂ ਗਰੰਥ ਸਾਹਿਬ ਜੀ ਦੀ ਬੇਅਦਬੀ ਦੀਆਂ ਘਟਨਾਵਾਂ ਦੀ ਜਾਂਚ ਕਰਨ ਵਾਲੇ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਜਾਂਚ ਦਾ ਅਤਿ ਗੁਪਤ ਦੱਸਿਆ ਜਾਂਦਾ ਲੇਖਾ ਜਾਰੀ ਹੋਣ ਤੋਂ ਪਹਿਲਾਂ ਹੀ ਜਨਤਕ ਹੋ ਗਿਆ ਹੈ। ਜ਼ਿਕਰਯੋਗ ਹੈ ਕਿ ਬੀਤੇ ਕਈ ਦਿਨਾਂ ਤੋਂ ਇਸ ਰਿਪੋਰਟ ਦੇ ਵੱਖ-ਵੱਖ ਹਿੱਸਿਆਂ ਬਾਰੇ ਜਾਣਕਾਰੀ ਸੂਤਰਾਂ ਦੇ ਹਵਾਲੇ ਨਾਲ ਅਖਬਾਰਾਂ ਵਿਚ ਛਪ ਰਹੀ ਸੀ ਪਰ ਹੁਣ ਇਸ ਰਿਪੋਰਟ ਦੀ ਪੀਡੀਐਫ ਫਾਇਲ ਇੰਟਰਨੈਟ ਉਤੇ ਨਸ਼ਰ ਹੋ ਗਈ ਹੈ। ਭਾਵੇਂ ਕਿ ਅਖਬਾਰੀ ਖਬਰਾਂ ਨੇ ਜ਼ਾਹਰ ਕਰ ਦਿੱਤਾ ਸੀ ਕਿ ਜਸਟਿਸ ਰਣਜੀਤ ਸਿੰਘ ਦੀ ਜਾਂਚ ਵਿਚ ਇਹ ਗੱਲ ਸਾਹਮਣੇ ਆਈ ਹੈ ਕਿ ਬੇਅਦਬੀ ਘਟਨਾਵਾਂ ਪਿੱਛੇ ਡੇਰਾ ਸੌਦਾ ਸਿਰਸਾ ਦਾ ਹੱਥ ਹੈ ਪਰ ਪੰਜਾਬ ਸਰਕਾਰ ਨੇ ਇਸ ਬਾਰੇ ਪੂਰੀ ਤਰ੍ਹਾਂ ਚੁੱਪ ਧਾਰੀ ਹੋਈ ਹੈ।

ਮੁੱਖ ਮੰਤਰੀ ਵੱਲੋਂ ਬਹਿਬਲ ਕਲਾਂ ਵਿਚ ਪੰਜਾਬ ਪੁਲਿਸ ਵੱਲੋਂ ਸਿੱਖ ਸੰਗਤਾਂ 'ਤੇ ਗੋਲੀਆਂ ਚਲਾ ਕੇ ਦੋ ਸਿੱਖਾਂ ਨੂੰ ਸ਼ਹੀਦ ਕਰਨ ਦੇ ਮਾਮਲੇ ਵਿਚ ਦੋਸ਼ੀ ਪੁਲਿਸ ਵਾਲਿਆਂ ਖਿਲਾਫ ਸਿੱਧੀ ਕਾਰਵਾਈ ਕਰਨ ਦੀ ਬਜਾਏ ਇਸ ਮਾਮਲੇ ਦੀ ਜਾਂਚ ਸੀਬੀਆਈ ਨੂੰ ਸੌਂਪਣ ਕਾਰਨ ਵੀ ਸਰਕਾਰ ਨੂੰ ਕੜੀ ਅਲੋਚਨਾ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਜਸਟਿਸ ਰਣਜੀਤ ਸਿੰਘ ਨੇ ਦੱਸਿਆ ਹੈ ਕਿ ਉਨ੍ਹਾਂ 192 ਸਫ਼ਿਆਂ ਦੀ ਇਹ ਰਿਪੋਰਟ ਖ਼ੁਦ ਨਿੱਜੀ ਤੌਰ 'ਤੇ ਟਾਈਪ ਕਰਵਾਈ ਹੈ, ਕਿਉਂਕਿ ਉਨ੍ਹਾਂ ਨੂੰ ਸਰਕਾਰੀ ਅਧਿਕਾਰੀਆਂ 'ਤੇ ਯਕੀਨ ਨਹੀਂ ਸੀ ਪਰ ਹੁਣ ਇਹ ਸਾਰੀ ਰਿਪੋਰਟ ਮੀਡੀਆ ਅਤੇ ਆਮ ਲੋਕਾਂ ਦੇ ਹੱਥਾਂ ਵਿਚ ਪਹੁੰਚ ਚੁੱਕੀ ਹੈ।

ਰਿਪੋਰਟ ਲੀਕ ਹੋਣ ਦੇ ਮਾਮਲੇ 'ਤੇ ਸਰਕਾਰ ਬੁਰੀ ਤਰ੍ਹਾਂ ਘਿਰ ਰਹੀ ਹੈ। ਇਸ ਰਿਪੋਰਟ 'ਤੇ ਅਕਾਲੀਆਂ ਨੇ ਕਾਫੀ ਸਵਾਲ ਚੁੱਕੇ ਹਨ। ਬੇਹੱਦ ਗੁਪਤ ਰਿਪੋਰਟ ਦਾ ਲੀਕ ਹੋਣਾ ਕੈਪਟਨ ਸਰਕਾਰ ਲਈ ਕਾਫੀ ਮੁਸ਼ਕਲਾਂ ਖੜ੍ਹੀਆਂ ਕਰ ਸਕਦਾ ਹੈ।

## Classified

· Dish Network—pays $16 per 60-second call. · Spectrum Charter—pays $8 per 60-second call.

· 90 Day Meds—pays $18 per 120-second call.

· A Place for Mom--$16 per 45-second call.

· DirecTV—pays $16 per 60-second call. If you're interested in these ads, you may request them here: https://form.jotform.com/jgreiner/classifieds, If you have questions or need assistance, please contact me at 860.379.9602.


# ਬੱਬੂ ਮਾਨ ਦਾ ਵਾਸ਼ਿੰਗਟਨ ਸਟੇਟ 'ਚ 'ਟੂਰ ਵਣਜਾਰਾ' ਸ਼ੋਅ 25 ਅਗਸਤ ਨੂੰ

**ਵਾਸ਼ਿੰਗਟਨ/ਬਿਊਰੋ ਨਿਊਜ਼ :** ਸਮੇਂ-ਸਮੇਂ ਉਤੇ ਪੰਜਾਬ ਦੇ ਦਰਦ ਨੂੰ ਆਪਣੇ ਗੀਤਾਂ ਰਾਹੀਂ ਬਿਆਨ ਕਰਨ ਵਾਲੇ ਉੱਘੇ ਗਾਇਕ ਅਤੇ ਪੰਜਾਬੀ ਫਿਲਮਾਂ ਦੇ ਅਦਾਕਾਰ ਬੱਬੂ ਮਾਨ ਦਾ ਸ਼ੋਅ "ਟੂਰ ਵਣਜਾਰਾ-2018" , 2415 ਕੌਲਵੀ ਏਵ, ਐਵਰਸਟ ਵਾਸ਼ਿੰਗਟਨ ਸਟੇਟ ਵਿਚ 25 ਅਗਸਤ ਨੂੰ ਕਰਵਾਇਆ ਜਾ ਰਿਹਾ ਹੈ। ਇਹ ਇਕ ਪਰਿਵਾਰਿਕ ਸ਼ੋਅ ਹੋਵੇਗਾ, ਇਸ ਕਰਕੇ ਪ੍ਰਬੰਧਕਾਂ ਵੱਲੋਂ ਦੋਵੇਂ ਪੰਜਾਬਾਂ ਦੇ ਇਥੇ ਰਹਿੰਦੇ ਲੋਕਾਂ ਨੂੰ ਪਰਿਵਾਰ ਸਮੇਤ ਸ਼ੋਅ ਦੇਖਣ ਲਈ ਆਉਣ ਦੀ ਅਪੀਲ ਕੀਤੀ ਗਈ ਹੈ।



ਇਸ ਬਾਰੇ ਜਾਣਕਾਰੀ ਦਿੰਦਿਆਂ ਰਾਜਿੰਦਰ ਸਿੰਘ ਰਾਜਾ ਮੁੰਡੀਆਂ ਅਤੇ ਰਾਜਦੀਪ ਸ਼ਾਹੀ ਨੇ ਦੱਸਿਆ ਕਿ ਇਸ ਸ਼ੋਅ ਨੂੰ ਸ਼ਾਹੀ ਵਰਲਡ ਟੂਰ ਐਂਡ ਟਰੈਵਲ ਵਲੋਂ ਸਪਾਂਸਰ ਕੀਤਾ ਜਾ ਰਿਹਾ ਹੈ। ਸ਼ੋਅ ਦੀਆਂ ਟਿਕਟਾਂ ਸੁਲੇਖਾ ਡਾਟ ਕਾਮ 'ਤੇ ਆਨਲਾਈਨ ਖਰੀਦੀਆਂ ਜਾ ਸਕਦੀਆਂ ਹਨ। ਸ਼ਾਹੀ ਟੂਰ ਐਂਡ ਟਰੈਵਲ ਅਤੇ ਕੇ.ਕੇ. ਮਾਰਕੀਟ ਕੈਂਟ ਉਤੇ ਵੀ ਟਿਕਟਾਂ ਮਿਲ ਰਹੀਆਂ ਹਨ। ਇਸ ਸ਼ੋਅ ਬਾਰੇ ਹੋਰ ਜਾਣਕਾਰੀ ਲਈ ਜੇਟੀ ਮੁੰਡੀ ਦੇ 413- 961-0001 ਅਤੇ ਅਮਰ ਤੂਰ ਦੇ 780-887-0246 ਫੋਨ ਤੋਂ ਲਈ ਜਾ ਸਕਦੀ ਹੈ।

# ਸਿਆਟਲ ਵਿਚ ਬੱਚਿਆਂ ਦੇ ਖੇਡ ਕੈਂਪ ਦੀ ਸਮਾਪਤੀ ਸਮਾਰੋਹ ਮੌਕੇ ਜੇਤੂਆਂ ਨੂੰ ਇਨਾਮ ਵੰਡੇ

**ਸਿਆਟਲ /ਗੁਰਚਰਨ ਸਿੰਘ ਢਿੱਲੋਂ**, ਇਥੇ ਗਰਮੀਆਂ ਦੀਆਂ ਛੁੱਟੀਆਂ ਦੌਰਾਨ ਦੋ ਮਹੀਨੇ ਦੇ ਖੇਡ ਕੈਂਪ ਸਮਾਰੋਹ ਦੌਰਾਨ ਬੱਚਿਆਂ ਦੇ ਖੇਡ ਮੁਕਾਬਲਿਆਂ ਦੇ ਜੇਤੂਆਂ ਨੂੰ ਇਨਾਮ ਦੇ ਕੇ ਹੌਂਸਲਾ ਅਫ਼ਜ਼ਾਈ ਕੀਤੀ ਗਈ। ਇਸ ਸਮਾਗਮ ਵਿਚ ਰੇਡੀਓ ਪੰਜਾਬ ਦੇ ਮਾਲਕ ਸੁਖਦੇਵ ਸਿੰਘ ਢਿੱਲੋਂ ਨੂੰ ਮੁੱਖ ਮਹਿਮਾਨ ਦੇ ਤੌਰ 'ਤੇ ਪਹੁੰਚਣ ਉਤੇ ਪੰਜਾਬੀ ਭਾਈਚਾਰੇ ਵਲੋਂ ਨਿੱਘਾ ਸੁਆਗਤ ਕੀਤਾ ਗਿਆ। ਨੌਵੇਂ ਚਿਲਡਰਨ ਸਮਰ ਸਪੋਰਟਸ ਕੈਂਪ 2018 ਨੂੰ ਰਾਜਬੀਰ ਸਿੰਘ ਸੰਧੂ ਤੇ ਜਸਪਾਲ ਸਿੰਘ ਜੈਗ ਬੱਸਰਾ ਨੇ ਸਪਾਂਸਰ ਕੀਤਾ ਅਤੇ ਬਾਬਾ ਬੁੱਢਾ ਸੰਸਥਾ ਦੇ ਪ੍ਰਧਾਨ ਸਤਵਿੰਦਰ ਸਿੰਘ ਸੰਧੂ ਨੇ ਬੱਚਿਆਂ ਨੂੰ ਖੇਡ ਕਿੱਟਾਂ ਸਪਾਂਸਰ ਕੀਤੀਆਂ।






ਇਸ ਕੈਂਪ ਦੌਰਾਨ ਪਿੰਟੂ ਬਾਠ, ਹਰਦੀਪ ਸਿੰਘ ਗਿੱਲ, ਮਨਮੋਹਨ ਸਿੰਘ ਧਾਲੀਵਾਲ, ਪਰਮਿੰਦਰ ਸਿੰਘ ਭੱਟੀ, ਮਲਕੀਅਤ ਸਿੰਘ ਲੱਕੀ ਤੇ ਚਰਨਜੀਤ ਸਿੰਘ ਧਾਲੀਵਾਲ, ਧਰਮ ਸਿੰਘ ਮੈਰੀਪੁਰ, ਘੋਲੀਆ ਭਰਾਵਾਂ, ਜੈਮ ਵਿਰਕ ਅਤੇ ਬਲਜੀਤ ਸੋਹਲ, ਸੰਤੋਖ ਸਿੰਘ ਅਟਵਾਲ, ਸੰਨੀ ਰਾਜ, ਪਰਦੀਪ ਕੁਮਾਰ, ਸ਼ਿਕਾਗੋ ਪੀਜ਼ਾ ਦੇ ਮਾਲਕ ਸੁਰਜੀਤ ਸਿੰਘ ਸਮਰਾ, ਹਰਪ੍ਰੀਤ ਸਿੰਘ ਹੈਪੀ, ਪਰਮਬੀਰ ਹੁੰਦਲ ਅਤੇ ਜਸਵਿੰਦਰ ਸਿੰਘ ਸਰਾਂ, ਸਿਆਟਲ ਦੇ ਨੌਜਵਾਨਾਂ ਨੇ ਮਿਲ ਕੇ ਰਿਫਰੈਸ਼ਮੈਂਟ ਦੀ ਸੇਵਾ ਨਿਭਾਈ। ਖੇਡ ਕੈਂਪ ਦੌਰਾਨ ਹਰਦੀਪ ਸਿੰਘ ਚੌਹਾਨ, ਸਿਕੰਦਰ ਸਿੰਘ, ਗੁਰਦੇਵ ਸਿੰਘ ਸਮਰਾ, ਤੇਜਬੀਰ ਸਿੰਘ ਬਾਜਵਾ, ਰਵਿੰਦਰ ਕੁਮਾਰ ਰਿਸ਼ੀ, ਨਿਰਮਲ ਸਹੋਤਾ, ਹਰਪਾਲ ਸਿੰਘ ਘੁੰਮਣ (ਲਾਡੀ), ਗੁਰਦੀਪ ਸਿੰਘ ਸਿੱਧੂ ਤੇ ਖਹਿਰਾ, ਸੋਨੂੰ ਤੇ ਹੈਪੀ ਨੇ ਵਲੰਟੀਅਰ ਤੌਰ 'ਤੇ ਸੇਵਾ ਨਿਭਾਈ ਤੇ ਬੱਚਿਆਂ ਨੂੰ ਸਿਖਲਾਈ ਦਿੱਤੀ। ਫੁਲਕਾਰੀ ਤੀਆਂ ਦੇ ਮੇਲੇ ਦੀਆਂ ਮੁੱਖ ਪ੍ਰਬੰਧਕ ਰਾਜਪ੍ਰੀਤ ਕੌਰ ਮੱਲ੍ਹੀ ਤੇ ਗੁਰਦੀਪ ਕੌਰ (ਸਿੰਮੀ) ਦਾ ਸਨਮਾਨ ਕੀਤਾ ਗਿਆ। ਗੁਰਪ੍ਰੀਤ ਸਿੰਘ ਧੰਜੂ ਅਤੇ ਸੁਖਪ੍ਰੀਤ ਮੱਲ੍ਹੀ ਪੱਖੋਂ ਦਾ ਵੀ ਧੰਨਵਾਦ ਕੀਤਾ ਗਿਆ। ਇਸ ਤਰ੍ਹਾਂ ਸਿਆਟਲ ਦਾ ਖੇਡ ਕੈਂਪ ਬਹੁਤ ਹੀ ਕਾਮਯਾਬ ਰਿਹਾ, ਜਿੱਥੇ 2 ਮਹੀਨੇ ਸਰੀਰਕ ਫਿਟਨੈਸ ਤੇ ਵੱਖ ਵੱਖ ਖੇਡਾਂ ਵਿਚ ਕੋਚਿੰਗ ਮੁਹੱਈਆ ਕੀਤੀ ਗਈ। ਪੰਜਾਬੀ ਭਾਈਚਾਰੇ ਦੀ ਮਾਣਮੱਤੀ ਸ਼ਖਸੀਅਤ ਨੇ ਉਚੇਚੇ ਤੌਰ 'ਤੇ ਪਹੁੰਚ ਕੇ ਬੱਚਿਆਂ ਦੀ ਹੌਂਸਲਾ ਅਫ਼ਜਾਈ ਕੀਤੀ ਤੇ ਖੇਡ ਕੈਂਪ ਦੇ ਪ੍ਰਬੰਧਕਾਂ ਦੀ ਸ਼ਲਾਘਾ ਕੀਤੀ।

## ਅਕਾਲੀ ਆਗੂ ਮਨਜੀਤ ਜੀਕੇ ਦਾ ਅਮਰੀਕਾ 'ਚ ਤਿੱਖਾ ਵਿਰੋਧ

ਹੈਰਾਨੀ ਹੈ ਕਿ ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਹੋਈ, ਸਿਰਸੇ ਵਾਲੇ ਸਾਧੜੇ ਦੇ ਚੇਲਿਆਂ ਨੇ ਪੋਸਟਰ ਤਕ ਲਾ ਦਿੱਤੇ, ਪਰ ਪੁਲਿਸ ਨੇ ਵਿਰੋਧ ਕਰ ਰਹੀਆਂ ਸਿੱਖ ਸੰਗਤਾਂ 'ਤੇ ਗੋਲ਼ੀਆਂ ਚਲਾ ਦਿੱਤੀਆਂ ਤੇ ਦੋ ਸਿੰਘ ਸ਼ਹੀਦ ਹੋ ਗਏ। ਬਾਦਲ ਸਰਕਾਰ ਨੇ ਉਸ ਵੇਲੇ ਅਣਪਛਾਤੀ ਪੁਲੀਸ ਉਤੇ ਪਰਚਾ ਦਰਜ ਕਰਕੇ ਆਮ ਲੋਕਾਂ ਨੂੰ ਸੋਚਣ ਲਈ ਮਜਬੂਰ ਕਰ ਦਿੱਤਾ ਕਿ ਕਦੇ ਪੁਲੀਸ ਵੀ ਅਣਪਛਾਤੀ ਹੋ ਸਕਦੀ ਹੈ? ਉਨਾਂ ਕਿਹਾ ਕਿ ਇਸ ਤੋਂ ਪਹਿਲਾਂ ਬਾਦਲ ਦਲ ਨੇ ਜ਼ੋਰਾ ਸਿੰਘ ਕਮਿਸ਼ਨ ਦੀ ਰਿਪੋਰਟ ਵੀ ਦਬਾ ਲਈ ਸੀ ਪਰ ਹੁਣ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਆਈ ਰਿਪੋਰਟ ਨੇ ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ ਕਰਕੇ ਰੱਖ ਦਿੱਤਾ ਤੇ ਸਪਸ਼ਟ ਹੋ ਗਿਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਪਿੱਛੇ ਬਾਦਲ ਦਲ ਦਾ ਹੀ ਹੱਥ ਸੀ। ਉਨਾਂ ਕਿਹਾ ਕਿ ਦੋਸ਼ੀ ਬਾਦਲ-ਦਲੀਆਂ ਨੂੰ ਹੁਣ ਵਿਦੇਸ਼ਾਂ ਦੀ ਸਿੱਖ ਸੰਗਤ ਮੂੰਹ ਨਹੀਂ ਲਾਵੇਗੀ। ਉਹ ਜਦੋਂ ਵੀ ਵਿਦੇਸ਼ਾਂ ਵਿਚ ਆਉਂਦੇ ਹਨ ਇੱਥੇ ਵੀ ਸਿੱਖਾਂ ਨੂੰ ਦੁਫਾੜ ਕਰ ਜਾਂਦੇ ਹਨ ਅਤੇ ਅਨੇਕਾਂ ਰੁਪਏ ਇਕੱਠੇ ਕਰਕੇ ਲੈ ਜਾਂਦੇ ਹਨ ਤੇ ਫਿਰ ਸਿੱਖ ਸੰਗਤਾਂ ਨੂੰ ਗੁੰਮਰਾਹ ਕਰਦੇ ਹਨ। ਉਨਾਂ ਕਿਹਾ ਕਿ ਭਾਰਤੀ ਸਿਆਸਤਦਾਨਾਂ ਨੇ ਜੀਕੇ. ਨੂੰ ਆਪਣੇ ਏਜੰਡੇ ਦਾ ਪ੍ਰਚਾਰ ਕਰਨ ਲਈ ਗੁਰਦੁਆਰਾ ਸਾਹਿਬਾਨਾਂ ਦੀ ਵਰਤੋਂ ਕਰਨ ਲਈ ਭੇਜਿਆ ਹੈ ਜਿਸ ਦੀ ਇਜਾਜ਼ਤ ਬਿਲਕੁਲ ਨਹੀਂ ਦਿੱਤੀ ਜਾਵੇਗੀ।

ਇਸ ਵੇਲੇ ਸੁਰਜੀਤ ਸਿੰਘ ਕਲਾਰ ਸ਼੍ਰੋਮਣੀ ਅਕਾਲੀ ਦਲ (ਅ) , ਬਲਾਕਾ ਸਿੰਘ ਸਿੱਖ ਯੂਥ ਆਫ਼ ਅਮਰੀਕਾ, ਰਾਣਾ ਸਿੰਘ ਸਿੱਖਜ਼ ਫਾਰ ਜਸਟਿਸ, ਬਲਜਿੰਦਰ ਸਿੰਘ ਅਤੇ ਦੋਆਬਾ ਸਿੱਖ ਐਸੋਸੀਏਸ਼ਨ ਦੇ ਆਗੂਆਂ ਨੇ ਵੀ ਵਿਰੋਧ ਵਿਚ ਅਹਿਮ ਰੋਲ ਨਿਭਾਇਆ ਅਤੇ ਐਲਾਨ ਕੀਤਾ ਬਾਦਲ ਦਲ ਤੇ ਆਰਐਸਐਸ ਦੇ ਕਾਰਕੁੰਨਾਂ ਦਾ, ਜਿੱਥੇ ਵੀ ਉਹ ਜਾਣਗੇ, ਅਸੀਂ ਇਸ ਤੋਂ ਵੀ ਵੱਧ ਵਿਰੋਧ ਕਰਾਂਗੇ।

## ਸਿੱਧੂ ਤੇ ਪਾਕਿ ਫੌਜ ਮੁਖੀ ਦੀ ਜੱਫੀ ਤੋਂ ਭੜਕਿਆ ਭਗਵਾਂ ਮੀਡੀਆ

ਪ੍ਰਧਾਨ ਸ਼ਵੇਤ ਮਲਿਕ ਨੇ ਕਿਹਾ, 'ਸਾਨੂੰ ਉਮੀਦ ਹੈ ਕਿ ਪੰਜਾਬ ਦੇ ਸੀਐੱਮ ਸਿੱਧੂ ਖ਼ਿਲਾਫ਼ ਸਖ਼ਤ ਐਕਸ਼ਨ ਲੈਣਗੇ।"

ਫਗਵਾੜਾ ਦੇ ਵਿਧਾਇਕ ਸੋਮ ਪ੍ਰਕਾਸ਼ ਨੇ ਕਿਹਾ ਕਿ ਉਹ ਇਸ ਮੁੱਦੇ ਨੂੰ ਪੰਜਾਬ ਵਿਧਾਨ ਸਭਾ ਦੇ ਆਉਂਦੇ ਸੈਸ਼ਨ ਵਿੱਚ ਚੁੱਕਣਗੇ। ਪੰਜਾਬੀਆਂ ਵਲੋਂ ਸਿੱਧੂ ਦੀ ਸ਼ੋਸ਼ਲ ਮੀਡੀਆ 'ਤੇ ਹੋ ਰਹੀ ਪ੍ਰਸ਼ੰਸਾ ਤੋਂ ਦੁਖੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ, "ਹਰ ਰੋਜ਼ ਸਾਡੇ ਜਵਾਨ ਸਰਹੱਦ 'ਤੇ ਸ਼ਹੀਦ ਹੋ ਰਹੇ ਹਨ। ਉਨ੍ਹਾਂ ਦੇ ਫੌਜ ਮੁਖੀ ਨੂੰ ਜੱਫੀ ਪਾਉਣ ਦੇ ਮੈਂ ਖ਼ਿਲਾਫ਼ ਹਾਂ। ਸਿੱਧੂ ਵੱਲੋਂ ਪਾਕਿਸਤਾਨ ਦੇ ਫੌਜ ਮੁਖੀ ਪ੍ਰਤੀ ਇੰਨਾ ਪਿਆਰ ਦਿਖਾਉਣਾ ਗ਼ਲਤ ਹੈ।"

ਕਾਂਗਰਸ ਦੇ ਪੰਜਾਬ ਪ੍ਰਧਾਨ ਸੁਨੀਲ ਜਾਖੜ ਨੇ ਸਿੱਧੂ ਦਾ ਪੱਖ ਲਿਆ ਹੈ। ਜਾਖੜ ਨੇ ਕਿਹਾ ਕਿ ਬੀਜੇਪੀ ਨੂੰ ਸਿੱਧੂ ਜਿਸ ਜ਼ਜਬੇ ਨਾਲ ਪਾਕਿਸਤਾਨ ਗਏ ਉਸਦੀ ਤਾਰੀਫ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਭਾਜਪਾ ਨੂੰ ਇਹ ਗੱਲ ਵੀ ਯਾਦ ਰੱਖਣੀ ਚਾਹੀਦੀ ਹੈ ਕਿ ਮੌਜੂਦਾ ਪ੍ਰਧਾਨ ਮੰਤਰੀ ਮੋਦੀ ਬਿਨ੍ਹਾਂ ਸੱਦੇ ਦੇ ਪਾਕਿ ਵਿਖੇ ਨਵਾਜ਼ ਸ਼ਰੀਫ ਦੀ ਜਨਮ ਦਿਨ ਪਾਰਟੀ ਵਿਚ ਸ਼ਾਮਲ ਹੋਣ ਚਲੇ ਗਏ ਸਨ। ਪਰ ਮੋਦੀ ਦਾ 56 ਇੰਚ ਵਾਲਾ ਸੀਨਾ ਭਾਰਤ-ਪਾਕਿ ਦੇ ਮੁੱਦੇ ਹੱਲ ਨਹੀਂ ਕਰ ਸਕਿਆ।

ਇਸ ਦੌਰਾਨ ਆਗਰਾ ਦੇ ਬਜਰੰਗ ਦਲ ਜ਼ਿਲਾ ਪ੍ਰਧਾਨ ਸੰਜੈ ਜਾਟ ਨੇ ਸਿੱਧੂ ਤੇ ਉਨ੍ਹਾਂ ਨਾਲ ਗਲੇ ਮਿਲਣ ਵਾਲੇ ਪਾਕਿਸਤਾਨੀ ਕਰਨਲ ਦਾ ਸਿਰ ਕੱਟ ਕੇ ਲਿਆਉਣ ਵਾਲੇ 5 ਲੱਖ ਦਾ ਇਨਾਮ ਦੇਣ ਦਾ ਐਲਾਨ ਕੀਤਾ ਹੈ। ਇਸ ਮਾਮਲੇ ਨੂੰ ਲੈ ਕੇ ਦੇਸ਼ ਦੇ ਕੋਨੇ-ਕੋਨੇ ਵਿਚ ਭਗਵੇਂ ਸੰਗਠਨ ਦੇ ਵਰਕਰ ਸਿੱਧੂ ਦੇ ਪੁਤਲੇ ਸਾੜ ਕੇ ਵਿਰੋਧ ਕਰ ਰਹੇ ਹਨ।

## ਅਮਰਿੰਦਰ ਤੇ ਆਰੂਸਾ ਬਾਰੇ ਚੁੱਪ ਕਿਉਂ ?

ਗਏ ਤਾਂ ਆਰੂਸਾ ਆਲਮ ਲੈ ਕੇ ਆ ਗਏ ਪਰ ਨਵਜੋਤ ਸਿੱਧੂ ਪਾਕਿਸਤਾਨ ਗਏ ਤਾਂ ਉਹ ਕਰਤਾਰਪੁਰ ਸਾਹਿਬ ਦਾ ਕਾਰੀਡਾਰ ਮੰਗ ਕੇ ਆਏ ਹਨ, ਜਿਸ ਦੀ ਅੱਜ ਤੱਕ ਕਿਸੇ ਮੁੱਖ ਮੰਤਰੀ ਤੇ ਕਿਸੇ ਨੇਤਾ ਨੇ ਜ਼ੁਰੱਤ ਨਹੀਂ ਕੀਤੀ ਸੀ। ਉਨ੍ਹਾਂ ਕਿਹਾ ਕਿ ਇਸ ਵਾਰ ਅਸੀਂ ਸ੍ਰੀ ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਪੁਰਬ ਮਨਾ ਰਹੇ ਹਾਂ ਤੇ ਇਹ ਬੜੀ ਖੁਸ਼ੀ ਦੀ ਗੱਲ ਹੈ ਕਿ ਕਾਰੀਡਾਰ ਕਿਸੇ ਨੇਤਾ ਨੇ ਪਾਕਿਸਤਾਨ ਕੋਲੋਂ ਮੰਗ ਲਿਆ ਹੈ। ਸਿਮਰਜੀਤ ਬੈਂਸ ਨੇ ਕਿਹਾ ਕਿ ਨਵਜੋਤ ਸਿੰਘ ਸਿੱਧੂ ਨਿਜੀ ਦੌਰੇ 'ਤੇ ਪਾਕਿਸਤਾਨ ਗਏ ਸੀ ਤੇ ਉਨ੍ਹਾਂ ਨੇ ਫੌਜ ਦੇ ਖਿਲਾਫ ਕੋਈ ਗੱਲ ਨਹੀਂ ਕੀਤੀ ਅਤੇ ਉਨ੍ਹਾਂ ਦੇ ਖਿਲਾਫ ਸਿਰਫ ਗੱਲਾਂ ਹੀ ਬਣਾਈਆਂ ਜਾ ਰਹੀਆਂ ਹਨ।

## ਦਰਿਆਵਾਂ ਵਰਗੇ ਦਿਲਾਂ ਦੇ ਮਾਲਕ ਹੁੰਦੇ ਨੇ ਟਰੱਕ ਡਰਾਈਵਰ

ਜਿੰਨੀ ਦੇਰ ਇਹ ਰੁਕਣ ਸਬ ਮੀਟਰਾਂ ਦੇ ਯੂਨਿਟਾਂ ਦੇ ਹਿਸਾਬ ਦੇ ਨਾਲ ਪੱਖਿਆਂ (ਬਿਜਲੀ) ਦਾ ਖਰਚਾ ਲਿਆ ਜਾਵੇ ਤਾਂ ਜੋ ਇਹ ਆਪਣੇ ਆਪ ਨੂੰ ਅਤੇ ਆਪਣੇ ਸਾਧਨਾਂ ਨੂੰ ਸੁਰੱਖਿਅਤ ਸਮਝ ਆਰਾਮ ਕਰ ਸਕਣ ਤਾਂ ਜੋ ਐਕਸੀਡੈਂਟਾਂ ਦੀ ਦਰ ਘਟ ਸਕੇ। ਇਹਨਾਂ ਲਈ ਸਰਕਾਰ ਇੱਕ ਹੈਲਪਲਾਈਨ ਨੰਬਰ ਦੇਵੇ ਤਾਂ ਜੋ ਇਹ ਲੋਕ ਕਿਸੇ ਬਿਪਤਾ ਸਮੇਂ ਸਲਾਹ ਜਾਂ ਮਦਦ ਲੈ ਸਕਣ। ਜੇਕਰ ਸਮਾਜ ਸੇਵੀ ਸੰਸਥਾਵਾਂ ਅਤੇ ਸਰਕਾਰਾਂ ਇਹਨਾਂ ਵੱਲ ਏਨਾ ਕੁ ਧਿਆਨ ਦੇਣ ਤਾਂ ਇਹਨਾਂ ਨੂੰ ਕਾਫੀ ਖੁਸ਼ੀ ਹੋਵੇਗੀ। ਅਸੀਂ ਇਸ ਵਰਗ ਨਾਲ ਚੰਗਾ ਵਿਵਹਾਰ ਕਰਕੇ ਸਮਾਜ ਨੂੰ ਵਿਕਾਸਸ਼ੀਲ ਬਣਾ ਸਕਦੇ ਹਾਂ। ਕਿਉਂਕਿ ਮਹਿੰਗਾਈ ਵਧਣ ਦੇ ਨਾਲ ਡੀਜ਼ਲ ਦੇ ਭਾਅ ਅਤੇ ਟੈਕਸ ਵਧਦੇ ਰਹਿੰਦੇ ਹਨ ਪਰ ਇਹਨਾਂ ਦਾ ਸ.ਫ਼ਰ ਕਦੇ ਨਹੀਂ ਘਟਦਾ। ਜੇ ਦੇਖਿਆ ਅਤੇ ਵਿਚਾਰਿਆ ਜਾਵੇ ਤਾਂ ਇਹ ਸਾਡੇ ਸਮਾਜ ਦਾ ਬਹੁਤ ਹੀ ਜ਼ਿੰਮੇਵਾਰ ਹਿੱਸਾ ਹੈ ਜੋ ਆਪਣੀਆਂ ਲੋੜਾਂ ਨੂੰ ਸੰਕੋਚਦੇ ਹੋਏ ਜਿਊਂਦਾ ਹੈ। ਦੋ ਘੰਟੇ ਦਾ ਸ.ਫ਼ਰ ਸਾਨੂੰ ਥਕਾ ਦਿੰਦਾ ਹੈ ਪਰ ਇਹ ਲੋਕ ਹਮੇਸ਼ਾ ਸ.ਫ਼ਰ ਵਿੱਚ ਰਹਿੰਦੇ ਹਨ। ਸਾਨੂੰ ਇਹਨਾਂ ਦੀਆਂ ਲੋੜਾਂ ਤੇ ਮਜਬੂਰੀਆਂ ਦੇ ਹੱਲ ਕੱਢਣੇ ਚਾਹੀਦੇ ਹਨ। ਜੇ ਇਹ ਲੋਕ ਚਾਹੁਣ ਤਾਂ ਦੋ ਦਿਨ ਹੜਤਾਲ ਕਰਕੇ ਆਪਣੀਆਂ ਮੰਗਾਂ ਮੰਨਵਾ ਸਕਦੇ ਹਨ। ਤੇ ਸਾਨੂੰ ਪਤਾ ਹੈ ਇਹਨਾਂ ਦੀ ਦੋ ਦਿਨਾਂ ਦੀ ਹੜਤਾਲ ਨਾਲ ਦੇਸ਼ ਵਿੱਚ ਹਾਹਾਕਾਰ ਮਚ ਸਕਦੀ ਹੈ। ਵਪਾਰਕ ਦੁਨੀਆਂ ਦਾ ਧੁਰਾ ਹਨ ਇਹ ਲੋਕ ਅਤੇ ਅਸਲ ਸ਼ਾਂਤੀ ਦੇ ਪ੍ਰਤੀਕ।

ਵਪਾਰੀ ਵਰਗ ਨੂੰ ਵੀ ਇਹਨਾਂ ਨਾਲ ਚੰਗਾ ਵਿਵਹਾਰ ਕਰਕੇ ਇਹਨਾਂ ਦੇ ਹੌਸਲੇ ਵਧਾਉਣੇ ਚਾਹੀਦੇ ਹਨ। ਮੈ ਤਾਂ ਹਮੇਸ਼ਾ ਇਹਨਾਂ ਨੂੰ ਦਰਿਆਵਾਂ ਵਰਗੇ ਦਿਲਾਂ ਦੇ ਮਾਲਕ ਕਹਿਣਾ ਪਸੰਦ ਕਰਦੀ ਹਾਂ ਕਿਉਂਕਿ ਅਸੀਂ ਭਾਵੇਂ ਇਹਨਾਂ ਨੂੰ ਇੱਕ ਵੀ ਮੁਸਕਰਾਹਟ ਨਾ ਦੇਈਏ, ਇਹ ਲੋਕ ਫਿਰ ਵੀ ਹਮੇਸ਼ਾ ਮੁਸਕਰਾਉਂਦੇ ਨਜ਼ਰ ਆਉਂਦੇ ਹਨ। ਅਸੀਂ ਇਹਨਾਂ ਨਾਲ ਕਿੰਨਾ ਵੀ ਬੁਰਾ ਵਰਤੀਏ, ਫਿਰ ਵੀ ਇਹ ਸਾਗਰਾਂ ਵਾਂਗ ਸਾਡੇ ਔਗੁਣਾਂ ਨੂੰ ਛੁਪਾ ਲੈਂਦੇ ਹਨ ਤੇ ਦਰਿਆਵਾਂ ਵਾਂਗ ਚੱਲਦੇ ਰਹਿੰਦੇ ਹਨ

## ਆਰਐਸਐਸ ਦਾ ਚਿਹਰਾ ਸੀ ਵਾਜਪਾਈ

ਦਿਲੀ ਸਿਖ ਕਤਲੇਆਮ ਬਾਰੇ ਵਾਜਪਾਈ ਕਾਂਗਰਸ ਵਾਂਗ ਡਰਾਮੇ ਕਰਦੀ ਰਹੀ। ਵਾਜਪਾਈ ਦੇ ਰਾਜ ਦੌਰਾਨ ਦੋਸੀ ਸੱਜਣ ਕੁਮਾਰ, ਜਗਦੀਸ਼ ਟਾਈਟਲਰ, ਐਚ ਐਲ ਭਗਤ ਕਦੇ ਜੇਲ੍ਹ ਅੰਦਰ ਤੇ ਫਿਰ ਤੁਰੰਤ ਜ਼ਮਾਨਤ 'ਤੇ ਬਾਹਰ। ਇਹ ਕਿਹੜਾ ਇਨਸਾਫ਼ ਹੋਇਆ? ਇਹ ਮਨੂਵਾਦੀ ਸਿਸਟਮ ਵਾਲੀ ਖੇਡ, ਇਨਸਾਫ ਨਾਲ ਮਖੌਲ ਹੁਣ ਵੀ ਜਾਰੀ ਹੈ। ਤੁਹਾਨੂੰ ਯਾਦ ਕਰਾ ਦੇਈਏ ਦਰਬਾਰ ਸਾਹਿਬ ਤੇ ਫੌਜੀ ਹਮਲੇ 84 ਬਾਅਦ ਭਾਜਪਾ ਦੇ ਦੋ ਪ੍ਰਮੁੱਖ ਨੇਤਾਵਾਂ ਵਾਜਪਾਈ ਤੇ ਅਡਵਾਨੀ ਨੇ ਇਸ ਕਾਰਵਾਈ ਨੂੰ ਬਿਲਕੁਲ ਜਾਇਜ਼ ਕਿਹਾ ਸੀ ਤੇ ਇੰਦਰਾ ਨੂੰ ਦੁਰਗਾ ਦੇਵੀ ਦਾ ਖਿਤਾਬ ਦਿੱਤਾ। ਵਾਜਪਾਈ ਸਰਕਾਰ ਦੌਰਾਨ ਅਮਰੀਕਾ ਦੇ ਰਾਸ਼ਟਰਪਤੀ ਕਲਿੰਟਨ ਜਦੋਂ ਭਾਰਤ ਦੀ ਫੇਰੀ ਤੇ 20 ਮਾਰਚ 2000 ਵਿੱਚ ਆਉਂਦੇ ਹਨ ਚਿਟੀ ਸਿੰਘਪੁਰਾ (ਕਸ਼ਮੀਰ) ਵਿਖੇ 35 ਸਿੱਖਾਂ ਨੂੰ ਗੋਲੀਆਂ ਮਾਰ ਕੇ ਹਲਾਕ ਕਰ ਦਿੱਤਾ ਗਿਆ ਸੀ। ਸਿੱਖਾਂ ਨੂੰ ਗੋਲੀਆਂ ਮਾਰਨ ਵਾਲੇ ਭਾਰਤੀ ਫੌਜ ਦੀ ਵਰਦੀ ਵਿੱਚ ਸਨ। ਭਾਰਤ ਨੇ ਘਟਨਾ ਲਈ ਪਾਕਿਸਤਾਨ ਆਧਾਰਿਤ ਦਹਿਸ਼ਤਗਰਦਾਂ ਨੂੰ ਜ਼ਿੰਮੇਵਾਰ ਕਰਾਰ ਦਿੱਤਾ ਸੀ ਪਰ ਬੁਲਾਰਿਆਂ ਮੁਤਾਬਕ ਇਸ ਸਬੰਧੀ ਸ਼ੱਕ ਦੀ ਉਂਗਲ 'ਭਾਰਤੀ ਦਸਤਿਆਂ' ਜਾਂ 'ਭਗਵੀਆਂ ਤਾਕਤਾਂ' ਵੱਲ ਵੀ ਉਠਦੀ ਹੈ। ਬਾਅਦ ਵਿੱਚ ਸੁਰੱਖਿਆ ਦਸਤਿਆਂ ਨੇ ਪੰਜ ਕਸ਼ਮੀਰੀਆਂ ਨੂੰ ਇਸ ਘਟਨਾ ਲਈ ਜ਼ਿੰਮੇਵਾਰ ਵਿਦੇਸ਼ੀ ਦਹਿਸ਼ਤਗਰਦ ਦੱਸ ਕੇ ਪੱਥਰੀਬਲ ਇਲਾਕੇ ਵਿੱਚ ਕਥਿਤ ਝੂਠੇ ਪੁਲੀਸ ਮੁਕਾਬਲੇ ਵਿੱਚ ਮਾਰ ਦਿੱਤਾ ਸੀ। ਫਿਰ ਇਸ ਮੁਕਾਬਲੇ ਖ਼ਿਲਾਫ਼ ਮੁਜ਼ਾਹਰਾ ਕਰ ਰਹੇ ਕਸ਼ਮੀਰੀਆਂ ਉਤੇ ਸੁਰੱਖਿਆ ਦਸਤਿਆਂ ਵੱਲੋਂ ਗੋਲੀ ਚਲਾਏ ਜਾਣ ਕਾਰਨ ਬਾਰਕਪੋਰਾ ਇਲਾਕੇ ਵਿੱਚ ਨੌਂ ਹੋਰ ਵਿਅਕਤੀ ਮਾਰੇ ਗਏ ਸਨ। ਜਦੋਂ ਮੈਂ ਪ੍ਰੈਸ ਕਾਨਫਰੰਸ ਦੋਰਾਨ ਉਸ ਸਮੇਂ ਮੁਖ ਮੰਤਰੀ ਬਾਦਲ ਕੋਲੋਂ ਪ੍ਰੈਸ ਕਾਨਫਰੰਸ ਦੌਰਾਨ ਪੁਛਿਆ ਤਾਂ ਬਾਦਲ ਸਾਬ ਖਿਝ ਗਏ ਕਿ ਕੀ ਕਰੀਏ ਕਾਕਾ ਜੀ ਅਸੀਂ ਬਥੇਰਾ ਕਿਹਾ ਸਾਡੀ ਕੋਣ ਸੁਣਦਾ ਹੈ। ਵਾਜਪਾਈ ਨੇ ਅਜ਼ਾਦੀ ਸੰਘਰਸ਼ ਦੌਰਾਨ ਵੀ ਅਟਲ ਬਿਹਾਰੀ ਵਾਜਪਾਈ ਨੇ ਦੇਸ਼ ਨਾਲ ਬਹੁਤ ਵੱਡੀ ਗ਼ਦਾਰੀ ਕੀਤੀ। ਇਸ ਸਮੇਂ ਵਾਜਪਾਈ 16 ਸਾਲਾਂ ਦੇ ਸਨ। 27 ਅਗਸਤ 1942 ਦੇ ਕਰੀਬ ਆਗਰੇ ਦੇ ਨੇੜੇ ਇਕ ਪਿੰਡ ਬਾਟੇਸ਼ਵਰ ਵਿਚ ਕੁਝ ਅਜ਼ਾਦੀ ਘੁਲਾਟੀਆਂ ਨੇ ਲੋਕਾਂ ਨੂੰ ਅੰਗਰੇਜ਼ ਹਕੂਮਤ ਵਿਰੁਧ ਬਗਾਵਤ ਕਰਨ ਲਈ ਉਕਸਾਇਆ। 1 ਸਤੰਬਰ 1942 ਨੂੰ ਵਾਜਪਾਈ ਇਸ ਘਟਨਾ ਦਾ ਸਰਕਾਰੀ ਗਵਾਹ ਬਣ ਗਿਆ ਤੇ ਆਗਰੇ ਦੀ ਅਦਾਲਤ ਵਿਚ ਸੈਸ਼ਨ ਜੱਜ ਮਿਸਟਰ ਹੁਸੈਨ ਦੇ ਸਾਹਮਣੇ ਬਿਆਨ ਰਿਕਾਰਡ ਕਰਵਾ ਕੇ ਅਜ਼ਾਦੀ ਘੁਲਾਟੀਆਂ ਖਿਲਾ.ਫ਼ ਗਵਾਹੀ ਦਿੱਤੀ ਅਤੇ ਇਸ ਦੇ ਬਿਆਨਾਂ ਉਪਰ ਕੁਝ ਅਜ਼ਾਦੀ ਘੁਲਾਟੀਆਂ ਨੂੰ ਸਜ਼ਾ ਹੋਈ। ਵਾਜਪਾਈ ਨੇ ਸਭ ਆਪਣੇ ਭਰਾ ਨੂੰ ਬਚਾਉਣ ਲਈ ਕੀਤਾ। ਹਿੰਦੂ ਰਾਸ਼ਟਰਵਾਦੀ ਇਸ ਗਦਾਰੀ ਦੇ ਬਾਵਜੂਦ ਵਾਜਪਾਈ ਨੂੰ ਦੇਸ ਭਗਤ ਦਸਦੇ ਹਨ। ਇਥੋਂ ਤੱਕ ਵਾਜਪਾਈ ਨੇ ਆਪ ਸਵੀਕਾਰ ਕੀਤਾ ਹੈ ਕਿ ਉਨ੍ਹਾਂ ਨੇ ਅਜ਼ਾਦੀ ਦੀ ਲੜਾਈ ਵਿਚ ਭਾਗ ਨਹੀਂ ਲਿਆ। ਇਹ ਇੰਟਰਵਿਊ ਅੰਗਰੇਜ਼ੀ ਦੇ ਪ੍ਰਸਿੱਧ ਮੈਗਜ਼ੀਨ 'ਫਰੰਟ ਲਾਈਨ' ਵਿਚ 1998 ਦੌਰਾਨ ਛਪੀ ਸੀ। ਵਾਜਪਾਈ ਨੇ ਸਵੀਕਾਰ ਕੀਤਾ ਕਿ 27 ਅਗਸਤ 1942 ਨੂੰ ਆਗਰੇ ਵਿਚ ਆਪਣੇ ਬਟੇਸ਼ਵਰ ਵਿਚ ਇਕ ਕ੍ਰਾਂਤੀਕਾਰੀਆਂ ਦੇ ਪ੍ਰਦਰਸ਼ਨ ਦੌਰਾਨ ਉਹ ਇਕ ਦਰਸ਼ਕ ਦੀ ਭੂਮਿਕਾ ਵਿਚ ਸਨ।

## ਕੌਣ ਸਨ ਵਾਜਪਾਈ : ਭਾਰਤ ਦੇ ਹਾਲ ਹੀ 'ਚ ਫੌਤ ਹੋਏ ਸਾਬਕਾ ਪ੍ਰਧਾਨ ਮੰਤਰੀ ਦੀ ਜਨਮ ਪੱਤਰੀ

ਹੋ ਗਈ। ਇਸ ਨੂੰ ਵਿਸਥਾਰ ਨਾਲ ਪਹਿਲੇ ਪੰਨੇ ਉਤੇ ਛਾਪਿਆ ਇੰਡੀਅਨ ਐਕਸਪ੍ਰੈੱਸ ਨੇ। ਜਿਸ ਨੂੰ ਪੜ੍ਹ ਕੇ ਪਾਠਕਾਂ ਨੂੰ ਪਤਾ ਲੱਗਾ ਕਿ ਉਹ ਅਟਲ ਜੀ ਦੇ ਜੀਵਨ ਦੀ ਡੋਰ ਸੀ। ਪੱਤਰਕਾਰ ਕੁਲਦੀਪ ਨਈਅਰ ਨੇ ਟੈਲੀਗ੍ਰਾਫ ਵਿਚ ਲਿਖਿਆ- ਸੰਕੋਚੀ ਮਿਸਿਜ਼ ਕੌਲ ਅਟਲ ਦੀ ਸਭ ਕੁਝ ਸੀ। ਜਿਸ ਤਰ੍ਹਾਂ ਉਨ੍ਹਾਂ ਨੇ ਉਸ ਦੀ ਸੇਵਾ ਕੀਤੀ. ਇਹ ਸ਼ਾਇਦ ਕੋਈ ਕਰ ਸਕੇ। ਉਹ ਹਮੇਸ਼ਾ ਉਨ੍ਹਾਂ ਦੇ ਨਾਲ ਰਹੀ। ਜਦੋਂ ਤੱਕ ਉਨ੍ਹਾਂ ਦੀ ਦਿਲ ਦਾ ਦੌਰਾ ਪੈਣ ਕਾਰਨ ਮੌਤ ਨਾ ਹੋ ਗਈ। ਦੱਖਣੀ ਭਾਰਤ ਦੇ ਪੱਤਰਕਾਰ ਗਿਰੀਸ਼ ਨੇ ਇਕ ਇੰਟਰਵਿਊ ਵਿਚ ਅਟਲ ਤੇ ਕੌਲ ਨੂੰ ਲੈ ਕੇ ਆਪਣੇ ਤਜਰਬੇ ਸਾਂਝੇ ਕੀਤੇ। ਉਨ੍ਹਾਂ ਦਾ ਕਹਿਣਾ ਹੈ ਕਿ ਜਦੋਂ ਉਹ ਵਾਜਪਾਈ ਦੇ ਨਿਵਾਸ ਉਤੇ ਫੋਨ ਕਰਦੇ ਸਨ ਤਾਂ ਫੋਨ ਮਿਸਿਜ਼ ਕੌਲ ਉਠਾਉਂਦੇ ਸਨ। ਇਕ ਵਾਰ ਜਦੋਂ ਉਨ੍ਹਾਂ ਦੀ ਗੱਲ ਹੋਈ ਤਾਂ ਉਨ੍ਹਾਂ ਨੇ ਆਪਣੇ ਬਾਰੇ ਕੁਝ ਇੰਜ ਜਾਣ ਪਛਾਣ ਕਰਵਾਈ-ਮੈਂ ਮਿਸਿਜ਼ ਕੌਲ, ਰਾਜਕੁਮਾਰੀ ਕੌਲ ਹਾਂ, ਵਾਜਪਾਈ ਤੇ ਮੈਂ ਲੰਮੇ ਸਮੇਂ ਤੋਂ ਦੋਸਤ ਹਾਂ। 40 ਤੋਂ ਵੱਧ ਸਾਲਾਂ ਤੋਂ। ਉਨ੍ਹਾਂ ਦੱਸਿਆ ਕਿ ਕਿਸ ਤਰ੍ਹਾਂ ਸਾਲਾਂ ਤੋਂ ਵਾਜਪਾਈ ਉਨ੍ਹਾਂ ਤੇ ਉਨ੍ਹਾਂ ਦੇ ਪਤੀ ਪ੍ਰੋਫੈਸਰ ਕੌਲ ਨਾਲ ਰਹਿੰਦੇ ਆਏ ਹਨ।


Sir Speedy Tustin
Printers to the Community
SUBWAY eat fresh.
OPEN 24 HOURS
DRY CLEANER
LIQUOR
PIZZA
Outdoor 3'x11' Promo Flag
Only $29/-
Pole & Spike $55/-
GURU NANAK SIKH TEMPLE
FAIRFIELD
Visit Our Website:
www.FairfieldGurudwara.com
Outdoor 3'x6' Durable Banner
All weather, durable to sunlight, rain and wear & tear. Text only.
Only $69/-
ਬਾਲਟੀਮੋਰ ਸਿੱਖ ਸੁਸਾਇਟੀ
Baltimore Sikh Society Inc.
Receipt Books
Customized with your information and design. 2 part carbonless with numbering and perforation.
Call for Price
Love
Cartier
Retractable 33"x 80" Banner
Includes stand and carry bag. Hi-res imaging, durable and Brilliant colors!
Only $225/-
ELEVEN
OPEN 24 HOURS
OPEN HOUSE!
Welcome
Century 21
Call Toll Free: 855 360-HOME
All Weather 18"x24" Yard Signs
Includes H-stakes. Single sided, durable to sunlight and rain. Reusable!
$49/- for 4
ਲੱਖ ਲੱਖ ਵਧਾਈ
11" Printed Balloons
Printed with your logo and info. One color, one location. Min. qty 1000
19¢ each
YOUR LOGO OR MESSAGE PRINTED HERE
White T-Shirts, 1 color screen printing in 1 position. Min Qty. 100
Your Printed T-Shirts
Only $4.99
YOUR LOGO HERE
1 color in 1 position. Min Qty. 100
Your Printed Caps
Only $4.99
DAILY TRIP ENVELOPE
Trip Envelopes Qty 1000
Only $199/-
What we can do for you today?
• Printing & Copying
• Creative Services
• Mailing Services
• Mailing List Aquisition
• Signs Posters & Banners
• Promotional Producst
• Website design and development
1045 East Main Street, Tustin, CA 92780
Call 562-881-7430
Fax: 714-731-8931
E-mail: sirspeedy_tustin@yahoo.com
www.sirspeedy.com/tustin
Jagjit Singh Bains
CUSTOMIZED SWEET BOXES
Thank You
South Asian Wedding Cards
CALL NOW

# RESIDENTIAL, COMMERCIAL AND SOLAR FARMS

**with Sunpreme High Performance Bifacial Smart Panels**

## ਆਪਣੇ ਘਰ ਅਤੇ ਕਾਰੋਬਾਰ ਤੇ ਸੋਲਰ ਸਿਸਟਮ ਲਗਾਉਣ ਲਈ ਸਤਨਾਮ ਸਿੰਘ ਖਾਲਸਾ ਨਾਲ ਅੱਜ ਹੀ ਸੰਪਰਕ ਕਰੋ




## ਬਿਜਲੀ ਦੇ ਬਿਲ ਤੋਂ ਹਮੇਸ਼ਾਂ ਲਈ ਛੁਟਕਾਰਾ

**Satnam Singh Khalsa 510.706.1300**

info@singhsolar.com

SUNPREME Premium Bifacial Thin Film Solar






Raja SWEETS & CATERING
AUTHORIZED CATERER FOR MAJOR 5-STAR HOTELS
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Follow us on:
Toll Free 1-866-FOR-RAJA
www.rajasweets.com
msbains@rajasweets.com

Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets

**Raja Sweets & Indian Cuisine**
31853 Alvarado Blvd. Union City CA 94587
Ph. (510) 489-9100 Fax (510) 489-9111

**Raja Indian Cuisine & Bar**
1275 W Winton Ave. Hayward CA 94545
Ph. (510) 264-9300 Fax (510) 264-9345

**Call Makhan Bains or Ravinder Singh For Your Next Party**

**1-866-FOR-RAJA (367-7252)**
**www.RajaSweets.com**

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders




ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜ਼ਾਮ ਹੈ।

# Paradise Ballrooms

4100 Peralta Blvd. Fremont, CA 94536

**(510) 900-6319**

info@paradiseballrooms.com www.paradiseballrooms.com

## Services Include

- Catering
- Silverware
- Chinaware
- Decorated Hall
- Linen
- Several Bar Options
- Security
- Wait Staff
- Full Setup Including table cloth, napkins, chairs etc.


SHER® ROTI
SOFT
SO SOFT
SHER
DURUM ATTA
DESI
STYLE
20 lb
9.07 kg
SHER ATTA GHAR LAAO
WWW.SHERBRARMILLS.COM